
ਸਿਰਜਣਾ
ਅਪਰੈਲ-ਜੂਨ 2024
212
50 ਰੁਪਏ

# ਸਿਰਜਣਾ

**212**

ਅਪਰੈਲ-ਜੂਨ 2024



**ਸੰਪਾਦਕ : ਰਘਬੀਰ ਸਿੰਘ**
**Editor : Raghbir Singh**

1728, ਸੈਕਟਰ 43-ਬੀ,
ਚੰਡੀਗੜ੍ਹ-160 043
ਫੋਨ : +91-172-2601693

***SIRJANA***
*1728, Sector 43-B,*
*Chandigarh-160 043*
*INDIA*
*Phone : +91-172-2601693*
*E-mail :*
*raghbirssirjana@yahoo.com*



**Sirjana is approved by DPI Punjab for all Schools, Colleges and Social Education Centres vide letter No. 2/6-66B (EP) dated 26-9-1966**

Account Name
**SIRJANA**
Account Number:
**Current Account**
**00321100082130**
Bank-Branch
**Punjab & Sind Bank**
**17-C, Chandigarh**
IFSC Code:
**PSIB 0000032**


## ਇਸ ਅੰਕ ਵਿਚ


ਸੰਪਾਦਕੀ/ਪੰਜਾਬੀ ਨਾਲ ਮੋਹ ਅਤੇ ਇਸ ਦਾ ਵਿਕਾਸ ਵਿਸਤਾਰ/1

ਆਦੇਸ਼ ਅੰਕੁਸ਼/ਸੱਤ ਗ਼ਜ਼ਲਾਂ/3

ਮਨਦੀਪ ਔਲਖ: ਦੋ ਕਵਿਤਾਵਾਂ/7

ਮਲਵਿੰਦਰ/ਤਿੰਨ ਕਵਿਤਾਵਾਂ/10

ਰਮਨਦੀਪ ਵਿਰਕ/ਕਹਾਣੀ/ਚਲੋ ਛੱਡੋ/13

ਸਿਮਰਨ ਧਾਲੀਵਾਲ/ਕਹਾਣੀ/ਫਲੈਟ ਨੰਬਰ 13/19

ਸੁਖਪਾਲ ਸਿੰਘ ਥਿੰਦ/ਕਹਾਣੀ/ਦੇਸੀ ਡਰੀਮਜ਼/30

ਜੋਗੇ ਭੰਗਲ/ਕਹਾਣੀ/ਰਿਸ਼ਤੇ ਇੰਝ ਮਰਦੇ ਹਨ/46

ਮਿਛਿਲ ਗੁੱਡ/ਨਾਵਲ ਅੰਸ਼/ਹਾਊਈ: ਰੈਜ਼ੀਡੈਂਸ਼ੀਅਲ ਸਕੂਲ ਦੀ ਗਾਥਾ/52

ਬਲਬੀਰ ਪਰਵਾਨਾ/ਸ਼ਬਦ-ਚਿੱਤਰ/ਫਿਲਮਾਂ ਵਾਲਾ ਅਮਰੀਕ ਗਿੱਲ/69

ਧਨਵੰਤ ਕੌਰ/ਲੇਖ/ਨਾਰੀਵਾਦੀ ਸਿਧਾਂਤ ਅਤੇ ਲਹਿਰਾਂ/77

ਗੁਲਜ਼ਾਰ ਸਿੰਘ ਸੰਧੂ/ਰਿਵਿਊ/ਪੁਲ਼ ਤੇ ਪਾਣੀ/84

ਜੇ.ਬੀ. ਸੇਖੋਂ/ਰਿਵਿਊ/ਖ਼ੁਸ਼ਬੂ ਜਾਤ ਨਾ ਜਾਣਦੀ/86

ਪਰਗਟ ਸਿੰਘ ਬਰਾੜ/ਰਿਵਿਊ/ਮੋਰ ਪੈਲ਼ ਕਿਉਂ ਨਹੀਂ ਪਾਉਂਦੇ/88

ਜਸਬੀਰ/ਰਿਵਿਊ/ਸਮੁੰਦਰ ਨੂੰ ਪੁੱਛੇ ਨਦੀ/91


ਟਾਈਟਲ ਚਿੱਤਰ : ਦੇਵ


**ਚੰਦਾ-ਦਸ ਅੰਕ : ਦੇਸ : 500 ਰੁਪਏ, ਪੰਜ ਸਾਲ : 1000 ਰੁਪਏ**
**ਵਿਦੇਸ਼-ਹਵਾਈ ਡਾਕ ਰਾਹੀਂ : ਪੰਜ ਸਾਲ : 100 ਅਮਰੀਕਨ ਡਾਲਰ**

*ਸੰਪਾਦਕੀ*

# *ਪੰਜਾਬੀ ਨਾਲ ਮੋਹ ਅਤੇ ਇਸ ਦਾ ਵਿਕਾਸ ਵਿਸਤਾਰ*

*ਆਜ਼ਾਦੀ ਅਤੇ ਬਟਵਾਰੇ ਤੋਂ ਛੇਤੀ ਮਗਰੋਂ ਪੰਜਾਹਵਿਆਂ ਵਿਚ ਭਾਰਤ ਵਿਚਲੇ ਚੜ੍ਹਦੇ ਪੰਜਾਬ ਦੇ ਸੂਬੇ ਵਿਚ ਪੰਜਾਬੀ ਨੂੰ ਰਾਜ ਭਾਸ਼ਾ ਬਣਾਉਣ ਅਤੇ ਸਿੱਖਿਆ ਸਮੇਤ ਸਭਨਾਂ ਸਰਕਾਰੀ ਗ਼ੈਰ ਸਰਕਾਰੀ ਖੇਤਰਾਂ ਵਿਚ ਹਰ ਪੱਧਰ ਉੱਤੇ ਇਸਦੀ ਵਰਤੋਂ ਕਰਨ ਦੀ ਮੰਗ ਉਭਰ ਆਈ ਸੀ। ਅਕਾਦਮਿਕ ਤੇ ਸਭਿਆਚਾਰਕ ਪੱਖ ਤੋਂ ਯਕੀਨਨ ਇਹ ਬਹੁਤ ਵਾਜਬ ਮੰਗ ਸੀ। ਪਰ ਬਦਕਿਸਮਤੀ ਨਾਲ ਪੰਜਾਬ ਵਿਚ ਜ਼ੁਬਾਨ ਦਾ ਮਸਲਾ ਬਹੁਤ ਪਹਿਲਾਂ ਤੋਂ ਫਿਰਕੂ ਰੰਗ ਅਖਤਿਆਰ ਕਰ ਚੁੱਕਿਆ ਸੀ, ਜਿਸ ਅਨੁਸਾਰ ਪੰਜਾਬੀ ਸਮੂਹ ਪੰਜਾਬੀਆਂ ਦੀ ਜ਼ੁਬਾਨ ਹੋਣ ਦੀ ਬਜਾਏ ਸਿਰਫ ਇਕ ਫਿਰਕੇ ਦੀ ਬੋਲੀ ਹੀ ਗਰਦਾਨ ਦਿੱਤੀ ਜਾਂਦੀ ਸੀ। ਅਗਾਂਹ ਇਸ ਉੱਤੇ ਸਿਆਸੀ ਰੰਗਣ ਅਜਿਹੀ ਚੜ੍ਹੀ ਕਿ ਇਹ ਮੰਗ ਇਕ ਵੱਡੇ ਸਿਆਸੀ ਅੰਦੋਲਨ ਦਾ ਨਾਅਰਾ ਬਣ ਗਈ। ਦੂਜੇ ਬੰਨੇ ਜਦੋਂ ਬਾਕੀ ਸਾਰੇ ਦੇਸ਼ ਵਿਚ ਭਾਸ਼ਾ ਦੇ ਆਧਾਰ 'ਤੇ ਸੂਬਿਆਂ ਦੀ ਨਵੇਂ ਸਿਰਿਉਂ ਹੱਦਬੰਦੀ ਹੋਈ ਤਾਂ ਸਿਆਸੀ ਕਾਰਨਾਂ ਕਰਕੇ ਹੀ ਪੰਜਾਬ ਨੂੰ ਇਸ ਤੋਂ ਵੱਖ ਰੱਖਿਆ ਗਿਆ। ਪੰਜਾਬੀ ਲਈ ਇਹ ਮੰਗ ਮੁੱਢਲੇ ਤੌਰ 'ਤੇ ਸੈਕੂਲਰ ਜਮਹੂਰੀ ਤੇ ਅਗਾਂਹਵਧੂ ਧਿਰਾਂ ਵੱਲੋਂ ਉਠਾਈ ਗਈ ਸੀ ਪਰ ਇਸ ਮੰਗ ਦੇ ਨਾਂ 'ਤੇ ਚੱਲੇ ਸਿਆਸੀ ਮੋਰਚੇ ਵਿਚ ਕਿਤੇ ਨਾ ਕਿਤੇ ਸਿਆਸਤ ਤੇ ਫਿਰਕੂ ਸੋਚ ਦਾ ਵੀ ਦਖਲ ਹੋ ਗਿਆ ਜਦਕਿ ਇਸਦੇ ਵਿਰੋਧ ਦਾ ਆਧਾਰ ਵੀ ਸਿਆਸੀ ਤੇ ਫਿਰਕੂ ਸੀ। ਇਹ ਸਿਲਸਿਲਾ 1966 ਤਕ ਚੱਲਦਾ ਰਿਹਾ ਜਦੋਂ ਤਕ ਭਾਰਤ ਸਰਕਾਰ ਨੂੰ ਦੇਸ਼ ਦੇ ਦੂਜੇ ਸੂਬਿਆਂ ਵਾਂਗ ਪੰਜਾਬ ਦੀ ਵੀ ਨਵੇਂ ਸਿਰਿਉਂ ਹੱਦਬੰਦੀ ਕਰਨ ਲਈ ਮਜਬੂਰ ਨਾ ਹੋਣਾ ਪਿਆ। ਪਰ ਇਸ ਮੰਗ ਦੀ ਪ੍ਰਵਾਨਗੀ ਦਾ ਅਮਲ ਫੇਰ ਵੀ ਸਿਆਸੀ ਤੇ ਫਿਰਕੂ ਸਰੋਕਾਰਾਂ ਤੋਂ ਮੁਕਤ ਨਾ ਰਹਿ ਸਕਿਆ। ਸਿੱਟੇ ਵਜੋਂ ਉਦੋਂ ਦੇ ਪੰਜਾਬ ਨੂੰ ਤਿੰਨ ਸੂਬਿਆਂ ਵਿਚ ਵੰਡ ਦਿੱਤਾ ਗਿਆ ਅਤੇ ਮੂਲ ਪੰਜਾਬ ਇਕ ਛੋਟਾ ਜਿਹਾ ਸੂਬਾ ਬਣ ਕੇ ਰਹਿ ਗਿਆ। ਗੁਆਂਢੀ ਰਾਜਸਥਾਨ ਵਿਚਲੇ ਪੰਜਾਬੀ ਬੋਲਦੇ ਇਲਾਕਿਆਂ ਨੂੰ ਤਾਂ ਛੁਹਿਆ ਨਾ ਗਿਆ ਪਰ ਨਵੇਂ ਬਣਾਏ ਗਏ ਹਰਿਆਣਾ ਤੇ ਹਿਮਾਚਲ ਪ੍ਰਦੇਸ਼ ਵਿਚ ਉਹ ਇਲਾਕੇ ਵੀ ਜੋੜ ਦਿੱਤੇ ਗਏ ਜੋ ਨਿਰੋਲ ਪੰਜਾਬੀ ਭਾਸ਼ੀ ਸਨ। ਦੇਸ਼-ਵੰਡ ਦੀਆਂ ਹਕੀਕਤਾਂ ਦੇ ਪੇਸ਼ੇਨਜ਼ਰ ਪਾਕਿਸਤਾਨ ਵਿਚਲੀ ਕਿਤੇ ਵਡੇਰੀ ਪੰਜਾਬੀ ਵਸੋਂ ਦੇ ਬਾਹਰ ਰਹਿ ਜਾਣ ਦੀ ਗੱਲ ਜੇ ਨਾ ਵੀ ਕਰੀਏ ਤਾਂ ਚੜ੍ਹਦੇ ਪੰਜਾਬ ਦਾ ਇਉਂ ਨਵਾਂ ਛਾਂਗਿਆ ਹੋਇਆ ਛੋਟਾ ਜਿਹਾ ਸੂਬਾ ਅਸਲੀ ਅਰਥਾਂ ਵਿਚ ਸਮੁੱਚੇ ਪੰਜਾਬੀਆਂ ਦੇ ਸੂਬੇ ਦੀ ਹਕੀਕਤ ਤੋਂ ਬਹੁਤ ਉਰ੍ਹਾਂ ਦੀ ਗੱਲ ਸੀ ਤੇ ਹੈ। ਤਦ ਵੀ 1966 ਤੋਂ ਇਹ ਸੂਬਾ ਅਜਿਹੇ ਪ੍ਰਾਂਤ ਵਜੋਂ ਚੱਲਿਆ ਆ ਰਿਹਾ ਹੈ ਜਿੱਥੇ ਸਰਕਾਰੀ ਜ਼ੁਬਾਨ ਅਤੇ ਅਕਾਦਮਿਕਤਾ ਪੱਖੋਂ ਪੰਜਾਬੀ ਨੂੰ ਕਾਨੂੰਨੀ ਮਾਨਤਾ ਹਾਸਲ ਹੈ, ਅਤੇ ਇਉਂ, ਭਾਵੇਂ ਕਹਿਣ ਨੂੰ ਹੀ, ਸੈਕੂਲਰ ਜਮਹੂਰੀ ਤੇ ਅਗਾਂਹਵਧੂ ਪੰਜਾਬੀਆਂ ਦੀ ਮੰਗ ਮੰਨੀ ਜਾ ਚੁੱਕੀ ਹੈ।*

*ਪਰ ਅਫਸੋਸ ਕਿ ਇਹ ਸਾਰਾ ਕੁਝ ਹਕੀਕਤ ਨਹੀਂ। ਜ਼ੁਬਾਨ ਦੇ ਮਸਲੇ ਉੱਤੇ ਫਿਰਕੂ ਰੰਗਤ ਅਵੱਸ਼ ਬਹੁਤ ਘਟ ਗਈ ਹੈ। ਉਹ ਲੋਕ ਜੋ ਪਹਿਲਾਂ ਆਪਣੀ ਜ਼ੁਬਾਨ ਨੂੰ ਪੰਜਾਬੀ ਮੰਨਣ ਤੋਂ ਇਨਕਾਰੀ ਸਨ, ਹੁਣ ਇਸ ਤਰ੍ਹਾਂ ਨਹੀਂ ਕਰਦੇ। ਮਜ਼ਹਬੀ ਵਖਰੇਵੇਂ ਤੋਂ ਅਗਾਂਹ ਜਾ ਕੇ ਲਗਪਗ ਸਾਰੇ ਹੀ ਪੰਜਾਬੀ ਲੋਕ ਆਪਣੀ ਜ਼ੁਬਾਨ ਨੂੰ ਤਾਂ ਪ੍ਰਵਾਨ ਕਰਨ ਲੱਗੇ ਹਨ ਪਰ ਨਿਵੇਕਲੀ ਪਛਾਣ ਵਜੋਂ, ਦੂਜੇ ਪ੍ਰਾਂਤਾਂ ਦੇ ਲੋਕਾਂ ਵਾਂਗ ਉਹਨਾਂ ਵਿਚ ਆਪਣੀ ਜ਼ੁਬਾਨ ਨਾਲ ਮੋਹ ਦਾ ਕੋਈ ਅਹਿਸਾਸ ਮੌਜੂਦ ਨਹੀਂ। ਉਹ ਆਪਣੀ ਜ਼ੁਬਾਨ ਬੋਲਦੇ ਤਾਂ ਹਨ ਪਰ ਬਾਕੀ ਵਿਹਾਰਕ ਸਰੋਕਾਰਾਂ ਵਿਚ, ਉਨ੍ਹਾਂ*

*ਦੀ ਪੰਜਾਬੀ ਤੋਂ ਦੂਰੀ ਬਦਸਤੂਰ ਬਣੀ ਹੋਈ ਹੈ। ਖਾਸਕਰ ਸ਼ਹਿਰਾਂ ਵਿਚ। ਆਪਣੇ ਧਾਰਮਿਕ ਅਕੀਦੇ ਕਰਕੇ ਜਿਨ੍ਹਾਂ ਲੋਕਾਂ ਦੇ ਪੰਜਾਬੀ ਨਾਲ ਵਧੇਰੇ ਲਗਾਉ ਦੀ ਉਮੀਦ ਕੀਤੀ ਜਾਂਦੀ ਹੈ, ਉਨ੍ਹਾਂ ਦੀ ਵੀ ਇਸ ਸੰਬੰਧ ਵਿਚ ਸੂਝ ਸਮਝ ਦਾ ਘੇਰਾ ੳ ਅ ਉਠਾਲ ਸਕਣ ਤਕ ਮਹਿਦੂਦ ਹੈ, ਜਿਸ ਲਿੱਪੀ ਵਿਚ ਉਹਨਾਂ ਦਾ ਧਾਰਮਿਕ ਗ੍ਰੰਥ ਮੌਜੂਦ ਹੈ। ਇਸ ਤੋਂ ਅਗਾਂਹ ਕੁਝ ਨਹੀਂ।*

*ਬਹੁਤ ਸਾਰੇ ਸਿਆਸੀ ਆਗੂ, ਜਿਵੇਂ ਪੰਜਾਹਵਿਆਂ ਦੇ ਪੰਜਾਬੀ ਸੂਬੇ ਦੇ ਮੋਰਚੇ ਸਮੇਂ ਹੋਇਆ ਸੀ, ਪੰਜਾਬੀ ਦੇ ਲਈ ਨਾਅਰੇ ਮਾਰਦੇ ਹੋਏ ਇਸ ਦੀ ਖਾਤਰ ਸਭ ਕੁਝ ਕਰਨ ਦਾ ਦਾਅਵਾ ਤਾਂ ਕਰ ਸਕਦੇ ਹਨ, ਅਮਲੀ ਤੌਰ 'ਤੇ ਉਨ੍ਹਾਂ ਦਾ ਆਪਣੇ ਹੀ ਬੋਲਾਂ ਵਿਚ ਵਿਸ਼ਵਾਸ ਨਹੀਂ। ਇਹੀ ਕਾਰਨ ਹੈ ਕਿ ਅੱਧੀ ਸਦੀ ਤੋਂ ਵੀ ਵੱਧ ਸਮਾਂ ਬੀਤ ਜਾਣ ਪਿੱਛੋਂ ਸਹੀ ਅਰਥਾਂ ਵਿਚ ਪੰਜਾਬੀ ਸਰਕਾਰੀ ਜ਼ੁਬਾਨ ਨਹੀਂ ਬਣ ਸਕੀ। ਵਿਸ਼ਵ ਦੀ ਪੱਧਰ ਉੱਤੇ ਤਕਨਾਲੋਜੀ ਤੇ ਸੂਚਨਾ ਦੀ ਅਥਾਹ ਪ੍ਰਗਤੀ ਦੇ ਵਰਤਮਾਨ ਦੌਰ ਵਿਚ ਇਸ ਦੇ ਦੂਸਰੀਆਂ ਜ਼ੁਬਾਨਾਂ ਦੇ ਹਾਣ ਦੀ ਹੋਣ ਦੀ ਗੱਲ ਤਾਂ ਬਹੁਤ ਦੂਰ ਹੈ।*

*ਇਸ ਸਥਿਤੀ ਵਿਚ ਲੇਖਕ ਸਭਾਵਾਂ, ਸਾਹਿਤ ਅਕਾਦਮੀਆਂ ਵਿਚ ਸਰਗਰਮ ਅਤੇ ਇਹਨਾਂ ਤੋਂ ਬਾਹਰ ਵੀ ਫਿਕਰਮੰਦ ਤੇ ਚਿੰਤਨਸ਼ੀਲ ਲੇਖਕਾਂ, ਅਧਿਆਪਕਾਂ ਤੇ ਬੁੱਧੀਜੀਵੀਆਂ ਵੱਲੋਂ ਸਮੇਂ ਸਮੇਂ ਉਠਾਈ ਜਾਂਦੀ ਆਵਾਜ਼ ਤੇ ਅੰਦੋਲਨ ਵਰਗੀ ਸਰਗਰਮੀ ਯਕੀਨਨ ਸ਼ੁਭ ਵਰਤਾਰਾ ਹੈ। ਪਟੀਸ਼ਨਾਂ, ਧਰਨਿਆਂ, ਮੁਜ਼ਾਹਰਿਆਂ ਦੇ ਰੂਪ ਵਿਚ ਉਨ੍ਹਾਂ ਦੀ ਇਸ ਸਰਗਰਮੀ ਵਿਚ ਨਿਰੰਤਰਤਾ ਵੀ ਰਹੀ ਹੈ। ਭਾਵੇਂ ਇਹ ਮੰਨਿਆ ਜਾਂਦਾ ਹੈ ਕਿ ਸਮਾਜ ਵਿਚ ਵੱਡੀ ਤਬਦੀਲੀ ਲਿਆਉਣ ਵਾਲੇ ਵਰਤਾਰਿਆਂ ਦੀ ਚੂਲ ਵਿਚ ਹਮੇਸ਼ਾ ਬੁੱਧੀਜੀਵੀਆਂ ਦੀ ਕਾਰਜਸ਼ੀਲਤਾ ਦਾ ਯੋਗਦਾਨ ਹੁੰਦਾ ਹੈ, ਤਦ ਵੀ ਪੰਜਾਬੀ ਦੇ ਇਸ ਮਸਲੇ ਦੇ ਸੰਬੰਧ ਵਿਚ ਹਕੀਕਤ ਇਹ ਹੈ ਕਿ ਕਿਉਂਕਿ ਇਹ ਲੋਕ ਸਮਾਜ ਦਾ ਬਹੁਤ ਨਿਗੂਣਾ ਜਿਹਾ ਭਾਗ ਹਨ, ਇਸ ਲਈ ਏਨੇ ਸਾਲਾਂ ਦੀਆਂ ਉਨ੍ਹਾਂ ਦੀਆਂ ਕੋਸ਼ਿਸ਼ਾਂ ਵਿਆਪਕ ਪੱਧਰ 'ਤੇ ਲੋਕ ਚੇਤਨਾ ਉਭਾਰਨ ਜਾਂ ਸਰਕਾਰ ਨੂੰ ਹਲੂਣਣ ਵਿਚ ਨਾਕਾਮ ਰਹੀਆਂ ਹਨ। ਸ਼ਾਇਦ ਇਸਦਾ ਇਕ ਕਾਰਨ ਇਹ ਵੀ ਹੈ ਕਿ ਖੁਦ ਇਸ ਵਰਗ ਦਾ ਵੀ, ਸਿਆਸਤਦਾਨਾਂ ਦੀ ਤਰਜ਼ ਉੱਤੇ, ਆਪਣੇ ਹੀ ਬੋਲਾਂ ਵਿਚ ਜਿਵੇਂ ਯਕੀਨ ਨਾ ਹੋਵੇ।*

*ਪੰਜਾਬੀ ਨੂੰ ਪੂਰੀ ਤਰ੍ਹਾਂ ਲਾਗੂ ਕਰਨ ਲਈ ਮੁੱਖ ਤੌਰ 'ਤੇ ਸਰਕਾਰ ਦੀ ਇੱਛਾ ਸ਼ਕਤੀ ਦਰਕਾਰ ਹੈ। ਸਿਆਸੀ ਨੇਤਾਵਾਂ ਅਤੇ ਉਚੇਰੀ ਬਿਊਰੋਕਰੇਸੀ ਦੇ ਸੁਹਿਰਦ ਯਤਨਾਂ ਨਾਲ ਹੁਣ ਤਕ ਪਾਸ ਹੋਏ ਕਾਨੂੰਨ ਸਹੀ ਤਰ੍ਹਾਂ ਅਮਲ ਵਿਚ ਲਿਆਂਦੇ ਜਾ ਸਕਦੇ ਹਨ। ਸਕੱਤਰੇਤ, ਅਦਾਲਤਾਂ, ਤਹਿਸੀਲਾਂ ਸਮੇਤ ਉਪਰ ਤੋਂ ਲੈ ਕੇ ਹੇਠਾਂ ਤਕ ਸਰਕਾਰੀ ਕੰਮ-ਕਾਜ ਪੰਜਾਬੀ ਵਿਚ ਯਕੀਨੀ ਬਣਾਉਣ ਦੇ ਨਾਲ ਸਕੂਲੀ ਸਿੱਖਿਆ ਵਿਚ ਪੰਜਾਬੀ ਦੀ ਪੜ੍ਹਾਈ ਦਾ ਪੱਧਰ ਠੀਕ ਕੀਤਾ ਜਾ ਸਕਦਾ ਹੈ ਅਤੇ ਅੰਗਰੇਜ਼ੀ ਮਾਧਿਅਮ ਵਾਲੇ ਅਖੌਤੀ ਪਬਲਿਕ ਸਕੂਲਾਂ ਵਿਚ ਪੰਜਾਬੀ ਪ੍ਰਤੀ ਤ੍ਰਿਸਕਾਰ ਭਾਵ ਵਾਲਾ ਵਿਹਾਰ ਖਤਮ ਕਰਵਾਇਆ ਜਾ ਸਕਦਾ ਹੈ। ਇਹ ਸਭ ਕੁਝ ਕਰਨ ਲਈ ਕੋਈ ਨਵੇਂ ਕਾਨੂੰਨ ਘੜਨ ਦੀ ਲੋੜ ਨਹੀਂ, ਸਿਰਫ ਰਾਜ ਵਿਵਸਥਾ ਚਲਾਉਣ ਵਾਲਿਆਂ ਦੀ ਇੱਛਾ ਹੀ ਦਰਕਾਰ ਹੈ। ਪੰਜਾਬ ਦੇ ਹਰ ਪਿੰਡ ਵਿਚ ਲਾਇਬਰੇਰੀ ਦੀ ਸਾਥਪਨਾ ਲਈ ਕਾਨੂੰਨ ਲਿਆ ਕੇ ਪੰਜਾਬੀ ਭਾਸ਼ਾ ਤੇ ਸਾਹਿਤ ਦੇ ਵਿਸਤਾਰ ਦਾ ਪੜੁੱਲ ਬੰਨ੍ਹਿਆ ਜਾ ਸਕਦਾ ਹੈ।*

*ਜਿਵੇਂ ਹੋਰਨਾਂ ਸਭ ਭਾਸ਼ਾਵਾਂ ਦੇ ਲੋਕ ਆਪਣੀ ਜ਼ੁਬਾਨ ਨਾਲ ਮੋਹ ਪਾਲ਼ਦੇ ਹਨ, ਪੰਜਾਬੀਆਂ ਨੂੰ ਵੀ ਇਹ ਮੋਹ ਦਰਸਾਉਂਦਿਆਂ ਹੋਇਆਂ ਇਸਦੇ ਬੋਲਣ, ਲਿਖਣ ਤੇ ਪੜ੍ਹਨ ਵਿਚ ਗੌਰਵ ਮਹਿਸੂਸ ਕਰਨਾ ਚਾਹੀਦਾ ਹੈ। ਪਰ ਚੇਤੇ ਰਹੇ ਕਿ ਸਿਰਫ ਮੋਹ ਹੀ ਪੰਜਾਬੀ ਦੇ ਵਿਕਾਸ ਤੇ ਵਿਸਤਾਰ ਦੀ ਗਾਰੰਟੀ ਨਹੀਂ। ਇਸ ਨੂੰ ਗਿਆਨ ਦੀ ਭਾਸ਼ਾ ਬਣਾ ਕੇ ਇੰਟਰਨੈੱਟ ਆਦਿ ਸੰਚਾਰ ਦੇ ਆਧੁਨਿਕ ਮੀਡੀਅਮਾਂ ਦੇ ਹਾਣ ਦੀ ਬਣਾਉਣ ਦੀ ਵੀ ਲੋੜ ਹੈ। ਸਰਕਾਰ ਅਤੇ ਉੱਚ ਅਕਾਦਮਿਕ ਅਦਾਰਿਆਂ ਦੀ ਮਦਦ ਨਾਲ ਇਹ ਕੰਮ ਬੁੱਧੀਜੀਵੀਆਂ ਦੇ ਕਰਨ ਵਾਲਾ ਹੈ। 000*

# ਆਦੇਸ਼ ਅੰਕੁਸ਼: ਸੱਤ ਗ਼ਜ਼ਲਾਂ

## -1-

ਇਹ ਬਾਹਰੀ ਤਾਪ ਤਾਂ ਐਵੇਂ ਉਛਾਲ਼ਾ ਮਾਰਦਾ ਹੈ।
ਸਦਾ ਬੰਦੇ ਨੂੰ ਅੰਦਰਲਾ ਹੀ ਪਾਲ਼ਾ ਮਾਰਦਾ ਹੈ।

ਹਵਾ ਹਰ ਰੋਜ਼ ਸੁਣਨਾ ਲੋਚਦੀ ਹੈ ਆਪਬੀਤੀ,
ਤੇ ਬੱਦਲ਼ ਹੱਸ ਕੇ ਹਰ ਵਾਰ ਟਾਲ਼ਾ ਮਾਰਦਾ ਹੈ।

ਤੁਹਾਡੇ ਆਉਣ ਦੀ ਕਨਸੋਅ 'ਚ ਹੈ ਕੈਸੀ ਹਰਾਰਤ,
ਪਤੀਲਾ ਆਸ ਦਾ ਝਟਪਟ ਉਬਾਲ਼ਾ ਮਾਰਦਾ ਹੈ।

ਜ਼ਰਾ ਹਾਲਾਤ ਤੋਂ ਹਰਫ਼ਾਂ ਦੀ ਹਰਿਆਲੀ ਬਚਾਇਓ,
ਮਤਾਂ ਮਾਸੂਮ ਨੂੰ ਆਲ਼ਾ-ਦੁਆਲ਼ਾ ਮਾਰਦਾ ਹੈ।

ਉਦੋਂ ਆਦੇਸ਼ ਲਈ ਅੰਕੁਸ਼ ਦੇ ਮਾਅਨੇ ਬਦਲ ਜਾਂਦੇ,
ਕਿਸੇ ਨੂੰ ਜਦ ਹਿਫ਼ਾਜ਼ਤ ਕਰਨ ਵਾਲ਼ਾ ਮਾਰਦਾ ਹੈ। 00

## -2-

ਮੋੜਦਾ ਖ਼ਾਲੀ ਨਾ ਇਉਂ, ਸਹਿਵਨ ਅਜੇ ਸਦਮੇ 'ਚ ਹੈ।
ਮੰਨ ਜਾਂ ਨਾ ਮੰਨ ਮਿੱਤਰ, ਮਨ ਅਜੇ ਸਦਮੇ 'ਚ ਹੈ।

ਸੋਚ ਨਾ ਐਵੇਂ; ਨਹੀਂ ਮਿਲੀਆਂ ਜੇ ਪਾ ਗਲਵੱਕੜੀ,
ਸ਼ੋਖ਼ ਰਾਹਵਾਂ ਦਾ ਅਵਾਰਾਪਨ ਅਜੇ ਸਦਮੇ 'ਚ ਹੈ।

ਫਿੱਸ ਪੈਂਦੀ ਝੱਟ ਦਿਲ ਨੂੰ ਦਰਦ ਬਾਰੇ ਪੁੱਛ ਕੇ,
ਸਹਿ ਰਹੀ ਧੁੜਕੂ ਜਿਹਾ; ਧੜਕਨ ਅਜੇ ਸਦਮੇ 'ਚ ਹੈ।

ਵਕਤ ਆਵੇਗਾ; ਲਵੇਗਾ ਹਰ ਹਨੇਰੇ ਦਾ ਹਿਸਾਬ,
ਜਗਮਗਾਉਂਦੇ ਸ਼ਹਿਰ ਦਾ ਜਨ-ਜਨ ਅਜੇ ਸਦਮੇ 'ਚ ਹੈ।

ਉਪਜਦੇ ਹਉਕੇ ਨੇ; ਵਣਜਾਰਾ ਜਦੋਂ ਹੋਕਾ ਦਵੇ,
ਚੂੜੀਆਂ ਬੇਹੋਸ਼ ਨੇ; ਖਨਖਨ ਅਜੇ ਸਦਮੇ 'ਚ ਹੈ।

ਪੁੱਛ ਨਾ ਸੂਲ਼ਾਂ ਦੀ ਸਖ਼ਤੀ; ਮਹਿਕ ਤੇ ਰੰਗਾਂ ਦਾ ਰਾਜ਼,
ਤਿਤਲੀਆਂ ਦੀ ਤੜਪ ਦਾ ਜ਼ਾਮਨ ਅਜੇ ਸਦਮੇ 'ਚ ਹੈ।

ਨਾ ਕਰੋ ਆਦੇਸ਼; ਅੰਕੁਸ਼ ਨੂੰ ਨਵਾਂ ਕੁਝ ਕਹਿਣ ਦਾ,
ਸੁਰ ਸਿਧਾਏ; ਸ਼ਾਇਰੀ ਦਾ ਫ਼ਨ ਅਜੇ ਸਦਮੇ 'ਚ ਹੈ। 00

## -3-

ਹਰ ਥਾਂ ਵੱਖੋ ਵੱਖ ਹੈ, ਹਰ ਸ਼ੈਅ ਦੀ ਤਾਸੀਰ।
ਹੜ੍ਹ ਦੇ ਪਾਣੀ ਨੂੰ ਕਹੇ ਕਿੰਝ ਕੋਈ ਨਿਰਮਲ ਨੀਰ॥

ਅੱਜ ਵੀ ਸਾਹਵੇਂ ਆ ਖੜ੍ਹੇ, ਝੱਟ ਚੇਤੇ ਨੂੰ ਚੀਰ।
ਉਹ ਦਾਤੀ ਦਾ ਜ਼ਖਮ, ਤੇ ਉਸਦੀ ਬੱਧੀ ਲੀਰ।

ਖੁਲ੍ਹ ਗਈ ਕਵੀਆ ਤੇਰਿਆਂ ਕੰਨਾਂ ਦੀ ਤਕਦੀਰ।
ਜਿਸ ਲਈ ਤਰਸੇ ਉਮਰ ਭਰ ਮਿਲ ਗਈ ਦਾਦ ਅਖ਼ੀਰ।

ਮਾਣ-ਮੁਹੱਬਤ-ਮਰਤਬਾ, ਅੰਦਰ ਜਾਵੇ ਜੀਰ।
ਯਾਦ ਕਰਾਉਂਦਾ ਹੈ ਕੋਈ, ਕਦ ਗ਼ਾਲਿਬ ਨੂੰ ਮੀਰ।

ਹੋ ਕੇ ਰਹਿਣੀ ਅੰਤ ਨੂੰ ਖ਼ਾਬਾਂ ਦੀ ਤਾਬੀਰ।
ਧਰ ਸਕਿਆ ਆਦੇਸ਼ ਜੇ, ਭੂਸ਼ਨ ਵਰਗੀ ਧੀਰ। 00

## -4-

ਇਹ ਦੇ ਰਿਹਾ ਏ ਕੈਸੀ, ਕਦਮਾਂ ਨੂੰ ਤਾਲ ਰਸਤਾ।
ਜੀਕਣ ਹਕੀਮ ਦੇ ਘਰ ਖੜਕੇ ਹਮਾਮਦਸਤਾ।

'ਕੱਲਿਆਂ ਡਕਾਰ ਜਾਣੈ ਇਕ ਦਿਨ ਇਕੱਲਤਾ ਨੇ,
ਮਿਲਕੇ ਅਫਾਤ ਵਾਲਾ ਵੱਢਣਾ ਪਵੇਗਾ ਫਸਤਾ।

ਕੱਢੀਏ ਪਛਾਣ ਤਾਂ ਇਹ ਗਲੀਆਂ 'ਚ ਗੁੰਮ ਜਾਵੇ,
ਬਾਹਵਾਂ ਖਿਲਾਰ ਮਿਲਦੈ ਨਗਰੀ ਦਾ ਹਰ ਚੁਰਸਤਾ।

ਉਸਦੇ ਖ਼ਿਆਲ ਅੰਦਰ ਦੁਬਕੇ ਨੇ ਇੰਝ ਅੱਖਰ,
ਮਹਿੰਗੇ ਮਕਾਨ ਅੰਦਰ ਜੀਕਣ ਸਮਾਨ ਸਸਤਾ।

ਸਿੰਮਦੈ ਸਿਆਣਪਾਂ ’ਚੋਂ ਆਖ਼ਿਰ ਨੂੰ ਸੱਚ ਜ਼ਮੀਨੀ,
ਅੱਜ ਵੀ ਸਿਤਾਰਿਆਂ ਦਾ ਢੋਂਦਾ ਏ ਭਾਰ ਬਸਤਾ।

ਸਾਰੇ ਬਜ਼ਾਰ ਅੰਦਰ ਦਿਸਦੈ ਦਿਮਾਗ਼ ਸਜਿਆ,
ਦਿਲ ਦੀ ਦੁਕਾਨ ਵਾਲੀ ਹਾਲਤ ਅਜੇ ਵੀ ਖ਼ਸਤਾ।

ਟੱਕ ’ਚੋਂ ਤਣੇ ਦਾ ਹਾਸਾ ਵਹਿੰਦਾ ਹੈ ਤੋੜ ਅੰਕੁਸ਼,
ਖੁੰਢਾ ਕੁਹਾੜਾ ਜਦ ਵੀ ਲੈਂਦਾ ਹੈ ਤੋੜ ਦਸਤਾ! 00

**–5–**

ਰੁਕਦੀਆਂ ਨਾ ਝੁਕਦੀਆਂ ਬਣ ਕੇ ਸਵਾਲੀ ਅੱਖੀਆਂ।
ਪਾਉਂਦੀਐਂ ਕਿਧਰੇ ਜਦੋਂ ਜੱਗ ਵਿਚ ਭਿਆਲ਼ੀ ਅੱਖੀਆਂ।

ਤੋਰਿਆ ਸੀ ਜੋ ਭਰੇ ਦਿਲ ਨਾਲ ਸੁਪਨਾ ਦਿਨ ਚੜ੍ਹੇ,
ਰਾਤ ਭਰ ਉਸਨੂੰ ਉਡੀਕੀ ਜਾਣ ਖਾਲੀ ਅੱਖੀਆਂ।

ਨੇੜਤਾ ਅਕਸਰ ਜ਼ੁਬਾਨੀ ਸਾਂਝ ਦੀ ਹੁੰਦੀ ਮੁਥਾਜ,
ਹੁੰਦੀਆਂ ਨੇ ਵਿਰਲੀਆਂ ਹੀ ਹਮਖ਼ਿਆਲੀ ਅੱਖੀਆਂ।

ਛੈਣੀਆਂ ਨਾ ਕਾਨੀਆਂ ਨਾ ਬੁਰਸ਼ ਕਰ ਸਕਦੇ ਬਿਆਨ,
ਦੇਖ ਲੈਂਦੇ ਨੇ ਕਿਤੇ ਜਦ ਲਾ ਮਿਸਾਲੀ ਅੱਖੀਆਂ।

ਜ਼ਿੰਦਗੀ ਕਰਦੀ ਰਹੇ ਇਹ ਰੰਗ ਤੇ ਲੋਅ ਦਾ ਸਫ਼ਰ,
ਸਭ ਦੀਆਂ ਵੇਖਣ ਸਦਾ ਹੋਲੀ-ਦਿਵਾਲ਼ੀ ਅੱਖੀਆਂ।

ਪਰਖ ਨਾ ਸਕੀਆਂ ਜੋ ਖੋਟਾ ਤੇ ਖ਼ਰਾ ਸੁਨਿਆਰ ਜੀ,
ਧਾਤ ਨਈਂ, ਪਹਿਲਾਂ ਤਾਂ ਪਾ ਦੇਵੋ ਕੁਠਾਲ਼ੀ ਅੱਖੀਆਂ।

ਪਿੰਡ ਤੋਂ ਆਇਆ ਹੈ ਅੰਕੁਸ਼ ਭਾਲ ਵਿਚ ਆਦੇਸ਼ ਦੀ,
ਸ਼ਹਿਰੀਓ, ਨਾ ਇਸ ਤਰ੍ਹਾਂ ਜਾਵੋ ਵਿਖਾਲ਼ੀ ਅੱਖੀਆਂ। 00

**–6–**

ਮੁੱਦਤ ਪਹਿਲਾਂ ਗੁਜ਼ਰ ਗਿਆ ਸੀ, ਫਿਰ ਵੀ ਜ਼ਿੰਦਾ ਮਿਲਦਾ ਹੈ।
ਬਸਤੀ ਨੂੰ ਅਕਸਰ ਬੁੱਤ ਬਣਕੇ, ਇਕ ਬਾਸ਼ਿੰਦਾ ਮਿਲਦਾ ਹੈ!

ਰੁੱਸ ਕੇ ਬਹਿ ਗਈ ਜਿਸਦੀ ਨੀਂਦਰ ਪਿੰਡ ਵਾਲੀ ਪਗਡੰਡੀ ’ਤੇ,
ਸ਼ਹਿਰ ਦੀਆਂ ਸੜਕਾਂ ’ਤੇ ਘੁੰਮਦਾ, ਸੁੱਤ-ਉਨੀਂਦਾ ਮਿਲਦਾ ਹੈ!

ਸੂਹਲ ਜਿਹੀ ਟਾਹਣੀ ਤੇ ਪੱਤੇ ਮੌਲਣ-ਪੱਲਰਣ ਲੱਗਦੇ ਨੇ,
ਨਿੱਕੇ ਪੌਦੇ ਨੂੰ ਛਾਂ ਬਣ ਕੇ ਜਦੋਂ ਪਰਿੰਦਾ ਮਿਲਦਾ ਹੈ!

ਜਿਸਦੀ ਆਦਤ ਸੀ ਕਹਿਣਾ, “ਦਰਅਸਲ ਹਕੀਕਤ ਖੋਜ ਰਿਹਾਂ”,
ਅੱਜਕਲ੍ਹ ਖ਼ਾਬਾਂ ਦੇ ਬੂਟੇ ਨੂੰ ਪਾਣੀ ਦਿੰਦਾ ਮਿਲਦਾ ਹੈ!

ਬਹੁਤੀ ਵਾਰੀ ਪਥ-ਪਰਦਰਸ਼ਕ ਹੀ ਰਾਹੋਂ ਭਟਕਾ ਜਾਂਦੈ,
ਘਰ ਤਕ ਛੱਡਣ ਵਾਲਾ ਕੋਈ ਸ਼ਖ਼ਸ ਚੁਨਿੰਦਾ ਮਿਲਦਾ ਹੈ।

ਸੱਤ ਸਮੁੰਦਰ ਪਾਰੋਂ ਆ ਜਦ ਖ਼ੁਸ਼ਬੂ ਮਿਲੇ ਖ਼ਿਆਲਾਂ ਨੂੰ,
ਸ਼ਿਅਰ ਕੋਈ ਗਲ਼ ਲੱਗ ਸ਼ਾਇਰ ਦੇ, ਸੁਹਣਾ-ਛਿੰਦਾ ਮਿਲਦਾ ਹੈ।

ਜਾਂ ਤਾਂ ਪਿਘਲ ਕੇ ਖੁਰ ਜਾਂਦਾ ਹੈ, ਜਾਂ ਇਕਦਮ ਪਥਰਾ ਜਾਂਦੈ,
ਸ਼ੀਸ਼ੇ ਵਿਚ ਆਦੇਸ਼ ਨੂੰ ਖਵਰੇ ਕੌਣ ਦਰਿੰਦਾ ਮਿਲਦਾ ਹੈ! 00

## -7-

ਮੇਲਦਾ ਤੁਰਿਆ ਸੀ ਜਿਹੜਾ ਸਿਲਸਿਲਾ ਗੀਤਾਂ ਦੇ ਨਾਲ।
ਰੁਕ ਗਿਆ ਆਖ਼ਿਰ ਨੂੰ ਬਣ ਕੇ ਹਾਦਸਾ ਗੀਤਾਂ ਦੇ ਨਾਲ।

ਛੱਡ ਆਇਐ ਧੁਨ ਸਮੁੰਦਰ ਪਾਰ ਜਦ ਤੋਂ ਗੀਤਕਾਰ,
ਹੋ ਨਹੀਂ ਸਕਿਆ ਉਦੋਂ ਤੋਂ ਰਾਬਤਾ ਗੀਤਾਂ ਦੇ ਨਾਲ।

ਭਰ ਲਵੇ ਬੇਰਹਿਮ ਖ਼ੁਸ਼ਬੂ ਅੰਤ ਨੂੰ ਭੌਰੇ ਦਾ ਘੁੱਟ,
ਉਹ ਕਰੇ ਦਿਨ ਭਰ ਬਥੇਰੀ ਇਲਤਿਜਾ ਗੀਤਾਂ ਦੇ ਨਾਲ।

ਕੰਧ ‘ਤੇ ਚਾੜ੍ਹੇ ਸੁਰਾਂ ਦੀ ਵੇਲ ਸਾਜ਼ਿੰਦਾ ਜਦੋਂ,
ਦੇਰ ਤਕ ਰਹਿੰਦੈ ਚੁਫ਼ੇਰਾ ਮਹਿਕਦਾ ਗੀਤਾਂ ਦੇ ਨਾਲ।

ਫ਼ਿਕਰ ਅੰਕੁਸ਼ ਦੀ ਨਾ ਕਰ; ਆਦੇਸ਼ ਤੂੰ ਆਪਣੀ ਨਿਭਾਅ,
ਬਾਅਦ ਵਿਚ ਕੋਈ ਕੀ ਕਰੇ, ਹੈ ਕੀ ਪਤਾ ਗੀਤਾਂ ਦੇ ਨਾਲ।000

***(ਪਿੰਡ ਤੇ ਡਾਕਖਾਨਾ ਧਿਆਨਪੁਰ,***
***ਰਾਹੀਂ ਬਟਾਲਾ, ਜ਼ਿਲ੍ਹਾ ਗੁਰਦਾਸਪੁਰ-143 605)***

# ਮਨਦੀਪ ਔਲਖ: ਦੋ ਕਵਿਤਾਵਾਂ

## ਜਲ ਸਮਾਧੀ

ਜਗਮਗਾਉਂਦੇ ਸ਼ਹਿਰੀ ਦੈਂਤ ਦੀ
ਬਿਜਲੀ ਦੀ ਭੁੱਖ ਪੂਰਣ ਲਈ
ਬਣਾਏ ਡੈਮ ਦੀ ਭੇਂਟ ਚੜ੍ਹਿਆ
ਉਸ ਦਾ ਪਿੰਡ
ਛੇ ਮਹੀਨੇ ਦੀ ਜਲ ਸਮਾਧੀ ਵਿਚ ਰਹਿੰਦਾ

ਫੱਗਣ ਦੇ ਮਹੀਨੇ
ਜਦੋਂ ਸਭ ਥਾਵਾਂ ‘ਤੇ
ਹੋਲੀ ਦੇ ਰੰਗ ਫਿੱਕੇ ਪੈ ਰਹੇ ਹੁੰਦੇ
ਝੀਲ ਦਾ ਪਾਣੀ ਉਤਰਨ ਲਗਦਾ
ਟੁੱਟਣ ਲਗਦੀ ਜਲ ਸਮਾਧੀ
ਦਿਸਣ ਲਗਦਾ ਗੋਪਾਲਪੁਰ ਪਿੰਡ

ਸਭ ਤੋਂ ਪਹਿਲਾਂ
ਪਿੰਡ ਦੇ ਠਾਕਰ ਦੁਆਰੇ ਦੇ ਗੁੰਬਦ ‘ਤੇ ਖੜ੍ਹੀ
ਸੀਖ ਜਹੀ ਪਾਣੀ ‘ਚੋਂ ਬਾਹਰ ਆਉਂਦੀ
ਜਿਸ ਦਾ ਝੰਡਾ ਬਹੁਤ ਸਾਲ ਪਹਿਲਾਂ
ਚੜ੍ਹਿਆ ਸੀ ਆਖ਼ਰੀ ਵਾਰ

ਫਿਰ ਠਾਕਰ ਦੁਆਰੇ ਦੀਆਂ
ਕੰਧਾਂ ਦਿਸਣ ਲਗਦੀਆਂ
ਨਾਲ ਹੀ ਦਿਸਣ ਲਗਦਾ
ਠਾਕਰ ਬ੍ਰਿਜ ਭਾਨ ਦੇ ਚਾਅ ਨਾਲ ਬਣਾਏ
ਪਿੰਡ ਦੇ ਸਭ ਤੋਂ ਉੱਚੇ ਮਕਾਨ ਦਾ ਚੁਬਾਰਾ
ਫਿਰ ਅਰੋੜਿਆਂ ਦੇ ਇੱਕੋ ਜਿਹੇ ਘਰ
ਪਾਣੀ ਤੋਂ ਬਾਹਰ ਆਉਣ ਲਗਦੇ
ਕਾਈ ਜੰਮ ਕੇ ਹਰੀਆਂ ਹੋ ਚੁੱਕੀਆਂ ਕੰਧਾਂ
ਕੱਚੀ ਨੀਂਦ ‘ਚੋਂ ਉੱਠੇ ਜੁਆਕ ਵਾਂਗ
ਉਬਾਸੀਆਂ ਲੈਂਦੀਆਂ ਜਾਪਦੀਆਂ

ਉਸ ਤੋਂ ਬਾਅਦ
ਪਿੰਡ ਦਾ ਪ੍ਰਾਇਮਰੀ ਸਕੂਲ ਅਤੇ

ਮਾਸਟਰ ਜੀ ਦਾ ਕੁਆਟਰ ਸਿਰ ਚੁੱਕਦੇ
ਅੱਧ ਚੇਤ ਦਿਸਣ ਲਗਦਾ
ਪੂਰਾ ਪਿੰਡ ਤੇ ਉਸਦੀਆਂ ਗਲ਼ੀਆਂ

ਗਲੀਆਂ ਵਿਚ ਜੰਮੀ ਗ਼ਾਰ
ਕਿਸੇ ਦੈਂਤ-ਪਹਿਰੇ ਦਾ ਭੁਲੇਖਾ ਪਾਉਂਦੀ
ਛੇ ਮਹੀਨੇ ਪਾਣੀ ਵਿਚ ਡੁੱਬੇ ਰਹੇ
ਕਿੰਨੇ ਹੀ ਚਾਅ, ਸੱਧਰਾਂ ਅਤੇ ਸੁਪਨੇ
ਦਿਸਣ ਲਗਦੇ
ਪਿੰਡ ਦੇ ਘਰਾਂ ਦੇ ਰੂਪ ਵਿਚ

ਲੂਆਂ ਵਗਦੀਆਂ ਤਾਂ ਚੁੜੇਲਾਂ ਦੇ ਹੁਆਂਕਣ
ਵਰਗੀਆਂ ਆਵਾਜ਼ਾਂ ਆਉਂਦੀਆਂ
ਚੌਂਕ ਵਿਚ ਸੁੱਕ ਚੁੱਕਾ ਪੁਰਾਣਾ ਪਿੱਪਲ
ਹੋਰ ਕਾਲ਼ਾ ਹੋ ਗਿਆ ਲਗਦਾ
ਸਾਉਣ ਮਹੀਨੇ ਦੀ ਪਹਿਲੀ ਬਰਸਾਤ ਨਾਲ
ਉਦਾਸ ਲਗਦੇ ਪਿੰਡ ਦੇ ਖੰਡਰ
ਅਗਲੀ ਜਲ ਸਮਾਧੀ ਲਈ ਤਿਆਰ ਹੁੰਦੇ
ਪਿੰਡ ਦੇ ਮਕਾਨ ਉਡੀਕਦੇ
ਆਪਣੇ ਮਾਲਕਾਂ ਦੀ ਛੋਹ ਨੂੰ

## ਚੰਬਾ ਕਿਤਨੀ ਕੁ ਦੂਰ

ਪਹਾੜਨ ਕੁੜੀ
ਪਹਾੜੀ ਗੀਤ ਗਾਉਂਦੀ ਤਾਂ
ਮਾਂ ਨੂੰ ਪੁੱਛਦੀ
ਮਾਏ ਨੀਂ ਮੇਰੀਏ
ਸ਼ਿਮਲੇ ਦੀ ਰਾਹੇ, ਚੰਬਾ ਕਿਤਨੀ ਕੁ ਦੂਰ
ਅਗਲੀਆਂ ਸਤਰਾਂ ਵਿਚ
ਅਰਜ਼ੋਈ ਕਰਦੀ
ਸ਼ਿਮਲੇ ਨਈਂ ਵਸਣਾ, ਕਸੌਲੀ ਨਈਂ ਵਸਣਾ
ਚੰਬੇ ਜਾਣਾ ਜ਼ਰੂਰ

ਚੰਬੇ 'ਤੇ ਆ ਕੇ
ਉਸਦੀਆਂ ਅੱਖਾਂ ਚਮਕ ਆਉਂਦੀਆਂ
ਬੁੱਲ੍ਹ ਮੁਸਕਾਨ ਦੀ ਮੁਦਰਾ ਵਿਚ ਫੈਲ ਜਾਂਦੇ
ਗੱਲ੍ਹਾਂ ਸੁਰਖ਼ ਹੁੰਦੀਆਂ
ਮਨ ਬਸੰਤ ਵਾਂਗ ਖਿੜਦਾ
ਤੇ ਕੁੜੀ ਜ਼ੋਰਾ-ਜਬਰੀ ਦੇ

ਸ਼ਿਮਲੇ ਤੇ ਕਸੌਲੀ ਨੂੰ
ਰੇਤ ਦੇ ਘਰ ਵਾਂਗ
ਮਿਧ ਕੇ ਲੰਘ ਜਾਣਾ ਚਾਹੁੰਦੀ ਹੈ

ਖੌਰੇ ਕਿੰਨੀਆਂ
ਚੰਬੇ ਜਾਣਾ ਚਾਹੁੰਦੀਆਂ ਕੁੜੀਆਂ
ਭੇਜ ਦਿੱਤੀਆਂ ਗਈਆਂ, ਮਰਜ਼ੀ ਤੋਂ ਉਲਟ
ਚੰਬਾ ਉਨ੍ਹਾਂ ਲਈ ਇਕ ਸ਼ਬਦ ਮਾਤਰ ਬਣਿਆ ਰਿਹਾ
ਜਾਂ ਇਕ ਸ਼ਹਿਰ
ਤੇ ਚੁੱਭਦਾ ਰਿਹਾ ਮਨ ਦੀ ਟੀਸ ਵਾਂਗ
ਰਹਿੰਦੀ ਉਮਰ ਤਕ

ਸ਼ਿਮਲੇ ਤੇ ਕਸੌਲੀ ਦੀ ਖ਼ੂਬਸੂਰਤ ਫਜ਼ਾ
ਮਾਲ ਰੋਡ 'ਤੇ ਚਹਿਲ-ਪਹਿਲ
ਐਰੀਸਨ ਰੋਡ 'ਤੇ ਸਲੀਕੇ ਨਾਲ ਬਣੇ
ਸ਼ਾਂਤ ਪਹਾੜੀ ਘਰ
ਕੁੜੀਆਂ ਦੇ ਮਨਾਂ 'ਤੇ ਪਏ ਰਹੇ
ਢਹਿ-ਢੇਰੀ ਹੋਈ
ਬਹੁ ਮੰਜ਼ਿਲੀ ਇਮਾਰਤ ਦੇ ਮਲਬੇ ਵਾਂਗ
ਕੁੜੀਆਂ ਨੂੰ ਯਾਦ ਆਉਂਦੀਆਂ ਰਹੀਆਂ
ਚੰਬੇ ਦੀਆਂ ਪਗਡੰਡੀਆਂ
ਕਲ਼-ਕਲ਼ ਵਗਦੀਆਂ ਕੂਲਾਂ
ਠੰਢੀ ਹਵਾ ਨਾਲ ਸ਼ੂਕਦੇ ਚੀੜ ਦੇ ਦਰੱਖਤ
ਪੁੰਨਿਆਂ ਦੀ ਰਾਤੇ
ਮੌਲਸਰੀ ਵਿਚੋਂ ਝਾਕਦਾ ਚੰਨ

ਇਤਿਹਾਸ ਦੇ ਪੰਨਿਆਂ ਵਿਚ ਦਫ਼ਨ
ਇਹ ਗੁੰਮਨਾਮ ਕੁੜੀਆਂ
ਇਕ ਹੂਕ ਬਣ ਗਾਉਂਦੀ
ਪਹਾੜਨ ਕੁੜੀ ਦੀ ਆਵਾਜ਼ ਵਿਚ ਰਲ਼ ਗਈਆਂ
ਤੇ ਉਹ ਕਹਿਣ ਲੱਗੀ-

ਲਾਈਆਂ ਮੁਹੱਬਤਾਂ ਦੂਰ ਦਰਾਜ਼ੇ
ਅੱਖੀਆਂ ਤੋਂ ਹੋਇਆ ਕਸੂਰ 000

*(ਅੰਗਰੇਜ਼ੀ ਵਿਭਾਗ, ਗੁਰੂ ਨਾਨਕ ਕਾਲਿਜ,*
*ਸੁਖਚੈਨਿਆਣਾ ਸਾਹਿਬ, ਬੰਗਾ ਰੋਡ, ਫਗਵਾੜਾ-144 401*
***Email: aulakhmandeep110292@gmail.com)***

## ਤਿੰਨ ਕਵਿਤਾਵਾਂ: ਮਲਵਿੰਦਰ

### ਨਿੱਕੇ ਦੀ ਭਾਸ਼ਾ-1

ਉਹ ਆਕਾਰ ਰਹਿਤ ਆਵਾਜ਼ਾਂ ਕੱਢਦਾ
ਗਤੀ ਦੀ ਗੂੰਜ ਵਰਗੀਆਂ
ਭਾਸ਼ਾ ਦੇ ਤਲਿਸਮ ਵਰਗੀਆਂ
ਅਸੀਂ ਕਾਲਪਨਿਕ ਟਕਸਾਲ ਅੰਦਰ
ਸ਼ਬਦ ਘੜਦੇ
ਮਮਤਾ ਡਿਜੀਟਲ ਭਾਸ਼ਾ ਈਜਾਦ ਕਰਦੀ
ਅਸੀਂ ਅੰਬਰ ਨਾਲ਼ ਸੰਵਾਦ ਰਚਾਉਂਦੇ
ਧਰਤੀ ਨਾਲ਼ ਗੱਲਾਂ ਕਰਦੇ, ਆਹਰੇ ਲੱਗੇ ਰਹਿੰਦੇ

ਕਿੰਨੀਆਂ ਕਵਿਤਾਵਾਂ ਸਾਡੇ ਨਾਲ਼ ਖੇਡਦੀਆਂ
ਕਿੰਨੇ ਰਿਸ਼ਤੇ ਸਾਕਾਰ ਹੁੰਦੇ
ਕਿ ਧਰਤੀ ਥਮ ਜਾਂਦੀ
ਸੁਣਦੀ ਸਿਰਜੀ ਜਾ ਰਹੀ ਕਵਿਤਾ
ਵਾਕ ਬਣ ਰਹੇ ਭਾਵ
ਆਕਾਰ ਲੈ ਰਹੇ ਇਰਾਦੇ 00

### ਨਿੱਕੇ ਦੀ ਭਾਸ਼ਾ-2

ਬੜਾ ਚਲਾਕ ਆ
ਵੇਖ ਹੱਸਦਾ, ਜਵਾਬ ਦਿੰਦਾ ਅੱਗਿਉਂ
ਗੱਲਾਂ ਕਰਦਾ, ਲੜਦਾ ਮੇਰੇ ਨਾਲ਼ ...

ਭਾਸ਼ਾ ਵਿਗਿਆਨੀ ਉਸਦੀ ਭਾਸ਼ਾ ਪੜ੍ਹਦੇ
ਆਪਣੀ ਆਪਣੀ ਭਾਸ਼ਾ 'ਚ ਅਨੁਵਾਦ ਕਰਦੇ
ਉਸ ਦੀ ਭਾਸ਼ਾ ਦੀਆਂ ਕਈ ਉਪ-ਭਾਸ਼ਾਵਾਂ
ਹਰ ਉਪ-ਭਾਸ਼ਾ ਇਕ ਭਾਸ਼ਾ ਵਿਗਿਆਨੀ ਜਨਮਦੀ...

ਛੋਟਾ ਹੈ ਅਜੇ, ਨਿੱਕਾ
ਵੱਡਾ ਹੋਵੇਗਾ
ਉਸਦੀ ਭਾਸ਼ਾ ਅੱਖਰਾਂ 'ਚ ਉਤਰੇਗੀ
ਅੱਖਰ ਸ਼ਬਦਾਂ 'ਚ ਢਲਣਗੇ
ਸ਼ਬਦ ਭਾਸ਼ਾ ਸਿਰਜਣਗੇ
ਭਾਸ਼ਾ ਨੂੰ ਧਰਮ ਵਰਗਲਾਉਣਗੇ

ਨਿੱਕੇ ਦੀ ਭਾਸ਼ਾ ਧਰਮ ਦੀ ਭਾਸ਼ਾ ਹੋ ਜਾਵੇਗੀ
ਨਿੱਕਾ ਭਾਸ਼ਾਵਾਂ ਦੇ ਸ਼ੋਰ 'ਚ ਰੁਲ਼ ਜਾਵੇਗਾ ...

ਭਾਸ਼ਾ ਤਾਂ ਉਹ ਸੀ
ਜੋ ਅਜੇ ਅੱਖਰਾਂ 'ਚ ਨਹੀਂ ਸੀ ਢਲੀ
ਜੋ ਅਜੇ ਬੋਲਾਂ 'ਚ ਨਹੀਂ ਸੀ ਗੂੰਜੀ
ਪਰ ਮਾਂ ਸਮਝਦੀ ਸੀ
ਉਹ ਧਰਮ ਦੀ ਨਹੀਂ ਮਾਂ ਦੀ ਬੋਲੀ ਸੀ
ਉਹ ਨਿੱਕੇ ਦੀ ਮਾਂ-ਬੋਲੀ ਸੀ
ਉਹ ਬੋਲੀ ਦੀ ਵਿਰਾਟ ਮਾਂ ਸੀ...

ਭਾਸ਼ਾ ਖਿੱਤੇ ਦੀ ਹੁੰਦੀ, ਭਾਸ਼ਾ ਲੋਕਾਂ ਦੀ ਹੁੰਦੀ
ਭਾਸ਼ਾ ਦੀ ਕੋਈ ਜਾਤ ਨਾ ਹੁੰਦੀ
ਭਾਸ਼ਾ ਦਾ ਕੋਈ ਧਰਮ ਨਾ ਹੁੰਦਾ
ਭਾਸ਼ਾ ਵਲਗਣਾਂ 'ਚ ਬੰਦ ਨਾ ਹੁੰਦੀ
ਭਾਸ਼ਾ ਸੱਤਾ ਦੀ ਗ਼ੁਲਾਮ ਨਾ ਹੁੰਦੀ...

ਮੈਂ ਉਸਦੀਆਂ ਹਰਕਤਾਂ 'ਚੋਂ
ਉਸਦੇ ਭਾਵਾਂ 'ਚੋਂ, ਉਸਦੀਆਂ ਸ਼ਰਾਰਤਾਂ 'ਚੋਂ
ਉਸਦੀ ਭਾਸ਼ਾ ਤਲਾਸ਼ਦਾ
ਆਪਣੀ ਭਾਸ਼ਾ 'ਚ ਅਨੁਵਾਦ ਕਰਦਾ
ਅਰਥ ਕੱਢਦਾ, ਜਵਾਬ ਘੜਦਾ
ਵੱਡਾ ਹੋਵੇਗਾ ਨਿੱਕਾ
ਭਾਸ਼ਾ ਤੋਂ ਭਾਸ਼ਾਵਾਂ ਵੱਲ ਸਫ਼ਰ ਕਰੇਗਾ
ਵਲਗਣਾਂ ਤੋਂ ਦਿਸਹੱਦਿਆਂ ਵੱਲ ਪਰਵਾਜ਼ ਭਰੇਗਾ...

ਉਦਾਸੀਆਂ 'ਤੇ ਗਏ ਪੈਰ
ਭਾਸ਼ਾਵਾਂ ਦਾ ਸਫ਼ਰ ਕਰਦੇ
ਉਦਾਸੀਆਂ ਤੋਂ ਪਰਤੇ ਝੋਲ਼ਿਆਂ 'ਚ
ਭਾਸ਼ਾਵਾਂ ਹੁੰਦੀਆਂ
ਭਾਸ਼ਾਵਾਂ ਦਾ ਸੰਵਾਦ
ਰੂਹਾਨੀ ਰਿਸ਼ਤਿਆਂ ਦੀ ਸਾਂਝ ਸਿਰਜਦਾ
ਭਾਸ਼ਾਵਾਂ ਨਾਲ਼
ਸਫ਼ਰ ਸੌਖਾਲ਼ੇ ਹੋ ਜਾਂਦੇ
ਵਿਚਾਰ ਲੰਮੇਂ ਪੈਂਡੇ ਗਾਹੁੰਦੇ
ਗੁਰੂ, ਪੀਰ, ਭਗਤ
ਸਾਂਝੀ ਪੋਥੀ 'ਚ ਟਿਕ ਜਾਂਦੇ। 00

## ਰਿਵਰਸ ਪਰਵਾਸ

ਪੰਜ ਦਰਜਣ ਦੋਸਤਾਂ ਦੀਆਂ
ਅੱਖਾਂ ਨਮ ਸਨ
ਇਹ ਮੇਰੀ ਵਿਦਾਇਗੀ ਦਾ ਛਿਣ ਸੀ
ਵਿਦਾਇਗੀ ਆਪਣੇ ਪੰਜਾਬ ਤੋਂ
ਵਿਦਾਇਗੀ ਆਪਣੇ ਵਤਨ ਤੋਂ
ਵਿਦਾਇਗੀ ਆਪਣੇ ਸਾਹਾਂ ਤੋਂ
ਆਪਣੇ ਜੀਣ ਦੇ ਸਬੱਬ ਤੋਂ
ਘਰ ਤੋਂ, ਘਰ ਅੰਦਰ ਵੱਸਦੇ
ਘਰ ਦੇ ਅਹਿਸਾਸ ਤੋਂ
ਆਪਣੀ ਭੋਇੰ ਤੋਂ, ਪੈਲ਼ੀਆਂ ਤੋਂ, ਡੰਗਰਾਂ ਤੋਂ
ਦੋਸਤਾਂ ਤੋਂ, ਦੁਸ਼ਮਣਾ ਤੋਂ...

ਉਹ ਮੇਰਾ ਪਰਵਾਸ ਸੀ
ਪਰਵਾਸੀ ਹੋ ਗਏ ਪੁੱਤਰ ਦੇ ਦੇਸ ਵੱਲ
ਬੇਟੇ ਦੇ ਘਰ ਵੱਲ
ਘਰ ਜੋ ਮੇਰਾ ਨਹੀਂ ਸੀ
ਦੇਸ਼ ਜੋ ਮੇਰਾ ਨਹੀਂ ਸੀ

ਚੁਫ਼ੇਰੇ ਭਰ ਵੱਸਦੀ ਕੁਦਰਤ ਸੀ
ਝੀਲਾਂ ਸਨ, ਛੱਪੜ ਸਨ, ਸਾਗਰ ਸੀ
ਚਿਹਰਿਆਂ 'ਤੇ ਮੁਸਕਾਨ ਖਿੰਡਾਉਂਦੇ ਲੋਕ ਸਨ
ਪਰ ਮੇਰੇ ਅੰਦਰ ਵੱਸਦੇ ਵਤਨ ਦੇ ਹਾਣੀ ਨਹੀਂ ਸਨ
ਮੇਰੇ ਨਹੀਂ ਸਨ...

ਅੱਜ ਮੇਰਾ ਪਰਤਵਾਂ ਪਰਵਾਸ ਸੀ
ਆਪਣਿਆਂ ਨੂੰ ਮਿਲਣ ਦਾ ਧਰਵਾਸ ਸੀ
ਅਪਣੱਤ ਨੂੰ ਧਾ ਮਿਲਣ ਦੀ ਆਸ ਸੀ
ਪਰ ਮੈਂ ਇਕ ਅੱਖ ਢੂੰਡ ਰਿਹਾ ਹਾਂ
ਅੱਖ ਜੋ ਨਮ ਹੋਵੇ
ਮੇਰੇ ਪਰਤ ਜਾਣ ਦੇ ਛਿਣ ਵਿਚ ਉਦਾਸ ਹੋਵੇ
ਪਰ ਅਜਿਹਾ ਕੁਝ ਵੀ ਨਹੀਂ ਸੀ
ਕੋਈ ਅੱਖ ਉਦਾਸ ਸੀ
ਕਿਸੇ ਅੱਖ ਕੋਲ਼ ਆਸ ਸੀ
ਮੈਂ ਪਿਛਾਂਹ ਪਰਤ ਰਿਹਾ ਹਾਂ
ਇਹ ਮੇਰਾ ਰਿਵਰਸ ਪਰਵਾਸ ਹੈ 000

***(ਫ਼ੋਨ-ਵਟਸਐਪ: +91-97795-91344***
***Email: malwinderpoet@gmail.com)***

# ਚਲੋ ਛੱਡੋ: ਕਹਾਣੀ: ਰਮਨਦੀਪ ਵਿਰਕ

"ਆਈ ਲਾਈਕ ਦੈਟ ਟਾਈਪ ਆੱਫ ਮੈਨ, ਆਹੀ ਤਾਂ ਹੁੰਦਾ ਬੰਦਾ ਹੋਣਾ", ਮੇਰੇ ਮੂੰਹੋਂ ਇਕਦਮ ਇਹੋ ਨਿੱਕਲਿਆ ਜਦੋਂ ਸ਼ੀਨੂੰ ਨੇ ਆਪਣੀ ਕੋਈ ਪੁਰਾਣੀ ਗੱਲ ਦੱਸੀ। ਉਹਨੇ ਤਾਂ ਬੇਸ਼ੱਕ ਆਪਣਾ ਹੀ ਦਰਦ ਦੱਸਿਆ ਪਰ ਮੈਨੂੰ ਉਸ ਦਰਦ ਦਾ ਦੂਜਾ ਸਿਰਾ ਆਪਣੀ ਛਾਤੀ ਵਿਚ ਚੁਭਦਾ ਮਹਿਸੂਸ ਹੋਇਆ। ਮੈਂ ਉਹਦੀ ਪੂਰੀ ਗੱਲ ਪੂਰੇ ਧਿਆਨ ਨਾਲ਼ ਸੁਣੀ। ਗੱਲ ਸੁਣਾ ਕੇ ਕਹਿੰਦੀ ਨਹੀਂ ਹੁਣ ਤਾਂ ਮੈਂ ਠੀਕ ਆਂ, ਨਾਰਮਲ ਆਂ ਪਰ ਉਹਨਾਂ ਦਿਨਾਂ 'ਚ ਬਲਕਿ ਪੂਰੇ ਛੇ ਮਹੀਨੇ ਬਹੁਤ ਪਰੇਸ਼ਾਨ ਰਹੀ, ਡਿਪਰੈਸਡ ਰਹੀ।

ਮੈਨੂੰ ਇਕ ਪਲ ਲਈ ਸ਼ੀਨੂੰ 'ਤੇ ਤਰਸ ਜਿਹਾ ਆਇਆ ਪਰ ਨਹੀਂ, ਤਰਸ ਨਹੀਂ ਕਰਨਾ, ਹਮਦਰਦੀ ਕਰਨੀ ਆਂ ਜਾਂ ਤਸੱਲੀ ਦੇਣੀ ਆਂ, ਇਹ ਦੋ ਗੱਲਾਂ ਮੈ ਆਪਣੇ ਆਪਨੂੰ ਹੀ ਕਹੀਆਂ ਉਸ ਵੇਲ਼ੇ। ਪਰ ਜਦ ਤੋਂ ਸ਼ੀਨੂੰ ਨੇ ਮੈਨੂੰ ਇਹ ਗੱਲ ਸੁਣਾਈ ਤਾਂ ਮੇਰੀ ਆਪਣੀ ਹੀ ਕਹੀ ਗੱਲ ਮੈਨੂੰ ਝੂਠਿਆਂ ਪਵਾਉਣ ਲੱਗੀ। ਮੈਂ ਵੀ ਤਾਂ ਕਈ ਵਾਰ ਕਹਿ ਦਿੰਨੀ ਆਂ ਸ਼ੀਨੂੰ ਨੂੰ ਕਿ ਆਪਣੀ ਜ਼ਿੰਦਗੀ 'ਚ ਕੋਈ ਅਜਿਹਾ ਮੇਲ ਦੋਸਤ ਜ਼ਰੂਰ ਹੋਣਾ ਚਾਹੀਦਾ ਜਿਸ ਨਾਲ਼ ਆਪਾਂ ਆਪਣੀ ਗੱਲ ਆਰਾਮ ਨਾਲ਼ ਕਰ ਸਕਦੇ ਹੋਈਏ ਤੇ ਉਹ ਵੀ ਅਜਿਹਾ ਦੋਸਤ ਜੋ ਦੋਸਤੀ ਦਾ ਮਤਲਬ ਸਮਝਦਾ ਹੋਵੇ ਤੇ ਸੰਜੀਦਗੀ ਨਾਲ਼ ਇਸ ਰਿਸ਼ਤੇ ਨੂੰ ਨਿਭਾਉਣਾ ਜਾਣਦਾ ਹੋਵੇ। ਪਰ ਅੱਜ ਜਦੋਂ ਉਹਨੇ ਆਪਣੀ ਗੱਲ ਮੈਨੂੰ ਸੁਣਾਈ ਤਾਂ ਮੈਂ ਹੀ ਉਹਦੇ ਵਿਰੋਧ 'ਚ ਖੜ੍ਹ ਗਈ। ਕਿੰਨੀ ਉਤਾਵਲੀ ਸੀ ਵਿਚਾਰੀ ਮੈਨੂੰ ਗੱਲ ਸੁਣਾਉਣ ਲਈ ਤੇ ਮੈਂ? ਮੈਂ ਗੱਲ ਹੋਰ ਈ ਪਾਸੇ ਤੋਰ ਦਿੱਤੀ।

ਇਹੀ ਤਾਂ ਹੁੰਦਾ ਬੰਦਾ ਹੋਣਾ। ਤੇ ਉਹਦੀ ਗੱਲ ਸੁਣਕੇ ਮੈ ਕਿੰਨੇ ਹੀ ਦਿਨ ਉਸ ਆਦਮੀ ਬਾਰੇ ਸੋਚਦੀ ਰਹੀ। ਜੀਅ ਕਰੇ ਉਹਨੂੰ ਮਿਲ਼ ਕੇ ਦਿਲ ਦੀ ਗੱਲ ਕਹਾਂ ਪਰ ਮੈ ਆਪਣੇ ਦਿਲ ਨੂੰ ਬੁਰੀ ਤਰ੍ਹਾਂ ਝਿੜਕ 'ਤਾ ਕਿ ਨਾ ਸੋਚ। ਬਹੁਤ ਵਾਰ ਇਉਂ ਹੁੰਦਾ। ਮੈਂ ਵਿਚਾਰੇ ਆਪਣੇ ਦਿਲ ਨਾਲ਼ ਹਮੇਸ਼ਾ ਧੱਕਾ ਕਰਦੀ ਆਂ। ਇਹਦੀ ਗੱਲ ਸੁਣਕੇ ਵੀ ਨਹੀਂ ਸੁਣਦੀ। ਮੈਨੂੰ ਬਹੁਤ ਬਦਦੁਆਵਾਂ ਦਿੰਦਾ ਹੋਣਾ ਇਹ ਵਿਚਾਰਾ ਮੇਰਾ ਦਿਲ।

...

ਚਲੋ ਛੱਡੋ। ਇਹ ਪੂਰੀ ਗੱਲ ਬਾਅਦ 'ਚ ਸਹੀ। ਪਹਿਲਾਂ ਰੋਟੀ ਪਾਣੀ ਬਣਾਉਣ ਦੀ ਸੋਚਾਂ। ਕਿ ਕਿਹੜੀ ਕਿਹੜੀ ਸਬਜ਼ੀ ਜਲਦੀ ਬਣ ਸਕਦੀ ਐ ਤੇ ਉਹ ਵੀ ਇਕ ਘੰਟੇ ਦੇ ਅੰਦਰ ਅੰਦਰ। ਮੇਰੇ ਕੋਲ਼ ਪੂਰਾ ਇਕ ਘੰਟਾ ਈ ਐ। ਉਹਦੇ 'ਚ ਮੈਂ ਦੋ ਬੈੱਡ ਰੂਮ, ਇਕ ਲੌਬੀ ਤੇ ਇਕ ਡਰਾਇੰਗ ਰੂਮ 'ਚ ਨਿਗਾਹ ਮਾਰਨੀ ਐ। ਦੇਖਣੈ ਕਿ ਬੈੱਡਸ਼ੀਟਸ ਬਦਲਣ ਵਾਲੀਆਂ ਤਾਂ ਨਹੀਂ, ਲੌਬੀ ਦਾ ਸਾਰਾ ਰੱਖ ਰਖਾਵ ਸਹੀ ਐ, ਡਰਾਇੰਗਰੂਮ ਦਾ ਫ਼ਰਨੀਚਰ ਸਭ ਓਕੇ ਐ ਨਾ!

ਹੁਣੇ ਤਾਂ ਅਜੇ ਬੱਚੇ ਸਕੂਲ ਭੇਜੇ ਨੇ, ਭਾਂਡਾ ਟੀਂਡਾ ਵੀ ਨਹੀਂ ਸਾਂਭਿਆ ਸੀ ਕਿ ਫੋਨ'ਤੇ ਹੱਬੀ ਦਾ ਆੱਰਡਰ ਆ ਗਿਐ, "ਇਕ ਘੰਟੇ ਤਕ ਭੂਆ ਹੁਣੀ ਆਉਂਦੇ ਨੇ, ਉਹਨਾਂ ਅਗਾਂਹ ਨਵੀ ਦੇ ਸਹੁਰੀਂ ਜਾਣਾ ..."

ਮੇਰੇ ਅੱਛਾ ਕਹਿਣ ਤੋਂ ਪਹਿਲਾਂ ਹੀ ਅਗਲਾ ਫ਼ਰਮਾਨ:

"ਨਵੀ ਦਾ ਸਾਲ਼ਾ ਤੇ ਉਹਦਾ ਕੋਈ ਹੋਰ ਰਿਸ਼ਤੇਦਾਰ ਵੀ ਨਾਲ਼ ਐ, ਦੁਪਹਿਰ ਦੀ ਰੋਟੀ ਖਾ ਕੇ ਜਾਣਗੇ, ਤੂੰ ਦੇਖ ਲਈਂ, ਜੇ ਕੁਝ ਚਾਹੀਦਾ ਤਾਂ ਫ਼ੋਨ ਕਰਕੇ ਮੋੜ ਆਲ਼ੇ 'ਤੋਂ ਮੰਗਾ ਲੀਂ..."

ਗੱਲ ਅਜੇ ਚੱਲ ਹੀ ਰਹੀ ਸੀ ਤੇ ਮੈ ਓਕੇ ਓਕੇ ਕਹਿ ਕੇ ਫ਼ੋਨ ਰੱਖ ਦਿੱਤਾ। ਮੈਨੂੰ ਲੱਗਿਆ ਕਿ ਪੰਜ ਮਿੰਟ ਵੀ ਖ਼ਰਾਬ ਨਾ ਕਰਾਂ ਤੇ ਆਪਣਾ ਕੰਮ ਨਿਬੇੜਾਂ। ਇਹ ਕਿਹੜਾ ਅੱਜ ਦੀ ਕੋਈ ਨਵੀਂ

ਗੱਲ ਐ। ਮੇਰੇ ਘਰ ਦਾ ਤਾਂ ਇਹ ਨਿੱਤ ਦਾ ਈ ਹਾਲ ਐ। ਕੋਈ ਹਫ਼ਤਾ ਈ ਭਾਵੇਂ ਖਾਲੀ ਜਾਵੇ ਜਦੋਂ ਕੋਈ ਰਿਸ਼ਤੇਦਾਰ ਨਹੀਂ ਆਉਂਦਾ। ਹਫ਼ਤਾ ਵੀ ਉਦੋਂ ਦਾ ਹੋਇਆ ਜਦੋਂ ਦੀ ਮੈ ਥੋੜ੍ਹੀ ਸਖ਼ਤ ਹੋਈ ਆਂ, ਨਹੀਂ ਤਾਂ ਇਹ ਹਰ ਰੋਜ਼ ਜਾਂ ਹਰ ਦੂਜੇ ਦਿਨ ਦੀ ਗੱਲ ਹੁੰਦੀ ਸੀ। ਲੋਕੀਂ ਵੀ ਹੱਦ ਈ ਐ, ਪੁੱਛਦੇ ਵੀ ਨਹੀਂ ਕਿ ਤੁਸੀਂ ਕਿਤੇ ਜਾਣਾ ਤਾਂ ਨਹੀਂ? ਕੋਈ ਤੁਹਾਡੇ ਬੱਚਿਆਂ ਦੇ ਇਮਤਿਹਾਨ ਤਾਂ ਨਹੀਂ? ਕੋਈ ਬੀਮਾਰ ਸ਼ਮਾਰ ਵੀ ਹੋ ਸਕਦਾ। ਪਰ ਨਹੀਂ। ਮੂੰਹ ਚੁੱਕੀ ਤੁਰੇ ਆਉਣਗੇ।

ਆਪਣੇ ਸੌ ਕੰਮ ਛੱਡ ਕੇ ਐਵੇਂ ਝੂਠੀ ਜਿਹੀ ਸਮਾਈਲ ਨਾਲ਼ ਉਹਨਾਂ ਅਣਚਾਹਿਆਂ ਦਾ ਸਵਾਗਤ ਕਰਨਾ ਪੈਂਦਾ। ਵੈਸੇ ਇਹ ਸਾਰਾ ਮੇਰਾ ਈ ਕਸੂਰ ਐ ਜਾਂ ਮੇਰੇ ਸੁਭਾਅ ਦਾ ਕਿ ਜਦੋਂ ਕੋਈ ਸਾਡੇ ਘਰ ਆਉਂਦਾ ਤੇ ਜਿੰਨਾ ਚਿਰ ਵੀ ਉਹ ਮਹਿਮਾਨ ਬਣਕੇ ਰਹਿੰਦੇ ਆ ਤਾਂ ਪਰਫ਼ੈਕਟ ਮਹਿਮਾਨ ਨਿਵਾਜ਼ੀ ਕਰਦੀ ਆਂ। ਕਰਨੀ ਵੀ ਚਾਹੀਦੀ, ਪਰ ਗ਼ੁੱਸਾ ਉਦੋਂ ਆਉਂਦਾ ਜਦੋਂ ਥੱਕੀ ਟੁੱਟੀ ਵੀ ਮੈਂ ਆਪਣੇ ਹੱਬੀ ਨੂੰ ਨਜ਼ਰ ਨਹੀਂ ਆਉਂਦੀ। ਉਹ ਤਾਂ ਖ਼ੁਸ਼ ਹੁੰਦਾ ਜਦੋਂ ਅਗਲੇ ਇਹਦੇ ਅੱਗੇ ਮੇਰੀ ਤਾਰੀਫ਼ ਕਰਦੇ ਆ ਕਿ ਤੇਰੀ ਵਾਈਫ਼ ਵਰਗੀ ਕੋਈ ਨਹੀਂ, ਬਹੁਤ ਮਿਲਣਸਾਰ ਐ, ਖਿੜੇ ਮੱਥੇ ਮਿਲ਼ਦੀ ਐ। ਸੋ ਨਾਈਸ ਆੱਫ ਹਰ ... ਤੂੰ ਬਹੁਤ ਲੱਕੀ ਐਂ, ਇਹੋ ਜਿਹੀ ਵਾਈਫ਼ ਮਿਲ਼ੀ ਐ ...ਬਲਾ ਬਲਾ ਬਲਾ ...

ਆਪਣੇ ਪੇਕਿਆਂ ਦੇ ਤਾਂ ਮੈਂ ਆਪ ਈ ਨਹੀਂ ਜਾਂਦੀ ਬਹੁਤਾ। ਜਦੋਂ ਕਦੇ ਇੱਜ਼ਤ ਮਾਣ ਨਾਲ਼ ਬੁਲਾਉਂਦੇ ਐ, ਜਾਂ ਕੋਈ ਖ਼ਾਸ ਫੰਕਸ਼ਨ ਹੁੰਦਾ ਤੇ ਜਾਣਾ ਜ਼ਰੂਰੀ ਹੋ ਜਾਂਦਾ, ਉਦੋਂ ਈ ਜਾਈਦਾ। ਇਉਂ ਤਾਂ ਕਦੇ ਵੀ ਨਹੀਂ ਕੀਤਾ ਕਿ ਉੱਧਰੋਂ ਲੰਘਣ ਲੱਗੇ ਸੀ ਸੋਚਿਆ ਮਿਲ਼ ਜਾਈਏ। ਸਾਰੇ ਆਪਣੇ ਵਰਗੇ ਈ ਹੁੰਦੇ ਐ। ਮੈਂ ਤਾਂ ਕਈ ਵਾਰ ਚਾਹ ਕੇ ਵੀ ਨਹੀਂ ਜਾਂਦੀ। ਮੈਨੂੰ ਕਹਿ ਵੀ ਦਿੰਦੇ ਨੇ ਕਿ ਨਿਰਮੋਹੀ ਹੋ ਗੀ। ਪਰ ਕੀ ਦੱਸਾਂ ਕਿ ਦਿਲ ਵਿਚਾਰੇ ਦੀ ਤਾਂ ਕਦੇ ਮੈ ਮੰਨੀ ਹੀ ਨਹੀਂ। ਖ਼ੈਰ ਇਸੇ ਕਰਕੇ ਉਹ ਵੀ ਬਹੁਤ ਘੱਟ ਆਉਂਦੇ ਨੇ। ਐਵੇਂ ਭਾਵੇਂ ਕੋਈ ਸਾਲ ਛਿਮਾਹੀ ਗੇੜਾ ਮਾਰੇ। ਬਾਕੀ ਮੈਂ ਵੀ ਬਹੁਤ ਬਿਜ਼ੀ ਹੁੰਦੀ ਆਂ। ਉਹਨਾਂ ਨੂੰ ਪਤਾ ਵੀ ਮੇਰਾ ਹੱਬੀ ਸੋਸ਼ਲ ਬਹੁਤ ਆ। ਉਹਦਾ ਈ ਮੇਲਾ ਗੇਲਾ ਸੂਤ ਨਹੀਂ ਆਉਂਦਾ। ਪਰ ਮੈਂ ਇਹ ਗੱਲ ਉਹਨਾਂ ਨੂੰ ਕਦੇ ਦੱਸੀ ਨਹੀਂ, ਉਹਨਾਂ ਨੂੰ ਪਤਾ ਈ ਐ। ਦੂਜੀ ਗੱਲ ਮੈਂ ਵੀ ਬਹੁਤੀ ਸਿਆਣੀ, ਕੰਮ-ਕਾਜ਼ੀ ਤੇ ਪੜ੍ਹੀ ਲਿਖੀ ਨੂੰਹ ਧੀ ਦੇ ਫ਼ਰਜ਼ ਨਿਭਾਉਣ 'ਚ ਐਨੀ ਖੁਭ ਗਈ ਕਿ ਆਪਣਾ ਆਪ ਜਿਵੇਂ ਰੋਲ਼ ਹੀ ਲਿਆ।

ਰੁਲ਼ਣਾ ਤਾਂ ਹੈਗਾ ਈ ਸੀ। ਵੱਡਾ ਖ਼ਾਨਦਾਨ, ਵੱਡੀ ਜਾਇਦਾਦ ਵਾਲ਼ਾ ਘਰ ਜੁ ਮਿਲ਼ਿਆ ਏ ਮੈਨੂੰ। ਰੁਲਣਾ ਸ਼ਬਦ ਤਾਂ ਮੈਂ ਆਪੇ ਬਣਾ ਲਿਆ, ਇਹ ਤਾਂ ਸਾਡੀ ਅਮੀਰੀ ਐ ਅਸਲ 'ਚ। ਢੇਰ ਸਾਰਾ ਗਹਿਣਾ ਗੱਟਾ, ਸੁੱਚੀ ਜ਼ਰੀ ਵਾਲੇ ਸੂਟ ਤੇ ਸੁੱਚੀ ਜ਼ਰੀ ਦੀਆਂ ਹੀ ਜੁੱਤੀਆਂ ਤੇ ਹੋਰ ਬਥੇਰਾ ਕੁਝ ਹੁੰਦਾ ਸਾਡੇ ਕੋਲ਼।

ਚਲੋ ਛੱਡੋ। ਮੈ ਕਿੱਧਰ ਨੂੰ ਤੁਰ ਪਈ। ਹੁਣ ਤਾਂ ਸੱਤ ਅੱਠ ਸਾਲ ਹੋ ਗਏ ਸਾਨੂੰ ਇਸ ਸ਼ਹਿਰ 'ਚ ਰਹਿੰਦਿਆਂ। ਹੱਬੀ ਦੀ ਹੀ ਇੱਛਾ ਸੀ ਕਿ ਜਿਸ ਸ਼ਹਿਰ 'ਚ ਉਹਨਾਂ ਆਪਣੀ ਸਟੱਡੀ ਕੀਤੀ ਸੀ ਤੇ ਜਿਸ ਸ਼ਹਿਰ 'ਚ ਜੌਬ ਮਿਲ਼ੀ, ਉੱਥੇ ਹੀ ਰਿਹਾਇਸ਼ ਕਰਨੀ।

ਤੇ ਇੱਥੇ ਇਹ 'ਕੱਲਾ ਮੇਰਾ ਹੱਬੀ ਮੈਥੋਂ ਸੂਤ ਨਹੀਂ ਆਉਂਦਾ।

ਸੂਤ ਤਾਂ ਮੈ ਕੀ ਕਰਨਾ ਇਸਨੂੰ। ਦੇਖਣ ਨੂੰ ਤਾਂ ਬਹੁਤ ਵਧੀਆ। ਲੰਮ ਸਲੰਮਾ, ਸੋਹਣਾ, ਚੰਗੀ ਡੀਲ ਡੌਲ ਵਾਲ਼ਾ, ਚੰਗੇ ਪੈਸੇ ਟਕੇ ਵਾਲ਼ਾ, ਜਿਹੋ ਜਿਹਾ ਹਰ ਕੁੜੀ ਚਾਹੁੰਦੀ ਐ ਆਪਣੇ ਲਈ, ਤੇ ਮੈਨੂੰ ਪਿਆਰ ਵੀ ਬਹੁਤ ਜਤਾਉਂਦਾ। ਡਿਊਟੀ ਜਾਣ ਲੱਗਾ ਵੀ ਘੁੱਟ ਕੇ ਪਿਆਰ ਕਰ ਕੇ ਜਾਂਦਾ, ਮਜਾਲ ਐ ਕਦੇ ਭੁੱਲ ਜਾਵੇ। ਪਰ ਜਦੋਂ ਮਹੀਨੇ 'ਚ ਇਕ ਵਾਰ ਹਫ਼ਤੇ ਭਰ ਲਈ ਘਰੋਂ ਬਾਹਰ ਜਾਂਦਾ ਤਾਂ ਫਿਰ ਵੀ ਮਜਾਲ ਈ ਐ ਕਿ ਕਦੇ ਫ਼ੋਨ ਕਰ ਕੇ ਹਾਲ ਪੁੱਛੇ। ਜਦੋਂ ਘਰ ਹੁੰਦਾ ਉਦੋਂ ਭਾਵੇਂ ਅੱਧੀ ਰਾਤ ਨੂੰ ਮੈਨੂੰ ਕੋਈ ਤਕਲੀਫ਼ ਹੋਵੇ ਤਾਂ ਉਸੇ ਵੇਲੇ ਕਹੂ ਕਿ ਚੱਲ ਜਲਦੀ ਕਰ ਆਪਾਂ ਡਾਕਟਰ ਦੇ ਚੱਲਦੇ ਆਂ। ਪਰ ਜੇ ਸਵੇਰੇ ਮੈ ਕਹਾਂ ਕਿ ਅੱਜ ਮੇਰਾ ਦਿਲ ਠੀਕ ਨਹੀਂ, ਮੇਰਾ ਰੋਣ ਈ ਨਿਕਲ਼ੀ

ਜਾਂਦਾ, ਥੋੜੇ ਨਾਲ਼ ਬਹੁਤ ਗੱਲਾਂ ਕਰਨ ਨੂੰ ਜੀਅ ਕਰਦਾ ਤਾਂ ਉਦੋਂ ਕੁਝ ਨਹੀਂ ਬੋਲਦਾ ਤੇ ਨਾ ਹੀ ਕਦੇ ਪੁੱਛਦਾ ਕਿ ਤੂੰ ਕਿਉਂ ਦੁਖੀ ਏਂ? ਨਾ ਈ ਫ਼ੋਨ ਕਰ ਕੇ ਪੁੱਛਦਾ ਕਿ ਸਵੇਰੇ ਤੂੰ ਅੱਪਸੈੱਟ ਸੀ, ਹੁਣ ਠੀਕ ਐਂ? ਫ਼ੋਨ ਤਾਂ ਉਦੋਂ ਈ ਕਰਦਾ ਜਦੋਂ ਕਿਸੇ ਦੇ ਆਉਣ ਦਾ ਦੱਸਣਾ ਹੋਵੇ ਕਿ ਆਹ ਬਣਾ ਲੈ, ਅਹੁ ਬਣਾ ਲੈ ਜਾਂ ਪੁੱਛਦਾ ਹੁੰਦਾ ਮੇਰੀ ਫਲਾਣੀ ਚੀਜ਼ ਕਿੱਥੇ ਆ, ਲੱਭ ਕੇ ਰੱਖੀਂ...ਯੇ ਵੋਹ... ਇਹਦੀ ਸੋਸ਼ਲ ਲਾਈਫ਼ ਈ ਇਹੋ ਜਿਹੀ ਐ ਕਿ ਘਰੇ ਕਦੇ ਟਿਕਦਾ ਹੀ ਨਹੀਂ। ਦੋਸਤਾਂ ਦੀਆਂ ਮਹਿਫ਼ਲਾਂ ਦਾ ਵੀ ਕੋਈ ਹਿਸਾਬ ਕਿਤਾਬ ਨੀਂ। ਜਿਹੜੇ ਇਹਨੂੰ ਅੱਧੀ ਪੌਣੀ ਰਾਤ ਤਕ ਰੋਕੀ ਰੱਖਦੇ ਐ।

ਦਫ਼ਾ ਹੋਵੇ, ਮੈ ਤਾਂ ਹੁਣ ਬਹੁਤਾ ਸੋਚਦੀ ਹੀ ਨਹੀਂ।

ਪਰ ਹੁਣ ਜਦੋਂ ਇਹੋ ਜਿਹੀ ਮਹਿਮਾਨ ਨਿਵਾਜ਼ੀ ਕਰਨੀ ਪੈ ਜੇ ਤਾਂ ਸੱਚੀਂ ਮੇਰਾ ਸਾਰਾ ਮੂਡ ਅੱਪਸੈੱਟ ਹੋ ਜਾਂਦਾ।

ਚਲੋ ਛੱਡੋ, ਅੱਧਾ ਘੰਟਾ ਹੋ ਗਿਆ ਹੱਬੀ ਦਾ ਫ਼ੋਨ ਆਏ ਨੂੰ। ਅਜੇ ਡਸਟਿੰਗ ਕਰਕੇ, ਚਾਦਰਾਂ ਬਦਲ ਕੇ, ਡਾਇਨਿੰਗ ਟੇਬਲ ਦੀ ਸੈਟਿੰਗ ਕਰ ਕੇ ਮਸਾਂ ਨਹਾਤੀਓ ਆਂ ਕਿ ਬਾਹਰ ਮੁੰਡਾ ਦਹੀਂ ਤੇ ਪਨੀਰ ਦੇਣ ਆ ਗਿਐ।

ਮਿਕਸ ਦਾਲ਼ ਕੁੱਕਰ ‘ਚ ਰਿੱਝ ਰਹੀ ਐ, ਮਸਾਲਾ ਮੈਂ ਇਕੱਠਾ ਈ ਬਣਾ ਲੈਣਾ, ਲਸਣ ਅਦਰਕ ਪਿਆਜ਼ ਟਮਾਟਰ ਇਹੀ ਸਾਰਾ ਕੁਝ ਤਾਂ ਪੈਂਦਾ ਦਾਲ ਸਬਜ਼ੀ ‘ਚ। ਬਸ ਮੇਰੀ ਆਪਣੀ ਕਲਾਕਾਰੀ ਐ ਕਿ ਬਰਾਬਰ ਸਮੇਂ ‘ਤੇ ਦੋ ਜਾਂ ਤਿੰਨ ਸਬਜ਼ੀਆਂ ਬਣਾ ਲੈਂਦੀ ਆਂ। ਪਰ ਅੱਜ ਦਾਲ਼ ਤੇ ਸ਼ਾਹੀ ਪਨੀਰ ਈ ਬਣਾਉਣਾ। ਭੂਆ ਹੁਣੀ ਜਲਦੀ ‘ਚ ਨੇ ਤੇ ਮੇਰੇ ਲਈ ਸੌਖਾ ਐ ਕਹਿਣਾ ਕਿ ਉਹਨਾਂ ਦੱਸਿਆ ਈ ਹੁਣ ਐ, ਨਹੀਂ ਤਾਂ ਚਿਕਨ ਬਣਾਏ ਬਿਨਾਂ ਸਾਡੀ ਆਓ ਭਗਤ ਅਧੂਰੀ ਐ। ਸਲਾਦ ਤੇ ਰਾਇਤਾ ਤਾਂ ਮੇਰੇ ਲਈ ਮਿੰਟਾਂ ਦਾ ਕੰਮ ਐ। ਕੁਝ ਵੀ ਨਾ ਬਣਿਆ ਹੋਵੇ ਤਾਂ ਵੀ ਰਾਇਤਾ ਤਾਂ ਝੱਟ-ਪੱਟ ਰੈਡੀ ਹੋ ਜਾਂਦਾ। ਮੈ ਸਲਾਦ ਦਾ ਸਾਰਾ ਸਮਾਨ ਕਰੱਸ਼ ਕਰਕੇ ਦਹੀਂ ‘ਚ ਮਿਕਸ ਕਰ ਲੈਨੀ ਆਂ ਤੇ ਉੱਪਰੋਂ ਭੁੱਜਿਆ ਜ਼ੀਰਾ ਤੇ ਕਾਲਾ ਨਮਕ ਮਿਰਚ ਭੁੱਕ ਦਿਓ। ਹਰਾ ਧਨੀਆ ਤੇ ਬਰੀਕ ਕੱਟੀ ਹਰੀ ਮਿਰਚ ਦੀ ਸਜਾਵਟ ...

ਚਲੋ ਛੱਡੋ, ਮੈਂ ਆਟਾ ਗੁੰਨ੍ਹ ਕੇ ਰੱਖ ਲਿਐ ਤੇ ਆਉਂਦਿਆਂ ਨੂੰ ਪਾਣੀ ਜਾਂ ਸ਼ਰਬਤ ਦੇਣ ਲਈ ਗਿਲਾਸ ਤੇ ਜੱਗ ਰੈਡੀ ਕਰ ਲਏ ਨੇ। ਬੱਸ ਹੁਣ ਮੈ ਫਰੀ ਹਾਂ। ਥੋੜ੍ਹੀ ਰਾਹਤ ਆ। ਸ਼ੁਕਰ ਐ ਇਕ ਘੰਟੇ ਤੋਂ ਦਸ ਕੁ ਮਿੰਟ ਉੱਪਰ ਹੋਏ ਨੇ ਤੇ ਮੈ ਆਰਾਮ ਕਰਨ ਲਈ ਲੌਬੀ ‘ਚ ਬੈਠ ਗਈ ਹਾਂ।

ਮੇਰੇ ਫ਼ੋਨ ਦੀ ਘੰਟੀ ਵੱਜੀ।

ਮੇਰੀ ਬਹੁਤ ਖ਼ਾਸ ਦੋਸਤ ਦਾ ਫ਼ੋਨ ਆ ਗਿਐ। ਉਹ ਬਹੁਤ ਘੱਟ ਫ਼ੋਨ ਕਰਦੀ ਐ, ਜਦੋਂ ਈ ਉਹਦਾ ਫ਼ੋਨ ਆਉਂਦਾ ਤਾਂ ਸਾਡੀਆਂ ਗੱਲਾਂ ਘੰਟਿਆਂ ‘ਚ ਹੀ ਹੁੰਦੀਆਂ। ਮੇਰੀਆਂ ਬਹੁਤ ਸਾਰੀਆਂ ਮੁਸ਼ਕਲਾਂ ਤਾਂ ਉਹ ਸੌਖਿਆਂ ਈ ਹੱਲ ਕਰ ਦਿੰਦੀ ਐ ਗੱਲੀਂ ਬਾਤੀਂ। ਕਰਦੀ ਤਾਂ ਮੈਂ ਵੀ ਇਉਂ ਹੀ ਆਂ ਪਰ ਮੇਰਾ ਫਿਕਸ ਐ ਕਿ ਜੇ ਮੈਂ ਕਿਸੇ ਗੱਲੋਂ ਅਪਸੈੱਟ ਹੋਵਾਂ ਤਾਂ ਉਹਨੂੰ ਆਥਣੇ ਜਿਹੇ ਫ਼ੋਨ ਕਰਦੀ ਆਂ ਤਾਂ ਕਿ ਉਹਦਾ ਵੀ ਦਿਨ ਖ਼ਰਾਬ ਨਾ ਹੋਵੇ। ਰਾਤ ਤਾਂ ਸਭ ਦੀ ਸੌਂ ਕੇ ਨਿੱਕਲ਼ ਜਾਂਦੀ ਐ। ਤੇ ਜੇ ਕਦੇ ਕੋਈ ਟੌਪਿਕ ਡਿਸਕਸ ਕਰਨਾ ਹੋਵੇ ਜਾਂ ਕੋਈ ਖ਼ੁਸ਼ੀ ਸਾਂਝੀ ਕਰਨੀ ਹੋਵੇ ਤਾਂ ਸਵੇਰੇ ਛੇ ਵਜੇ ਵੀ ਲਾ ਲੈਂਦੀ ਹਾਂ ਫ਼ੋਨ। ਇਹ ਵੀ ਮੇਰੀ ਆਪਣੀ ਹੀ ਮਰਜ਼ੀ ਹੁੰਦੀ ਐ। ਉਹ ਤਾਂ ਅੱਜ ਕੱਲ੍ਹ ਬਿਲਕੁਲ ਫਰੀ ਹੁੰਦੀ। ਉਹਦੀ ਬੇਟੀ ਛੁੱਟੀਆਂ ‘ਚ ਟ੍ਰਿਪ ‘ਤੇ ਗਈ ਹੋਈ ਐ।

ਪਹਿਲਾਂ ਤਾਂ ਉਹਦਾ ਘਰਵਾਲ਼ਾ ਬਹੁਤ ਰੁੱਝਿਆ ਰਹਿੰਦਾ ਸੀ ਪਰ ਅੱਜ ਕੱਲ੍ਹ ਘਰੇ ਐ ਤੇ ਬਹੁਤ ਲਹੂ ਪੀਂਦਾ ਉਹਦਾ। ਸੁਭਾਅ ਦਾ ਬੇਹੱਦ ਸ਼ੱਕੀ, ਤਾਂ ਹੀ ਉਹਨੂੰ ‘ਕੱਲੀ ਨੂੰ ਕਿਧਰੇ ਜਾਣ ਨਹੀਂ ਦਿੰਦਾ। ਉਂਝ ਉਹਨਾਂ ਦੀ ਆਪਣੀ ਫਾਇਨਾਂਸ ਕੰਪਨੀ ਸੀ ਪਰ ਹੁਣ ਉਹ ਕੰਪਨੀ ਸੇਲ ਕਰ

ਦਿੱਤੀ। ਕਿਉਂਕਿ ਪੈਸਾ ਤੇ ਪ੍ਰਾਪਰਟੀ ਤਾਂ ਬਥੇਰੀ ਬਣਾ ਲਈ ਸੀ ਤੇ ਹੁਣ ਹੋਰ ਸਿਰਦਰਦੀ ਲੈਣ ਦੀ ਹਿੰਮਤ ਨਹੀਂ ਸੀ ਰਹੀ। ਹੁਣ ਤਾਂ ਉਹਨਾਂ ਦੀਆਂ ਦੁਕਾਨਾਂ ਤੇ ਸ਼ੋਅ ਰੂਮਾਂ ਦਾ ਕਿਰਾਇਆ ਈ ਬਹੁਤ ਆ ਜਾਂਦਾ। ਪਰ ਮੈਂ ਸ਼ੀਨੂੰ ਨੂੰ ਸਲਾਹ ਦਿੰਦੀ ਹਾਂ ਕਿ ਆਪਣਾ ਬੁਟੀਕ ਖੋਲ੍ਹ ਲਵੇ । ਉਹਨੂੰ ਬਹੁਤ ਸ਼ੌਕ ਐ ਨਵੇਂ ਨਵੇਂ ਡੀਜ਼ਾਈਨ ਵਾਲ਼ੀ ਕਢਾਈ ਕੀਤੇ ਸੂਟਾਂ ਦਾ। ਨਾਲ਼ੇ ਬਿਜ਼ੀ ਹੋ ਜਾਊ, ਖ਼ੁਸ਼ ਰਹੂ ਤੇ ਨਾਲੇ ਚਾਰ ਪੈਸੇ ਆਪਣੀ ਮਿਹਨਤ ਦੇ ਆਉਣਗੇ। ਆਪਣੇ ਕਮਾਇਆਂ ਦਾ ਵੱਖਰਾ ਈ ਆਨੰਦ ਹੁੰਦਾ। ਮੈਂ ਵੀ ਤਾਂ ਐਨੀ ਬਿਜ਼ੀ ਹੋਣ ਦੇ ਬਾਵਜੂਦ ਜੌਬ ਕਰਦੀ ਹਾਂ। ਪੈਸੇ ਦੀ ਲੋੜ ਨਾਲੋਂ ਮੈਨੂੰ ਇਹ ਸਾਬਤ ਕਰਨ ਦੀ ਜ਼ਿਆਦਾ ਲੋੜ ਸੀ ਕਿ ਹਾਂ ਮੈ ਵੀ ਕਮਾ ਸਕਦੀ ਆਂ। ਕੋਈ ਵਾਰ ਵਾਰ ਇਹ ਤਾਂ ਨਹੀਂ ਨਾ ਸੁਣ ਸਕਦਾ ਕਿ ਕਦੇ ਇਕ ਰੁਪਈਆ ਵੀ ਕਮਾਇਆ ਹੋਵੇ ਤਾਂ ਪਤਾ ਲੱਗੇ। ਤਾਂ ਹੀ ਹੁਣ ਪਾਰਟ ਟਾਈਮ ਜੌਬ ਲੱਭ ਲਈ। ਟੌਹਰ ਨਾਲ਼ ਰਹਿੰਨੀ ਆਂ ਪਰ ਸ਼ੀਨੂੰ ਹੁਣ ਉਸੇ ਤਰ੍ਹਾਂ ਜਿਉਣ ਦੀ ਆਦੀ ਹੋ ਗਈ ਐ ਜਿਵੇਂ ਐਨੇ ਸਾਲਾਂ ਤੋਂ ਜਿਉਂ ਰਹੀ ਐ। ਊਂ ਪਰ ਖ਼ੁਸ਼ ਰਹਿਣਾ ਵੀ ਚਾਹੁੰਦੀ ਐ। ਜੇ ਕਦੇ ਕਿਧਰੇ ਜਾਣ ਦਾ ਜੀਅ ਵੀ ਕਰਦਾ ਤਾਂ ਸਿਰਫ ਮੇਰੇ ਨਾਲ਼ ਜਾਣ ਦੀ ਇਜਾਜ਼ਤ ਐ ਉਹਨੂੰ। ਹੋਰ ਕਿਸੇ ਨਾਲ਼ ਨਹੀਂ।

ਮੇਰੇ ਨਾਲ਼ ਹੀ ਕਿਉਂ? ਇਹ ਵੀ ਇਕ ਘਟਨਾ ਹੀ ਸੀ।

ਮੈ ਕਾਰ ਚਲਾਉਣੀ ਸਿੱਖੀ ਸੀ ਉਦੋਂ ਤੇ ਲਾਇਸੈਂਸ ਨਵਾਂ ਬਣਵਾਉਣ ਲਈ ਕਿਸੇ ਦਫਤਰ ਗਈ। ਮੈਨੂੰ ਹੱਬੀ ਉੱਥੇ ਉਤਾਰ ਗਏ ਸੀ ਤੇ ਕਹਿੰਦੇ ਵਾਪਸੀ ਵੇਲ਼ੇ ਆੱਟੋ ਲੈਕੇ ਚਲੀ ਜਾਵੀਂ। ਉੱਥੇ ਈ ਮੈਨੂੰ ਇਹ ਮਿਲ਼ ਪਿਆ, ਸ਼ੀਨੂੰ ਦਾ ਹੱਬੀ। ਮੈਨੂੰ ਕਹਿੰਦਾ ਮੈਂ ਵੀ ਉੱਧਰ ਹੀ ਚੱਲਿਆਂ ਤੁਹਾਡੇ ਵੱਲ, ਆਪਾਂ 'ਕੱਠੇ ਚੱਲਦੇ ਆਂ, ਤੁਹਾਨੂੰ ਡਰਾੱਪ ਕਰ ਦਿਆਂਗਾ।

ਮੈ ਕਿਹਾ ਨਹੀਂ ਭਾਅ ਜੀ ਮੈਂ ਚਲੀ ਜਾਊਂ

ਉਹ ਤਾਂ ਖਹਿੜੇ ਈ ਪੈ ਗਿਆ

ਮੈ ਹਾਰ ਕੇ ਕਿਹਾ, "ਸੌਰੀ ਭਾਅ ਜੀ, ਮੈਂ ਆੱਟੋ 'ਤੇ ਜਾ ਕੇ ਜ਼ਿਆਦਾ ਕਮਫਰਟੇਬਲ ਆਂ।"

ਬਸ ਫਿਰ ਘਰ ਜਾ ਕੇ ਲੱਗ ਪਿਆ ਬੋਲਣ, "ਆਹ ਹੁੰਦੀਆਂ ਨੇ ਸਾਊ ਔਰਤਾਂ, ਸਿੱਖ ਲਾ ਉਹਤੋਂ ਕੁਝ, ਮੈ ਜ਼ੋਰ ਲਾ ਲਿਆ ਕਿ ਘਰ ਛੱਡ ਆਉਨਾਂ, ਕਹਿੰਦੀ ਨਹੀਂ ਮੈਂ ਤਾਂ ਆਟੋ 'ਤੇ ਈ ਜਾਣਾ, ਜੇ ਤੂੰ ਹੁੰਦੀ ਤੂੰ ਤਾਂ ਝੱਟ ਬਹਿ ਜਾਣਾ ਸੀ ਕਿ ਫਿਰ ਕੀ ਹੁੰਦਾ ਨੀਲੂ ਦਾ ਹੱਬੀ ਐ, ਮੇਰਾ ਭਾਅ ਜੀ ਓ ਆ, ਕੀ ਫ਼ਰਕ ਪੈਂਦਾ!"

ਤੇ ਇਹ ਗੱਲ ਵੀ ਮੈਨੂੰ ਸ਼ੀਨੂੰ ਨੇ ਉਦੋਂ ਹੀ ਦੱਸ ਦਿੱਤੀ ਸੀ। ਬੜਾ ਹੱਸੀਆਂ ਸੀ ਅਸੀਂ ਕਿ ਦੇਖ ਲਓ ਕਿਵੇਂ ਪਰਖਦਾ ਏ ਬੰਦਾ ਦੂਜੀਆਂ ਨੂੰ।

ਤੇ ਹੁਣ ਤਾਂ ਇਹਦੇ ਹੱਬੀ ਦੀ ਸ਼ੂਗਰ ਹੱਦੋਂ ਵਧ ਗਈ। ਸ਼ਰਾਬ ਪੀ ਪੀ ਲਿਵਰ ਖ਼ਰਾਬ ਕਰ ਲਿਆ ਤੇ ਹੁਣ ਬੈੱਡ 'ਤੇ ਹੀ ਹੁੰਦਾ ਜ਼ਿਆਦਾ ਸਮਾਂ। ਆਪ ਜਿੰਨਾ ਚਿਰ ਤਕੜਾ ਸੀ ਕਦੇ ਇੱਧਰ ਕਦੇ ਉੱਧਰ ਗੋਪੀਆਂ 'ਚ ਹੀ ਰਹਿੰਦਾ ਸੀ, ਅਮੀਰ, ਸਰੀਰੋਂ ਤਕੜੇ ਤੇ ਦਿਮਾਗ਼ੋਂ ਸਾਫ਼ ਬੰਦੇ ਨੂੰ ਤਾਂ ਮੱਖੀਆਂ ਵਾਂਗ ਲੱਗ ਜਾਂਦੀਆਂ ਹਾਬੜੀਆਂ ਹੋਈਆਂ ਔਰਤਾਂ। ਇਹ ਵੀ ਤਾਂ ਸੋਹਣੇ ਚੰਮ ਦਾ ਸ਼ੁਕੀਨ ਰਿਹਾ ਸਾਰੀ ਉਮਰ। ਪਰ ਸਜ਼ਾ ਉਹ ਭੁਗਤ ਦੀਆਂ ਜਿਹੜੀਆਂ ਇਹੋ ਜਹਿਆਂ ਦੇ ਲੜ ਲੱਗ ਜਾਂਦੀਆਂ। ਬਾਹਰਲੇ ਚਸਕਿਆਂ ਤੇ ਸੁਨੱਖੀਆਂ ਦੇ ਸ਼ੌਕੀਨ ਆਪਣੀਆਂ ਨੂੰ ਬਿਨਾਂ ਕਸੂਰੋਂ ਹੀ ਕੈਦ ਜਿਹੀ ਕੱਟਣ ਲਈ ਮਜਬੂਰ ਕਰੀ ਰੱਖਦੇ ਆ। ਇਹ ਵੀ ਤਾਂ ਵਿਚਾਰੀ ਨੇ ਬਹੁਤ ਕੁਝ ਬਿਨਾਂ ਗ਼ਲਤੀ ਦੇ ਹੀ ਸਹਿ ਲਿਆ। ਸੋਹਣੇ ਹੋਣ ਦੀ ਗ਼ਲਤੀ ਤੇ ਔਰਤ ਹੋਣ ਦੀ ਗ਼ਲਤੀ। ਗੱਲ ਗੱਲ 'ਤੇ ਸ਼ੱਕ ਕਰਦਾ। ਹੱਸਣਾ ਤਾਂ ਕੀ, ਉਹ ਤਾਂ ਹਉਕਾ ਵੀ ਡਰ ਕੇ ਭਰਦੀ ਐ।

ਚਲੋ ਛੱਡੋ, ਪਰ ਹੁਣ ਮੈਂ ਫ਼ੋਨ ਨਹੀਂ ਚੁੱਕਣਾ। ਦਿਲ ਤਾਂ ਕਰਦੈ ਉਹਦੇ ਨਾਲ਼ ਗੱਲ ਕਰਾਂ, ਕੋਈ ਆਪਣੀ ਸੁਣਾਵਾਂ, ਕੋਈ ਉਹਦੀ ਸੁਣਾਂ, ਪਰ ਹੁਣ ਇਹ ਵਕਤ ਸਹੀ ਨਹੀਂ। ਬਸ ਭੂਆ ਹੁਣੀ ਆਏ ਕਿ ਆਏ, ਇਸ ਕਰ ਕੇ ਵਿਚੋਂ ਹੀ ਫ਼ੋਨ ਕੱਟਣਾ ਵੀ ਠੀਕ ਨਹੀਂ ਲਗਦਾ। ਥੋੜ੍ਹੇ ਦਿਨ

ਪਹਿਲਾਂ ਵੀ ਤਾਂ ਇਉਂ ਹੋਇਆ ਸੀ। ਉਹਨੇ ਮਸਾਂ ਹੀ ਸਮਾਂ ਕੱਢਿਆ ਸੀ ਗੱਲ ਕਰਨ ਲਈ। ਪਰ ਉਸ ਦਿਨ ਮੇਰੇ ਬੱਚਿਆਂ ਦੇ ਸੌਣ ਦਾ ਟਾਈਮ ਹੋ ਗਿਆ ਸੀ। ਉਹ ਮੈਨੂੰ ਵਾਰ ਵਾਰ 'ਵਾਜ ਮਾਰ ਰਹੇ ਸੀ, "ਮੰਮਾ ਆ ਜੋ ਹੁਣ ਫ਼ੋਨ ਛੱਡ ਦਿਓ।"

ਹੱਬੀ ਉਸ ਦਿਨ ਘਰ ਨਹੀਂ ਸੀ। ਮੈ ਬੱਚਿਆਂ ਨੂੰ ਜਲਦੀ ਸੁਆ ਦਿੰਨੀ ਆਂ, ਸਵੇਰੇ ਜਲਦੀ ਜੁ ਉੱਠਣਾ ਹੁੰਦਾ, ਸੋ ਉਹਦੀ ਗੱਲ ਵਿਚ ਵਿਚਾਲ਼ੇ ਈ ਰਹਿ ਗਈ ਸੀ। ਉਹ ਵੀ ਮਸਾਂ ਹੀ ਦਿਲ ਫਰੋਲਣ ਲੱਗੀ ਸੀ ਕਿ ਲੜੀ ਟੁੱਟ ਗਈ, ਪਰ ਮੈ ਕਹਿ 'ਤਾ ਕਿ ਕੱਲ੍ਹ ਸਵੇਰੇ ਪੂਰੇ ਨੌਂ ਵਜੇ ਕਾੱਲ ਕਰੂੰਗੀ, ਚੁੱਕ ਲਵੀਂ ਤੇ ਆਪਾਂ ਗੱਲ ਇੱਥੋਂ ਹੀ ਸ਼ੁਰੂ ਕਰਾਂਗੇ ਪਰ …

ਮੇਰੇ ਆਹੀ ਪੰਗੇ ਹੁੰਦੇ, ਉਸ ਦਿਨ ਸਵੇਰੇ ਦਿਨ ਚੜ੍ਹਦੇ ਨੂੰ ਈ ਪਿੰਡੋਂ ਇਹਨਾਂ ਦੇ ਚਾਚਾ ਚਾਚੀ ਆ ਗਏ। ਉਹਨਾਂ ਦਾ ਹਸਪਤਾਲ਼ ਕੋਈ ਬਿਮਾਰ ਸੀ ਤੇ ਮੈਂ ਤਾਂ ਹੈਗੀਓ ਆਂ ਚਾਹ ਪਾਣੀ ਰੋਟੀ ਬਣਾ ਕੇ ਖਵਾਉਣ ਆਲ਼ੀ ਚੰਗੀ ਪਤਨੀ, ਚੰਗੀ ਨੂੰਹ …

ਖ਼ੈਰ ਛੱਡੋ, ਭੂਆ ਹੁਣੀਂ ਤਾਂ ਲੰਚ ਕਰ ਕੇ ਤੇ ਮਗਰੋਂ ਚਾਹ ਪੀ ਕੇ ਤੁਰ ਵੀ ਗਏ ਤੇ ਪਿੱਛੇ ਫਿਰ ਰਹਿ ਗਿਆ ਭਾਂਡਿਆਂ ਦਾ ਢੇਰ ਤੇ ਬੱਚਿਆਂ ਦੀ ਫ਼ਰਮਾਇਸ਼। ਉਹਨਾਂ ਸਕੂਲੋਂ ਆ ਕੇ ਕੱਪੜੇ ਤਾਂ ਬਦਲ ਲਏ ਨੇ ਪਰ ਅੱਜ ਮਹਿਮਾਨਾਂ ਕਰਕੇ ਉਹਨਾਂ ਦੀ ਪਸੰਦ ਦੀ ਕੋਈ ਦਾਲ਼ ਸਬਜ਼ੀ ਨਹੀਂ ਸੀ ਬਣੀ। ਮੈ ਫਟਾਫਟ ਮਿੱਠੇ ਚੌਲ਼ ਬਣਾਏ। ਦੋਵੇਂ ਭਰਾ ਖੁਸ਼ ਹੋ ਕੇ ਖਾ ਲੈਂਦੇ ਆ ਤੇ ਢਿੱਡ ਵੀ ਭਰ ਜਾਂਦਾ।

ਹੱਬੀ ਨੂੰ ਫ਼ੋਨ ਕੀਤਾ ਕਿ ਪੁੱਛ ਲਵਾਂ ਕਦੋਂ ਆਉਗੇ, ਅੱਗੋਂ ਫ਼ੋਨ ਰਿੰਗ ਵੱਜ ਕੇ ਬੰਦ ਹੋਈ ਜਾਵੇ। ਫਿਰ ਮੈਸਜ ਆਉਂਦਾ, "ਕਮਿੰਗ" ਮੈਂ ਦੋ ਕੁ ਮਿੰਟ ਸੋਚਦੀ ਹਾਂ ਕਿ ਕਿੱਥੇ ਬੈਠਾ ਅਜੇ ਤਕ। ਪਰ ਫਿਰ ਆਪਣੀ ਸੋਚ ਨੂੰ ਉੱਥੇ ਈ ਝਿੜਕ ਕੇ ਧਿਆਨ ਹੋਰ ਪਾਸੇ ਕਰ ਲੈਂਦੀ ਆਂ।

ਖ਼ੈਰ ਛੱਡੋ,

ਮੈਨੂੰ ਤਾਂ ਪੰਜ ਵੱਜ ਗਏ ਜਦੋਂ ਦੋਬਾਰਾ ਸ਼ੀਨੂੰ ਨੂੰ ਫ਼ੋਨ ਕੀਤਾ। ਉਹ ਅੱਗੋਂ ਹੱਸ ਪਈ। ਮੈਂ ਕਿਹਾ ਸੌਰੀ ਕੋਈ ਆ ਗਿਆ ਸੀ।

ਚੱਲ ਹੁਣ ਦੱਸ ਕਿਹੜੀ ਗੱਲ ਕਰ ਰਹੀ ਸੀ ਤੂੰ।

ਕਹਿੰਦੀ ਤੂੰ ਕਹੇਂਗੀ ਇਹ ਕਿਹੋ ਜਿਹੀਆਂ ਗੱਲਾਂ ਕਰਦੀ ਐ।

ਇਸ ਬੰਦੇ ਨੇ ਮੈਨੂੰ ਅੰਤਾਂ ਦੇ ਦੁੱਖ ਦਿੱਤੇ ਆ, ਜਦੋਂ ਦੀ ਇਹਦੇ ਨਾਲ਼ ਵਿਆਹੀ ਆਂ। ਚਾਅ ਲਾਡ ਤਾਂ ਕਦੇ ਈ ਕਿਤੇ ਕੀਤਾ ਹੋਣਾ, ਬਾਕੀ ਸਾਰੀ ਉਮਰ ਤਾਂ ਮੇਰੀ ਇਹਤੋਂ ਡਰਦੀ ਦੀ ਲੰਘੀ ਆ। ਆਹ ਨੀ ਕਰਨਾ, ਅਹੁ ਨੀ ਕਰਨਾ, ਇੱਥੇ ਬਹਿਣਾ, ਇੱਥੇ ਖਲੋਣਾ ਤੇ ਜੇ ਕਦੇ ਮੈਂ ਕੋਈ ਸਵਾਲ ਕਰ ਦੇਣਾ ਤਾਂ ਤੇਰੀ ਮਾਂ ਦੀ ਤੇਰੀ ਭੈਣ ਦੀ...

ਬਹੁਤ ਅੱਕੀ ਪਈ ਆਂ ਮੈਂ ਇਹਦੀਆਂ ਮਨਮਰਜ਼ੀਆਂ ਤੋਂ, ਆਪਹੁਦਰੀਆਂ ਤੋਂ ਤੇ ਆਪਣੀ ਜ਼ਿੰਦਗੀ 'ਤੋਂ। ਇਕ ਦਿਨ ਮੈਨੂੰ ਕਹਿੰਦਾ ਜਵਾਨੀ ਤਾਂ ਸੁਹਣੀ ਬਣ ਬਣ ਕੱਢ ਲਈ ਤੇ ਹੁਣ ਬੁਢਾਪਾ ਕਿਵੇਂ ਕੱਟੇਂਗੀ? ਡਰ ਤਾਂ ਇਹਨੂੰ ਆਵਦਾ ਮਾਰਦਾ ਕਿ ਹੁਣ ਕਿਸੇ ਦੇ ਨੇੜੇ ਲੱਗਣ ਜੋਗਾ ਨਹੀਂ ਰਿਹਾ ਤੇ ਮੈਨੂੰ ਐਵੇਂ ਈ ਬਕਵਾਸ ਕਰਦਾ ਰਹਿੰਦਾ।

ਸ਼ੀਨੂੰ ਅੱਜ ਆਪਣੇ ਭਰੇ ਪਏ ਅੰਦਰ ਨੂੰ ਖਾਲੀ ਕਰਨ ਨੂੰ ਕਾਹਲ਼ੀ ਸੀ। ਕਾਫ਼ੀ ਕੁਝ ਤਾਂ ਮੈਨੂੰ ਪਤਾ ਈ ਸੀ ਪਰ ਕਈ ਕੁਝ ਉਹਨੇ ਪਹਿਲੀ ਵਾਰ ਦੱਸਿਆ। ਕਹਿੰਦੀ ਕਈ ਮਹੀਨਿਆਂ ਤੋਂ ਮੈਂ ਆਪਣੇ ਸਾਰੇ ਯੂਨੀਵਰਸਿਟੀ ਨਾਲ਼ ਪੜ੍ਹਨ ਵਾਲ਼ੇ ਮੇਲ ਦੋਸਤਾਂ ਨੂੰ ਮੁੜ ਤੋਂ ਲੱਭਣ ਲੱਗ ਪਈ ਸੀ। ਤੂੰ ਹੀ ਤਾਂ ਇਹ ਸਲਾਹ ਦਿੱਤੀ ਸੀ। ਉਹ ਸਾਰੇ ਹੀ ਆਪਣੀ ਜ਼ਿੰਦਗੀ 'ਚ ਵਧੀਆ ਖੁਸ਼ਹਾਲ ਨੇ। ਕੋਈ ਕਿਸੇ ਫੀਲਡ 'ਚ ਨਿੱਤਰ ਗਿਆ ਕੋਈ ਕਿਸੇ 'ਚ। ਦੋ ਚਹੁੰ ਦੀਆਂ ਤਾਂ ਲਵ ਮੈਰਿਜਾਂ ਹੋਈਆਂ ਸੀ, ਸੋ ਉਹਨਾਂ ਦੀਆਂ ਤਾਂ ਘਰ ਵਾਲ਼ੀਆਂ ਨਾਲ਼ ਵੀ ਮੇਰੀ ਜਾਣ ਪਛਾਣ ਹੈਗੀਓ ਸੀ, ਤਾਂ ਕਰ ਕੇ ਉਹਨਾਂ ਨਾਲ਼ ਵੀ ਬਰਾਬਰ ਗੱਲ ਬਾਤ ਹੋਣ ਲੱਗ ਪਈ। ਤੇ ਉਹ ਜਿਸਨੂੰ ਮੈਂ ਬਹੁਤ ਚੰਗੀ ਲਗਦੀ

ਸੀ ਤੇ ਜੋ ਮੇਰੇ ਘਰ ਰਿਸ਼ਤਾ ਭੇਜਣਾ ਚਾਹੁੰਦਾ ਸੀ ਤੇ ਮੈਂ ਮੇਰੇ ਘਰਦਿਆਂ ਦੀਆਂ ਸਖ਼ਤ ਹਦਾਇਤਾਂ ਕਰ ਕੇ ਚੁੱਪ ਵੱਟ ਲਈ ਸੀ, ਉਹਨੂੰ ਵੀ ਮੈਂ ਲੱਭ ਲਿਆ। ਉਹ ਬਹੁਤ ਵਧੀਆ ਸੈਟਲ ਹੈ। ਹੁਣ ਮੈਂ ਉਹਨੂੰ ਕਿਵੇਂ ਦੱਸਾਂ ਕਿ ਤੈਨੂੰ ਗੰਵਾ ਕੇ ਮੈਂ ਆਪਣੇ ਲਈ ਆਹ ਕੀ ਲੱਭਿਆ ਸੀ! ਨਹੀਂ ਦੱਸ ਸਕੀ। ਪਰ ਆਪਣੀਆਂ ਨਿੱਕੀਆਂ ਨਿੱਕੀਆਂ ਗੱਲਾਂ ਉਹਦੇ ਨਾਲ਼ ਕਰਨ ਲੱਗ ਪਈ। ਉਹ ਵੀ ਹੁੰਗਾਰੇ ਭਰਨ ਲੱਗ ਪਿਆ। ਉਹ ਕਈ ਵਾਰ ਪੁੱਛਦਾ ਤੂੰ ਖ਼ੁਸ਼ ਐਂ? ਮੈਂ ਟਾਲ਼ ਜਾਂਦੀ। ਤੇ ਇਕ ਦਿਨ ਮਨ ਕਿਸੇ ਗੱਲੋਂ ਬਹੁਤਾ ਅੱਕਿਆ ਪਿਆ ਸੀ ਤਾਂ ਮੈਂ ਉਹਨੂੰ ਸਭ ਕੁਝ ਦੱਸ ਦਿੱਤਾ ਕਿ ਉਹਦੀ ਪਸੰਦ ਜੋ ਕਿਸੇ ਵੱਡੇ ਘਰ ਦੀ ਮਾਲਕਣ ਬਣ ਬੈਠੀ ਸੀ, ਬਹੁਤੀ ਖ਼ੁਸ਼ ਨਹੀਂ ਐ। ਉਹ ਜਿਵੇਂ ਬੇਵੱਸ ਜਿਹਾ ਹੋ ਗਿਆ। ਇਹ ਗੱਲ ਵੀ ਉਹਨੇ ਹੁਣ ਕੀਤੀ ਮੇਰੇ ਨਾਲ਼ ਜਦੋਂ ਮੈਂ ਇਕ ਦਿਨ ਐਵੇਂ ਹੀ ਉਹਦੇ ਨਾਲ਼ ਗੱਲ ਕਰ ਕੇ ਰੋ ਪਈ ਸੀ। ਮੇਰਾ ਭਰਿਆ ਮਨ ਮਹਿਸੂਸ ਕਰ ਕੇ ਉਹ ਮੇਰੇ ਹੁੰਗਾਰੇ ਭਰਨ ਲੱਗ ਪਿਆ। ਸੱਚੀਂ ਬਹੁਤ ਦੁਖੀ ਜਿਹਾ ਹੋਇਆ ਸੀ ਮੇਰੀਆਂ ਤਕਲੀਫ਼ਾਂ ਸੁਣ ਕੇ। ਇਕ ਦਿਨ ਕਹਿੰਦਾ ਸ਼ੀਨੂੰ ਜਿਸ ਦਿਨ ਤੋਂ ਤੇਰੇ ਨਾਲ਼ ਗੱਲ ਹੋ ਰਹੀ ਐ, ਉਸ ਦਿਨ ਤੋਂ ਮੇਰੇ ਪਰਿਵਾਰ ਨਾਲ਼ ਮੇਰੀ ਦੂਰੀ ਜਿਹੀ ਬਣਨ ਲੱਗ ਪਈ ਐ ਤੇ ਮੈਂ ਨਹੀਂ ਚਾਹੁੰਦਾ ਕਿ ਇਹ ਸਾਰੇ ਬਿਨਾਂ ਕਸੂਰੋਂ ਹੀ ਕੋਈ ਸਜ਼ਾ ਕੱਟਣ। ਉਹਨੇ ਮੈਨੂੰ ਆਪਣੀ ਮੁਹੱਬਤ ਦਾ ਵਾਸਤਾ ਦੇ ਕੇ ਮੁੜ ਫ਼ੋਨ 'ਤੇ ਗੱਲ ਨਾ ਕਰਨ ਦੀ ਸਹੁੰ ਜਿਹੀ ਪਾ ਦਿੱਤੀ। ਕਹਿੰਦਾ ਆਪਣੀ ਕੀਮਤ ਸਮਝ ਤੇ ਆਪਣੀ ਸ਼ਖ਼ਸੀਅਤ ਨੂੰ ਨਿਖਾਰ ਲੈ, ਕੀ ਤੋਂ ਕੀ ਬਣ ਗਈ ਐਂ। ਤੇ ਮੁੜ ਉਸ ਨਾਲ਼ ਦੋਬਾਰਾ ਗੱਲ ਕਰਨ ਦੀ ਮੇਰੀ ਹਿੰਮਤ ਨਹੀਂ ਹੋਈ। ਬੜਾ ਔਖਾ ਕੱਢਿਆ ਆਹ ਸਮਾਂ ਪਰ ਹੁਣ ਜੀਅ ਕਰਦਾ ਕਿ ਉਹਦੇ ਨਾਲ਼ ਨਾ ਸਹੀ, ਉਹਦੀਆਂ ਗੱਲਾਂ ਤਾਂ ਕਿਸੇ ਨਾਲ਼ ਕਰ ਲਵਾਂ?

ਬਸ ਆਹੀ ਗੱਲ ਸੁਣਾਉਣ ਲਈ ਫ਼ੋਨ ਕਰਦੀ ਸੀ, ਉਹ ਮੈਨੂੰ ਆਖਦੀ ਐ।

...

ਚਲੋ ਛੱਡੋ

ਮੈਂ ਤਾਂ ਖ਼ੁਦ ਆਪਣੇ ਆਲ਼ੇ ਹੱਥੋਂ ਤੰਗ ਪਰੇਸ਼ਾਨ ਆਂ ਕਿ ਘਰੋਂ ਜਾ ਕੇ ਮੈਨੂੰ ਫ਼ੋਨ ਨਹੀਂ ਕਰਦਾ, ਜੱਫੀ ਪਾ ਕੇ ਤੁਰ ਜਾਂਦਾ ਤੇ ਰੋਂਦੀ ਦੇ ਹੰਝੂ ਨੀ ਪੂੰਝਦਾ। ਜਦੋਂ ਕਦੇ ਮੈ ਫ਼ੋਨ ਕਰਾਂ ਤਾਂ ਚੱਕਦਾ ਈ ਨੀ। ਜੇ ਕੋਈ ਗੱਲ ਪੁੱਛਣੀ ਹੁੰਦੀ ਤਾਂ ਬੱਚਿਆਂ 'ਤੋਂ ਵਾਇਸ ਮੈਸਜ ਕਰਵਾ ਦਿੰਨੀ ਆਂ ਤਾਂ ਜੁਆਬ ਦਿੰਦਾ। ਤੇ ਵੀਡੀਓ ਕਾੱਲ? ਮੈਂ ਤਾਂ ਭੁੱਲ ਕੇ ਵੀ ਨਹੀਂ ਕਰਦੀ। ਪਹਿਲੀ ਗੱਲ ਤਾਂ ਉਹਨੇ ਚੁੱਕਣੀ ਹੀ ਨਹੀਂ ਤੇ ਦੂਜਾ ਮੈਥੋਂ ਵੀ ਕਿਹੜਾ ਕੁਝ ਦੇਖ ਸੁਣ ਹੋਣਾ ਕਿ ਕੌਣ ਆ ਆਸ ਪਾਸ! ਪਰ ਏਨੀਆਂ ਵੀ ਕੱਚੀਆਂ ਗੋਲ਼ੀਆਂ ਨਹੀਂ ਖੇਡੀਆਂ ਉਹਨੇ! ਕਈ ਵਾਰ ਆਪ ਜਦੋਂ ਘਰੇ ਨਾ ਆਉਣਾ ਹੋਵੇ ਤੇ ਅਚਾਨਕ ਬਾਹਰ ਰਹਿਣ ਦਾ ਪ੍ਰੋਗਰਾਮ ਬਣੇ, ਰਾਤ ਨੂੰ ਅੱਠ ਕੁ ਵਜੇ ਵੀਡੀਓ ਕਾੱਲ ਲਾ ਲੈਂਦਾ। ਮੈਂ ਵੀ ਚੁੱਕਦੀ ਨਹੀਂ। ਮੈਨੂੰ ਪਤਾ ਹੁੰਦਾ ਕਿ ਬਹਾਨੇ ਜਿਹੇ ਬਣਾਊ ਕਿ ਇੱਥੇ ਬੈਠੇ ਆਂ ਉੱਥੇ ਬੈਠੇ ਆਂ।

ਪਰ ਅੱਜ ਸ਼ੀਨੂੰ ਦੇ ਉਸ ਦੋਸਤ ਦੀ ਗੱਲ ਸੁਣਕੇ ਇਕ ਗੱਲ ਤਾਂ ਸਮਝ ਆਈ ਕਿ ਇਹੋ ਜਿਹੇ ਹੀ ਤਾਂ ਹੁੰਦੇ ਨੇ ਬੰਦੇ। ਜਿਹੜੇ ਜਾਣਦੇ ਨੇ ਕਿ ਕੀਹਦੀ ਥਾਂ ਕਿੱਥੇ ਐ?

ਜਿਨ੍ਹਾਂ ਨੂੰ ਪਤਾ ਹੁੰਦਾ ਕਿ ਮੁਹੱਬਤ ਨੂੰ ਕਿਹੜੀ ਥਾਂ ਰੱਖਣਾ ਹੈ!

ਤੇ ਦੋਸਤੀ?

ਖ਼ੈਰ ਛੱਡੋ, ਮੈਂ ਸ਼ੀਨੂੰ ਨੂੰ ਕਿਸੇ ਦਿਨ ਲੰਬੀ ਡਰਾਈਵ 'ਤੇ ਲੈ ਕੇ ਜਾਊਂਗੀ ਤੇ ਪੂਰਾ ਦਿਨ ਉਹਦੇ ਨਾਲ਼ ਖ਼ੂਬ ਮਸਤੀ ਕਰੂੰਗੀ, ਉਹਦੇ ਨਾਲ਼ ਉਹਦੇ ਦਿਲ ਦੀਆਂ ਗੱਲਾਂ ਕਰੂੰਗੀ।

ਬੱਟ ਆਈ ਰੀਅਲੀ ਲਾਈਕ ਦੈਟ ਟਾਈਪ ਆੱਫ ਮੈਨ... ... ਦ ਰੀਅਲ ਹੀਰੋ। 000

***(ਫ਼ੋਨ: +91-82646-91974)***

# ਫਲੈਟ ਨੰਬਰ 13: ਕਹਾਣੀ: ਸਿਮਰਨ ਧਾਲੀਵਾਲ

" ਤੇਰਾਂ ਨੰਬਰ ਫਲੈਟ ਵਿਚ ਆਇਆ ਕੋਈ ਦੀਦੀ!"

"ਅੱਛਾ ਫੇਰ ਕੀ ਹੈ?"

"ਕੋਈ ਔਰਤ ਹੈ। ਇਕੱਲੀ ਰਹਿੰਦੀ ਆ ਦੀਦੀ।"

"ਤਾਂ ਫੇਰ ਕੀ ਹੋਇਆ ਗੀਤਾ?"

"ਦੀਦੀ! ਮੈਨੂੰ ਤਾਂ ਨੀਚੇ ਵਾਲੀ ਪੰਮੀ ਆਂਟੀ ਤੋਂ ਪਤਾ ਲੱਗਿਆ, ਆਪਣੇ ਬਾਊ ਜੀ ਨਾਲ ਬੜਾ ਸਹੇਲਪੁਣਾ ਬਣਦਾ ਜਾਂਦਾ।"

ਦੋਵੇਂ ਦਰਾਣੀ ਜੇਠਾਣੀ ਬੜੀ ਗੰਭੀਰਤਾ ਨਾਲ ਗੱਲ ਕਰ ਰਹੀਆਂ ਸਨ।

"ਅੱਛਾ!" ਗੀਤਾ ਦੀ ਆਵਾਜ਼ ਵਿਚ ਚੋਖੀ ਹੈਰਾਨੀ ਭਰ ਗਈ।

"ਹਾਂ ਦੀਦੀ! ਇਸ ਉਮਰੇ ਕਿਹੜੇ ਰੰਗ ਦਿਖਾਉਣੇ ਹੁਣ ਬਾਊ ਜੀ ਨੇ। ਮੇਰੀ ਤਾਂ ਨਿਸ਼ਾਂਤ ਨਾਲ ਗੱਲ ਕਰਨ ਦੀ ਵੀ ਹਿੰਮਤ ਨਹੀਂ ਪਈ।"

...ਫਿਰ ਅਚਾਨਕ ਗੀਤਾ ਦੇ ਘਰ ਦੀ ਡੋਰ ਬੈੱਲ ਵੱਜੀ।

"ਦੀਦੀ ਹੁਣ ਫੇਰ ਕਰਾਂਗੀ ।ਦੇਖਾਂ ਕੌਣ ਆਇਆ।"

ਗੀਤਾ ਨੇ ਫੋਨ ਬੰਦ ਕਰ ਦਿੱਤਾ।

*****

'ਪ੍ਰਸ਼ੋਤਮ ਦਾਸ, ਸੇਵਾ ਮੁਕਤ ਬੈਂਕ ਮੈਨੇਜਰ'

ਬਾਰਾਂ ਨੰਬਰ ਫਲੈਟ ਦੇ ਬਾਹਰ, ਸੁਨਿਹਰੀ ਰੰਗ ਦੀ ਇਹ ਨੇਮ ਪਲੇਟ ਲਟਕ ਰਹੀ ਹੈ। ਜਿਸਦੀ ਚਮਕ ਵਕਤ ਨਾਲ ਥੋੜ੍ਹੀ ਜਿਹੀ ਘੱਟ ਚੁੱਕੀ ਹੈ। ਖ਼ੁਦ ਪ੍ਰੋਸ਼ਤਮ ਦਾਸ ਦੀ ਚਮਕ ਸਮੇਂ ਨਾਲ ਕਾਫੀ ਘਟ ਚੁੱਕੀ ਹੈ।ਬੀ.ਪੀ. ਉੱਪਰ ਥੱਲੇ ਰਹਿਣ ਲੱਗਿਆ ਹੈ। ਵਾਲ਼ ਬਹੁਤੇ ਝੜ ਚੁੱਕੇ ਹਨ। ਕਦੇ-ਕਦੇ ਗਿੱਟੇ-ਗੋਡੇ ਵੀ ਦੁਖਣ ਲੱਗਦੇ ਨੇ। ਹੋਰ ਨਾ ਜਾਣੇ ਕੀ-ਕੀ ਹੈ, ਜੋ ਸਮੇਂ ਨੇ ਖੋਰ ਦਿੱਤਾ ਹੈ ਜਾਂ ਫਿਰ ਉਹਨਾਂ ਦੀ ਜ਼ਿੰਦਗੀ ਨਾਲ ਪੱਕੇ ਤੌਰ 'ਤੇ ਜੋੜ ਦਿੱਤਾ ਹੈ। ਬੈੱਡ ਦੇ ਸਿਰਹਾਣੇ ਦਵਾਈਆਂ ਟਿਕ ਗਈਆਂ ਨੇ। ਸਵਾਦ ਫਿੱਕੇ ਪੈ ਗਏ ਨੇ। ਰੰਗ ਸ਼ੋਖ ਰੰਗਾਂ ਤੋਂ ਸਫ਼ੈਦੀ ਵਿਚ ਵਟਣ ਲੱਗੇ ਨੇ। ਅੱਜ ਕੱਲ੍ਹ ਬਾਊ ਪ੍ਰਸ਼ੋਤਮ ਦਾਸ ਜੀ ਬਹੁਤਾ ਚਿੱਟਾ-ਕੁੜਤਾ ਪਜਾਮਾਂ ਪਾਈ ਰੱਖਦੇ ਨੇ।

ਕਦੇ ਕਦੇ ਪ੍ਰਸ਼ੋਤਮ ਦਾਸ ਸ਼ੀਸ਼ੇ ਅੱਗੇ ਖੜ੍ਹ ਕੇ ਖ਼ੁਦ ਨੂੰ ਦੇਖਦੇ ।ਉਸ ਵਕਤ ਸ਼ੀਸ਼ੇ ਤੋਂ ਪਾਰ ਉਹਨਾਂ ਨੂੰ ਆਪਣਾ ਅਤੀਤ ਨਜ਼ਰ ਆਉਣ ਲੱਗਦਾ ਹੈ।

ਜਵਾਨੀ ਦਾ ਜ਼ੋਰ।ਉੱਚਾ-ਲੰਮਾਂ ਕੱਦ।ਗੋਰਾ ਰੰਗ। ਉੱਤੋਂ ਬੈਂਕ ਦੀ ਨੌਕਰੀ। ਪ੍ਰਸ਼ੋਤਮ ਦਾਸ ਦਾ ਬਾਪ ਖਰੈਤੀ ਲਾਲ ਆਕੜ ਕੇ ਤੁਰਦਾ ਹੁੰਦਾ ਸੀ।

ਸੁਨੱਖੀ ਪਤਨੀ ਮਿਲੀ। ਟਰੱਕ ਭਰ ਕੇ ਦਾਜ ਦਾ ਆਇਆ। ਪੂਰੇ ਪ੍ਰੇਮ ਨਗਰ ਵਿਚ ਚਰਚਾ ਛਿੜੀ ਰਹੀ।

ਬੁੜ੍ਹੀਆਂ ਗੱਲਾਂ ਕਰਦੀਆਂ।

"ਨੀ ਪ੍ਰਸ਼ੋਤਮ ਦੀ ਬਹੂ ਤਾਂ ਬਾਹਲ਼ੀ ਸੋਹਣੀ ਹੈ।"

"ਭੈਣੇ ਉਹ ਤਾਂ ਹੱਥ ਲਾਇਆਂ ਮੈਲ਼ੀ ਹੁੰਦੀ।"

"ਦਾਜ ਦਾ ਟਰੱਕ ਭਰ ਕੇ ਲਿਆਈ ਅਗਲੀ।"

ਕੋਲ਼ੋਂ ਕੋਈ ਹੋਰ ਬੋਲਦੀ- "ਲੈ ਤਾਂ ਪ੍ਰਸ਼ੋਤਮ ਆਪ ਕਿਤੇ ਮਾੜਾ? ਪੂਰੀ ਮੰਡੀ 'ਚ ਐਸਾ ਮੁੰਡਾ ਨ੍ਹੀ ਹੋਣਾ ਕੋਈ।"

"ਨੀ ਛੁੱਟੜੇ ਤੇਰੀ ਬੜੀ ਨਜ਼ਰ ਆ ਮੰਡੀ ਦੇ ਮੁੰਡਿਆਂ 'ਤੇ।" ਕਿਸੇ ਹੋਰ ਦਾ ਵਿਅੰਗ ਬਾਣ ਚੱਲਦਾ।

ਇਉਂ ਪ੍ਰਸ਼ੋਤਮ ਦੀ ਬਹੂ ਦੀ ਗੱਲ ਕਈ ਦਿਨ ਤੁਰਦੀ ਰਹੀ। ਨਵੇਂ-ਨਵੇਂ ਪ੍ਰਸ਼ੋਤਮ ਦਾਸ ਉਦੋਂ ਨੌਕਰੀ ਲੱਗੇ ਸਨ। ਉਹ ਨਸ਼ਿਆਏ ਫਿਰਦੇ। ਬੈਂਕ ਵਿਚ ਲੋਕਾਂ ਨਾਲ ਹਸੂੰ-ਹੰਸੂ ਕਰਦੇ। ਵੀਹ ਮੀਲ਼ ਦਾ ਪੈਂਡਾ ਉਹ ਜਿਵੇਂ ਉੱਡ ਕੇ ਮੁਕਾ ਲੈਂਦੇ ਹੋਣ। ਜਿਵੇਂ ਝੱਟ ਜਾਂਦੇ ਤੇ ਪੱਟ ਬਹੂ ਦੇ ਗੋਡੇ ਆ ਜੁੜਦੇ।

ਸੋਹਣੇ ਦਿਨ ਲੰਘਦੇ ਰਹੇ।

ਕੁਸ਼ੱਲਿਆ ਨੇ ਪਹਿਲਾ ਪੁੱਤ ਜੰਮਿਆਂ। ਉਦੋਂ ਖਰੈਤੀ ਅਜੇ ਆਪ ਜਿਊਂਦਾ ਸੀ। ਉਹਨੇ ਪੋਤੇ ਦਾ ਨਾਮ ਰੱਖਿਆ ਮੋਹਨ। ਦੇਸੀ ਘਿਉ ਦੇ ਲੱਡੂ ਵੰਡੇ। ਘਰ ਜਿਵੇਂ ਚਾਨਣ ਨਾਲ ਭਰ ਗਿਆ। ਖਰੈਤੀ ਫੁੱਲਿਆ ਨਾ ਸਮਾਉਂਦਾ। ਪ੍ਰਸ਼ੋਤਮ ਦਾਸ ਦਾ ਜਿਵੇਂ ਹੁਸਨ ਦੂਣਾ ਹੋ ਗਿਆ। ਕੁਸ਼ੱਲਿਆ ਦਾ ਮਾਣ-ਤਾਣ ਘਰ ਵਿਚ ਚਾਰ ਗੁਣਾ ਹੋ ਗਿਆ। ਟੱਬਰ ਪ੍ਰਸੰਨ ਸੀ। ਘਰੇ ਲਹਿਰਾਂ-ਬਹਿਰਾਂ ਸਨ। ਦੂਜਾ ਮੁੰਡਾ ਨਿਸ਼ਾਂਤ ਜਦੋਂ ਹੋਇਆ ਉਦੋਂ ਖਰੈਤੀ ਰਾਮ ਰੱਬ ਨੂੰ ਪਿਆਰਾ ਹੋ ਚੁੱਕਾ ਸੀ। ਦਾਦੀ ਪਾਰਵਤੀ ਨੇ ਨਿੱਕੇ ਨਿਸ਼ਾਂਤ ਨੂੰ ਰੱਜ ਕੇ ਲਾਡ ਲਡਾਏ। ਨਿਸ਼ਾਂਤ ਦੂਜੇ ਵਰ੍ਹੇ ਵਿਚ ਸੀ, ਜਦੋਂ ਪਾਰਵਤੀ ਵੀ ਤੁਰ ਗਈ।

ਪ੍ਰਸ਼ੋਤਮ ਹੁਣਾਂ ਨੂੰ ਲੱਗਦਾ, ਉਹਨਾਂ ਦੇ ਘਰ ਨੂੰ ਜਿਵੇਂ ਕਿਸੇ ਦੀ ਨਜ਼ਰ ਲੱਗ ਗਈ ਹੋਵੇ। ਮਾਪਿਆਂ ਦਾ ਸਾਥ ਤਾਂ ਬੰਦੇ ਨੂੰ ਸਦਾ ਲੋੜੀਦਾ ਹੈ।

ਕਸ਼ੱਲਿਆ ਤੇ ਪ੍ਰਸ਼ੋਤਮ ਮੁੰਡਿਆਂ ਨੂੰ ਪਾਲ਼ਦੇ ਰਹੇ। ਸਭ ਸੋਹਣਾ ਤੁਰਦਾ ਰਿਹਾ। ਪ੍ਰਸ਼ੋਤਮ ਦਾਸ ਤਰੱਕੀ ਕਰਦੇ ਰਹੇ। ਪੁੱਤ ਪੜ੍ਹਾਈਆਂ ਕਰਦੇ ਰਹੇ। ਮੰਡੀਓਂ ਵੱਡੇ ਸ਼ਹਿਰ, ਵੱਡੇ ਸ਼ਹਿਰੋਂ ਹੋਰ ਵੱਡੇ ਸ਼ਹਿਰ। ਦੋਨੋਂ ਮੁੰਡੇ ਪੜ੍ਹਨ ਵਿਚ ਤਿੱਖੇ ਨਿਕਲੇ। ਦੋਨਾਂ ਨੂੰ ਚੰਗੀਆਂ ਨੌਕਰੀਆਂ ਵੀ ਮਿਲ ਗਈਆਂ। ਇਕ ਦਿੱਲੀ ਤੁਰ ਗਿਆ ਤੇ ਦੂਜਾ ਪੂਨੇ।

ਪੁੱਤਾਂ ਦੇ ਵਿਆਹ ਤੀਕ ਪ੍ਰਸ਼ੋਤਮ ਦਾਸ ਤਰੱਕੀ ਕਰਕੇ ਬੈਂਕ ਮੈਨੇਜ਼ਰ ਬਣ ਚੁੱਕੇ ਸਨ ਤੇ ਸੇਵਾ ਮੁਕਤੀ ਦੇ ਨੇੜੇ ਸਨ।

ਮੁੰਡਿਆਂ ਦੇ ਮੇਚ ਦੀਆਂ ਕੁੜੀਆਂ ਲੱਭੀਆਂ ਗਈਆਂ। ਪੜ੍ਹੀਆਂ ਲਿਖੀਆਂ। ...ਤੇ ਫਿਰ ਵਿਆਹ ਮਗਰੋਂ ਹੌਲ਼ੀ-ਹੌਲ਼ੀ ਦੋਵੇਂ ਪੁੱਤਾਂ ਨੇ ਨੂੰਹਾਂ ਨੂੰ ਆਪਣੇ ਆਪਣੇ ਕੋਲ਼ ਬੁਲਾ ਲਿਆ। ਪਿੱਛੇ ਪ੍ਰੇਮ ਨਗਰ ਵਾਲੇ ਪੁਸ਼ਤੈਨੀ ਘਰ, ਕੁਸ਼ੱਲਿਆ ਤੇ ਪ੍ਰਸ਼ੋਤਮ ਦਾਸ ਇਕੱਲੇ ਸਨ। ਪੰਦਰਾਂ ਮਰਲਿਆਂ ਦਾ ਘਰ ਤੇ ਦੋ ਜੀਅ। ਲੰਮਾਂ-ਚੌੜਾ ਵਿਹੜਾ ਭਾਂਅ-ਭਾਂਅ ਕਰਦਾ।

ਕਦੇ-ਕਦੇ ਬੈਠੇ ਦੋਵੇਂ ਮੀਆਂ-ਬੀਵੀ ਝੂਰਦੇ ਵੀ। ਸੋਚਦੇ, ਬੱਚੇ ਪੜ੍ਹਾ ਲਿਖਾ ਕੇ ਕਾਬਿਲ ਤਾਂ ਕਰ ਲਏ ਪਰ ਰਹਿ ਇਕੱਲੇ ਗਏ ਹਾਂ। ਬੱਚਿਆਂ ਨਾਲ ਤਾਂ ਘਰ ਵਿਚ ਸੌ ਰੌਣਕਾਂ ਹੁੰਦੀਆਂ ਨੇ। ਉਹਨਾਂ ਨੂੰ ਆਪਣਾ ਵੇਲ਼ਾ ਯਾਦ ਆਉਂਦਾ। ਜਦੋਂ ਮੋਹਨ ਤੇ ਨਿਸ਼ਾਂਤ ਹੋਏ ਸਨ। ਉਹਨਾਂ ਦਾ ਬਾਪ ਮੋਹਨ ਦੇ ਹੋਣ ਨਾਲ ਜਿਵੇਂ ਮੁੜ ਜਵਾਨ ਹੋ ਗਿਆ ਸੀ। ਸਿਆਣੇ ਐਵੇਂ ਤਾਂ ਨਹੀਂ ਕਹਿੰਦੇ, ਮੂਲ਼ ਨਾਲੋਂ ਵਿਆਜ ਪਿਆਰਾ ਹੁੰਦਾ। ਪਰ ਉਹਨਾਂ ਦੇ ਮੁੰਡਿਆਂ ਨੇ ਤਾਂ ਅਜੇ ਜਵਾਕ ਜੰਮਣ ਤੋਂ ਇਨਕਾਰ ਹੀ ਕਰ ਦਿੱਤਾ ਸੀ।

"ਵੱਡੇ ਸ਼ਹਿਰਾਂ ਵਿਚ ਆਪਣਾ ਨ੍ਹੀ ਸਰਦਾ, ਜਵਾਕ ਜੰਮ ਕੇ ਤਾਂ ਹੋ ਸੌ ਖਰਚੇ ਵਧ ਜਾਂਦੇ ਨੇ। ਨਾਲੇ ਅਜੇ ਤਾਂ ਬਥੇਰੀ ਉਮਰ ਪਈ ਹੈ।"

ਦੋਵੇਂ ਜੀਅ ਨੂੰਹਾਂ ਪੁੱਤਾਂ ਦੇ ਫੈਸਲੇ ਮੂਹਰੇ ਕੀ ਕਰਦੇ?

ਵੱਡੇ ਮੋਹਨ ਦੇ ਜਦੋਂ ਅਜੇ ਧੀ ਹੋਣ ਵਾਲੀ ਸੀ, ਉਦੋਂ ਕੁਸ਼ੱਲਿਆ ਦਿਲ ਦੇ ਦੌਰੇ ਨਾਲ ਪ੍ਰਲੋਕ ਸੁਧਾਰ ਗਈ। ਸੁੱਖਾਂ ਸੁਖਦਿਆਂ ਨੂੰ ਕੁਸ਼ੱਲਿਆ ਨੂੰ ਇਹ ਦਿਨ ਆਇਆ ਸੀ, ਪਰ ਦੇਖਣਾ ਨਸੀਬ ਨਾ ਹੋਇਆ।

ਕੁਸ਼ੱਲਿਆ ਨੂੰ ਤੋਰ ਕੇ ਪ੍ਰਸ਼ੋਤਮ ਦਾਸ ਇਕੱਲੇ ਰਹਿ ਗਏ ਸਨ। ਪਤਨੀ ਦੀ ਅੰਤਮ ਅਰਦਾਸ ਤੀਕ ਉਧੇੜ-ਬੁਣ ਵਿਚ ਰਹੇ। ਸੋਚਦੇ ਹੁਣ ਨੂੰਹਾਂ ਪੁੱਤਾਂ ਨਾਲ ਚਲਾ ਜਾਵਾਂਗਾ। ਕਦੀ ਸੋਚਦੇ ਬੇਗਾਨੀ ਥਾਂ ਚਿੱਤ ਕਿਵੇਂ ਲੱਗਣਾ ਹੈ? ਜੰਮਣ ਭੋਇੰ ਦਾ ਮੋਹ ਬੜਾ ਗੂੜ੍ਹਾ ਹੁੰਦਾ। ਕਦੀ ਲੱਗਦਾ ਕੁਸ਼ੱਲਿਆ ਦੀਆਂ ਯਾਦਾਂ ਨਾਲ ਭਰਿਆ ਇਹ ਘਰ ਖਾਲੀ ਕਿਵੇਂ ਛੱਡ ਸਕਦਾਂ?

ਉਹ ਬੁਣਤਾਂ ਬੁਣਦੇ ਰਹੇ ਤੇ ਪੁੱਤਾਂ ਨਾਲ ਤੁਰਨ ਲਈ ਆਖਿਆ ਤਕ ਨਾ।

ਵੱਡੇ ਮੋਹਨ ਨੇ ਬਸ ਇੰਨਾ ਕੁ ਹੀ ਪੁੱਛਿਆ, "ਬਾਊ ਜੀ! ਰੋਟੀ ਟੁੱਕ ਦਾ ਕਿਵੇਂ ਕਰੋਗੇ?"

"ਰੋਟੀ ਦਾ ਕੀ ਆ ਬੱਲਿਆ! ਕੋਈ ਕੰਮ ਵਾਲੀ ਪਕਾ ਜਾਇਆ ਕਰੂ। ਦੋ ਤਾਂ ਟਿੱਕੀਆਂ ਖਾਣੀਆਂ ਹੁੰਦੀਆਂ ਬੁੜ੍ਹੇ ਬੰਦਿਆਂ।"

ਪ੍ਰਸ਼ੋਤਮ ਹੁਣਾਂ ਨੇ ਹੱਸ ਕੇ ਟਾਲ ਦਿੱਤਾ।

ਕਦੇ-ਕਦਾਈ ਪੁੱਤਾਂ ਨੂੰ ਜਦ ਯਾਦ ਆਉਂਦਾ ਬਾਊ ਜੀ ਦਾ ਹਾਲ ਪੁੱਛ ਲੈਂਦੇ। ਉਹ ਅੱਗਿਓਂ ਹੱਸ ਕੇ ਬੋਲਦੇ। ਨਾ ਕੋਈ ਸ਼ਿਕਵਾ ਸੀ ਨਾ ਕੋਈ ਸ਼ਿਕਾਇਤ। ਨਾ ਕੋਈ ਇੱਛਾ ਸੀ ਨਾ ਜ਼ਰੂਰਤ। ਉਹ ਆਪਣੇ ਘਰ ਰਾਜ਼ੀ ਪ੍ਰੋਸ਼ਤਮ ਦਾਸ ਆਪਣੇ ਘਰ ਖੁਸ਼।

ਫੇਰ ਇਕ ਵਾਰ ਦੋਵੇਂ ਮੁੰਡੇ ਦੀਵਾਲੀ ਮੌਕੇ ਮੰਡੀ ਆਏ।

ਮੰਡੀ ਵਾਲਾ ਘਰ ਵੇਚਣ ਦੀ ਗੱਲ ਤੁਰਨ ਲੱਗੀ।

ਇਕ ਵਾਰ ਤਾਂ ਪ੍ਰਸ਼ੋਤਮ ਦਾਸ ਤੜਫ਼ੇ। ਪਹਿਲਾਂ ਚੁੱਪ ਰਹੇ, ਕਿੰਨੀ ਹੀ ਦੇਰ ਤੇ ਫੇਰ ਹਉਕਾ ਜਿਹਾ ਭਰ ਕਹਿਣ ਲੱਗੇ, "ਬੇਟਾ! ਇਹ ਘਰ ਥੋੜ੍ਹਾ। ਇਹ ਤਾਂ ਮੇਰੇ ਬਾਪ ਦੀ ਨਿਸ਼ਾਨੀ ਹੈ। ਤੁਹਾਡੀ ਮਾਂ ਤੇ ਮੇਰਾ ਸਜਾਇਆ ਹੋਇਆ ਸੁਪਨਾ ਏ। ਵੇਚਣਾ ਕਿਉਂ ਹੈ?"

"ਬਾਊ ਜੀ! ਇੰਨੀ ਜਗ੍ਹਾ ਦਾ ਆਪਾਂ ਕਰਨਾ ਕੀ ਏ? ਜਿੱਥੇ ਸਾਡੇ ਦਾਣੇ ਲਿਖੇ ਨੇ ਭਗਵਾਨ ਨੇ ਸਾਨੂੰ ਤਾਂ ਉੱਥੇ ਹੀ ਰਹਿਣਾ ਪੈਣਾ। ਫਿਰ ਇੰਨਾ ਵੱਡਾ ਘਰ, ਸੌ ਚੋਰੀ ਚਕਾਰੀ। ਇਹਦਾ ਬਥੇਰਾ ਮੁੱਲ ਮਿਲ ਜਾਣਾ। ਮੇਨ ਰੋਡ ਦੀ ਥਾਂ ਦਾ ਇਹੀ ਤਾਂ ਵਾਧਾ ਹੁੰਦਾ। ਇਕ ਨਿੱਕਾ ਜਿਹਾ ਫਲੈਟ ਲੈ ਲੈਂਦੇ ਆਂ ਸ਼ਹਿਰ। ਤੁਸੀਂ ਉੱਥੇ ਰਹੋ। ਸਾਡੇ ਕੋਲ ਆਉ ਜਾਓ। ਨਾਲੇ ਨਿਸ਼ਾਂਤ ਨੇ ਵੀ ਪੂਨੇ ਕੋਈ ਸਿਰ ਲੁਕਾਵਾ ਕਰਨਾ ਹੈ। ਕਿਰਾਇਆਂ 'ਤੇ ਕਿੰਨਾ ਚਿਰ ਨਿਕਲਦਾ ਤੁਹਾਨੂੰ ਪਤਾ।"

ਪ੍ਰਸ਼ੋਤਮ ਦਾਸ ਸਭ ਸਮਝ ਗਏ। ਇਹ ਹਿੱਸੇ ਆਉਂਦੀ ਮਾਇਆ ਦਾ ਮਸਲਾ ਸੀ।

ਉਹਨਾਂ ਦਾ ਮਨ ਉੱਖੜ ਗਿਆ। ਸੋਚਣ ਲੱਗੇ, ਕੈਸੀ ਔਲਾਦ ਹੈ ਇਹ। ਬਾਪ ਦੀ ਅਰਥੀ ਤਾਂ ਉਠ ਲੈਣ ਦਿੰਦੇ। ਫਿਰ ਸਾਰਾ ਕੁਝ ਤੁਹਾਡਾ ਹੀ ਸੀ।

ਉਖੜੇ ਮਨ, ਉਦਾਸ ਰੂਹ ਨਾਲ ਉਹਨਾਂ ਕਿਸੇ ਗੱਲ ਵਿਚ ਨਾ ਹੂੰਅ ਕੀਤੀ ਨਾ ਹਾਂ। ਮੋਹਨ ਖ਼ੁਦ ਹੀ ਸਾਰਾ ਕੁਝ ਕਰਦਾ ਰਿਹਾ। ਘਰ ਵਿਕਿਆ। ਪੈਰਾਡਾਈਜ਼ ਸੁਸਾਇਟੀ ਵਿਚ ਫਲੈਟ ਲਿਆ ਤੇ ਬਚਿਆ ਖੁਚਿਆ ਦੋਹਾਂ ਭਾਈਆਂ ਜੇਬਾਂ ਵਿਚ ਪਾ ਲਿਆ।

ਪ੍ਰਸ਼ੋਤਮ ਦਾਸ ਹੁਣਾਂ ਕੋਲ਼ੋਂ ਤਾਂ ਪੈਨਸ਼ਨ ਦੇ ਪੈਸੇ ਵੀ ਨਹੀਂ ਸਨ ਮੁੱਕਦੇ।

ਬਾਪ ਕੋਲ਼ ਕਾਫੀ ਕੁਝ ਜੁੜਿਆ ਪਿਆ ਹੈ ਇਹ ਤਾਂ ਦੋਵੇਂ ਮੁੰਡੇ ਵੀ ਜਾਣਦੇ ਸਨ।

ਬਾਰਾਂ ਨੰਬਰ ਫਲੈਟ ਦੇ ਬਾਹਰ ਤਖ਼ਤੀ ਲਟਕ ਗਈ ਸੀ। ਜਿਸ ‘ਤੇ ਅੱਜ ਵੀ ਲਿਖਿਆ ਚਮਕਦਾ ਹੈ, ਬੇਸ਼ੱਕ ਪਹਿਲਾਂ ਨਾਲੋਂ ਫਿੱਕਾ ਹੈ – ਪ੍ਰਸ਼ੋਤਮ ਦਾਸ, ਸੇਵਾ ਮੁਕਤ ਬੈਂਕ ਮੈਨੇਜ਼ਰ।

*****

ਪ੍ਰਸ਼ੋਤਮ ਦਾਸ ਸਾਰਾ ਦਿਨ ਘਰ ਹੀ ਰਹਿੰਦੇ। ਇਸ ਵੱਡੀ ਸੁਸਾਇਟੀ ਵਿਚ ਉਹਨਾਂ ਨੂੰ ਬੇਗਾਨਗੀ ਦਾ ਅਹਿਸਾਸ ਹੁੰਦਾ। ਬੱਸ ਸਵੇਰੇ ਸ਼ਾਮ ਟਹਿਲਣ ਲਈ ਪਾਰਕ ਵਿਚ ਜਾਂਦੇ। ਕਦੇ ਕਿਸੇ ਦਿਨ ਚਿੱਤ ਹੁੰਦਾ ਜਾਂ ਕੋਈ ਲੋੜ, ਤਾਂ ਸੁਸਾਇਟੀ ਵਿਚ ਬਣੇ ਡੀਪਾਰਟਮੈਂਟਲ ਸਟੋਰ ’ਤੇ ਗੇੜਾ ਮਾਰ ਆਉਂਦੇ। ਸਟੋਰ ਵਾਲੇ ਸੋਢੀ ਨਾਲ ਗੱਲਾਂ ਮਾਰਦੇ। ਲੋੜ ਦੀ ਕੋਈ ਸ਼ੈਅ ਖਰੀਦ ਲੈਂਦੇ। ਦੋ-ਦੋ ਘੰਟੇ ਦੁਨੀਆਂ ਭਰ ਦੀਆਂ ਗੱਲਾਂ ਕਰਦੇ ਤੇ ਫਿਰ ਕਦੇ ਦੋ-ਦੋ ਮਹੀਨੇ ਉੱਧਰ ਜਾਂਦੇ ਹੀ ਨਾ। ਕੁਝ ਚਾਹੀਦਾ ਹੁੰਦਾ ਤਾਂ ਕੰਮ ਵਾਲੀ ਕੁੜੀ ਨੂੰ ਆਖ ਦਿੰਦੇ। ਉਹ ਪੈਸੇ ਲੈਂਦੀ ਤੇ ਚੀਜ਼ ਲਿਆ ਦਿੰਦੀ।

ਇਕ ਰੋਜ਼ ਬਹੁਤ ਸਵੇਰੇ ਡੋਰ ਬੈੱਲ ਵੱਜੀ।

ਬਾਹਰ ਦਰਵਾਜ਼ੇ ’ਤੇ ਉਹਨਾਂ ਦੀ ਕੋਈ ਹਮ ਉਮਰ ਔਰਤ ਖੜ੍ਹੀ ਸੀ।

“ਸੌਰੀ ਤੁਹਾਨੂੰ ਇੰਨੀ ਸਵੇਰੇ ਤਕਲੀਫ਼ ਦਿੱਤੀ। ਅਸਲ ਵਿਚ ਮੇਰਾ ਗੈਸ ਸਿਲੰਡਰ ਖਤਮ ਹੋ ਗਿਆ। ਜੇ ਤੁਹਾਡੇ ਕੋਲ਼ ਐਕਸਟਰਾ ਪਿਆ ਹੋਵੇ ਤਾਂ...। ਦੁਪਹਿਰ ਤਕ ਆ ਜਾਏਗਾ। ਮੈਂ ਬੁੱਕ ਕਰ ਦਿੱਤਾ ਹੈ।”

ਪ੍ਰਸ਼ੋਤਮ ਦਾਸ ਨੇ ਪਹਿਲਾਂ ਕਦੇ ਉਸਨੂੰ ਦੇਖਿਆ ਨਹੀਂ ਸੀ। ਪਰ ਗੁਆਂਢੀ ਹੋਣ ਦੇ ਨਾਤੇ ਉਹਨਾਂ ਮੱਦਦ ਕਰਨੀ ਜ਼ਰੂਰੀ ਸਮਝੀ।

“ਮੈਂ ਲਿਆਉਂਦਾਂ ਜੀ।” ਉਹ ਅੰਦਰ ਗਏ। ਸਟੋਰ ਰੂਮ ਵਿਚੋਂ ਖਿਚ ਧੂਹ ਕਰਦੇ ਸਿਲੰਡਰ ਬਾਹਰ ਬਰੂਹਾਂ ਤੀਕ ਲੈ ਆਏ।

“ਬੁਲਾ ਲਓ ਘਰ ਤੋਂ ਕਿਸੇ ਨੂੰ।” ਉਹਨਾਂ ਕਿਹਾ ਤਾਂ ਨਹੀਂ ਪਰ ਇਸ ਵਾਕ ਦਾ ਅਰਥ ਸੀ, ਸਿਲੰਡਰ ਤਾਂ ਭਾਰਾ ਹੈ ਤੁਸੀਂ ਤਾਂ ਲਿਜਾ ਨਹੀਂ ਸਕੋਗੇ।

“ਘਰ ਮੇਰੇ ਬਿਨਾਂ ਤਾਂ ਹੋਰ ਕੋਈ ਨਹੀਂ ਹੈ।” ਉਸ ਔਰਤ ਨੇ ਝਕਦੇ ਜਿਹੇ ਆਖਿਆ।

“ਚਲੋ ਮੈਂ ਛੱਡ ਆਉਂਦਾਂ। ਕਿੱਧਰ...।” ਪ੍ਰਸ਼ੋਤਮ ਦਾਸ ਦੇ ਅਧੂਰੇ ਕਹੇ ਬੋਲਾਂ ਨੂੰ ਵੀ ਉਹ ਔਰਤ ਪੂਰਾ ਸਮਝ ਗਈ ਸੀ।

“ਸਾਹਮਣੇ ਤੇਰਾਂ ਨੰਬਰ ’ਚ।”

ਪ੍ਰਸ਼ੋਤਮ ਹੁਣਾਂ ਸਿਲੰਡਰ ਧੱਕਦੇ ਧਕਾਉਂਦੇ ਉਸਦੇ ਦਰਵਾਜ਼ੇ ਅੱਗੇ ਜਾ ਧਰਿਆ।

ਦਰਵਾਜ਼ਾ ਖੋਲ੍ਹ ਕੇ ਉਹ ਔਰਤ ਅੰਦਰ ਚਲੀ ਗਈ। ਅੰਦਰ ਲੱਗੇ ਸੋਹਣੇ ਮਾਰਬਲ ਉਪਰ ਸਿਲੰਡਰ ਖਿੱਚਿਆ ਨਹੀਂ ਸੀ ਜਾ ਸਕਦਾ। ਪ੍ਰਸ਼ੋਤਮ ਹੁਣਾਂ ਸਿਲੰਡਰ ਇਕ ਹੱਥ ਨਾਲ ਉਪਰ ਚੁੱਕਿਆ। ਕਮਰ ਦੂਜੇ ਪਾਸੇ ਨੂੰ ਝੁਕ ਗਈ। ਪ੍ਰੋਸ਼ਤਮ ਹੁਣਾਂ ਨੂੰ ਔਖ ਵਿਚ ਦੇਖ ਕੇ ਉਸ ਔਰਤ ਨੇ ਆਖਿਆ, “ਲਿਆਓ ਮੈਂ ਹੱਥ ਪਾਉਂਦੀ ਆਂ।” ਇਸ ਤੋਂ ਪਹਿਲਾਂ ਕਿ ਪ੍ਰਸ਼ੋਤਮ ਦਾਸ ਦੇ ਮੂੰਹੋਂ ਹਾਂ ਜਾਂ ਨਾਂਹ ਵਰਗਾ ਕੋਈ ਲਫ਼ਜ਼ ਨਿਕਲਦਾ, ਉਸਨੇ ਸਿਲੰਡਰ ਦੂਜੇ ਪਾਸੇ ਤੋਂ ਫੜ ਲਿਆ। ਭਾਰ ਵੰਡਿਆ ਗਿਆ। ਪ੍ਰਸ਼ੋਤਮ ਹੁਣਾਂ ਸਿਲੰਡਰ ਫਿਟ ਕੀਤਾ ਤੇ ਗੈਸ ਚਾਲੂ ਕਰ ਦਿੱਤੀ। ਰਸੋਈ ਤੋਂ ਬਾਹਰ ਆ ਕੇ ਸਿੰਕ ਤੋਂ ਹੱਥ ਧੋਤੇ।

“ਚੰਗਾ ਜੀ!” ਉਹਨਾਂ ਇਜਾਜ਼ਤ ਮੰਗਣ ਵਾਲੇ ਲਹਿਜੇ ਵਿਚ ਆਖਿਆ।

“ਪਲੀਜ਼ ਬੈਠੋ, ਮੈਂ ਚਾਹ ਬਣਾਉਂਦੀ ਹਾਂ।” ਉਸਨੇ ਬਹੁਤ ਹਲੀਮੀ ਨਾਲ ਆਖਿਆ।

"ਨਹੀਂ-ਨਹੀਂ, ਚਾਹ ਦੀ ਤਾਂ ਜ਼ਰੂਰਤ ਨਹੀਂ।"

"ਜ਼ਰੂਰਤ ਤਾਂ ਚਾਹ ਦੀ ਹੋਣੀ ਵੀ ਕੀ ਹੁੰਦੀ ਹੈ, ਇਹ ਤਾਂ ਇਕ ਮਹਿਮਾਨ ਨਿਵਾਜ਼ੀ ਦੀ ਰਸਮ ਹੈ।"

"ਨਹੀਂ ਜੀ, ਮਹਿਮਾਨ ਨਿਵਾਜ਼ੀ ਵੀ ਕਾਹਦੀ। ਆਪਾਂ ਤਾਂ ਗੁਆਂਢੀ ਹਾਂ।"

"ਫਿਰ ਪੰਜ ਮਿੰਟ ਬੈਠੋ। ਇਉਂ ਚੰਗਾ ਨਹੀਂ ਲੱਗਦਾ। ਮੈਂ ਬਹੁਤ ਤਕਲੀਫ਼ ਦਿੱਤੀ ਤੁਹਾਨੂੰ।" ਉਸ ਔਰਤ ਦੀ ਆਵਾਜ਼ ਪਹਿਲਾਂ ਨਾਲੋਂ ਵੀ ਵੱਧ ਹਲੀਮੀ ਵਾਲੀ ਸੀ।

"ਚਲੋਂ ਮੈਂ ਬੈਠਦਾਂ।" ਪ੍ਰਸ਼ੋਤਮ ਦਾਸ ਨੇ ਚਾਹ ਪੀਣ ਦਾ ਫੈਸਲਾ ਮਨ ਵਿਚ ਕਰ ਲਿਆ ਸੀ। ਉਹ ਬੜੇ ਸਤਿਕਾਰ ਨਾਲ ਉਹਨਾਂ ਨੂੰ ਸੀਟਿੰਗ ਏਰੀਆ ਵਿਚ ਲੈ ਗਈ।

"ਤੁਸੀਂ ਬੈਠੋ। ਮੈਂ ਆਈ।" ਉਹ ਮੁੜ ਕਿਚਨ ਵੱਲ ਮੁੜ ਗਈ।

ਪ੍ਰਸ਼ੋਤਮ ਦਾਸ ਬੜੇ ਸੰਕੋਚ ਜਿਹੇ ਵਿਚ ਬੈਠੇ ਇੱਧਰ ਉੱਧਰ ਦੇਖਦੇ ਰਹੇ। ਘਰ ਵਿਚ ਸੰਗੀਤਕ ਸਾਜ਼ਾਂ ਦੀਆਂ ਕਈ ਤਸਵੀਰਾਂ ਸਨ। ਇਕ ਨੁਕਰੇ ਪੁਰਾਣਾ ਗ੍ਰਾਮੋਫੋਨ ਪਿਆ ਸੀ। ਸਾਹਮਣੀ ਦੀਵਾਰ 'ਤੇ ਵੀਣਾ ਲਟਕਦੀ ਪਈ ਸੀ। ਸਭ ਕੁਝ ਕਿਸੇ ਸਲੀਕੇ ਨਾਲ ਸਜਾਇਆ ਹੋਇਆ ਸੀ।

ਚਾਹ ਆਈ। ਟੇਬਲ 'ਤੇ ਸਜ ਗਈ।

"ਚੀਨੀ ਨਾਰਮਲ ਰਹਿਣ ਦਿਆਂ ਜਾਂ ਬਿਲਕੁਲ ਫਿੱਕੀ ਲਓਗੇ?"

ਮਿੱਠੇ ਦੇ ਬਹਾਨੇ ਚੁਫ਼ੇਰੇ ਫੈਲੀ ਚੁੱਪ ਟੁੱਟੀ।

"ਬਸ ਐਵੇਂ ਨਾ-ਮਾਤਰ ਜਿਹੀ।"

...ਤੇ ਦੋਨੋਂ ਚੁੱਪ ਚਾਪ ਚਾਹ ਪੀਣ ਲੱਗੇ।

ਚਾਹ ਪੀਂਦਿਆਂ, ਪ੍ਰਸ਼ੋਤਮ ਦਾਸ ਦਾ ਧਿਆਨ ਮੁੜ ਉਸ ਵੀਣਾ ਵੱਲ ਚਲਾ ਗਿਆ।

"ਤੁਸੀਂ ਗਾਉਂਦੇ ਹੋ?" ਉਹ ਪੁੱਛੇ ਬਿਨ ਰਹਿ ਨਾ ਪਾਏ।

"ਨਹੀਂ-ਨਹੀਂ। ਮੈਂ ਗਾਉਂਦੀ ਤਾਂ ਨਹੀਂ ਪਰ ਮਿਊਜ਼ਿਕ ਸਿਖਾਉਂਦੀ ਸੀ ਮੈਂ। ਆਈ ਮੀਨ ਮੈਂ ਮਿਊਜ਼ਿਕ ਟੀਚਰ ਸੀ।"

"ਵਾਹ! ਬਹੁਤ ਚੰਗੀ ਗੱਲ ਹੈ। ਪਰ ਮੈਂ ਤੁਹਾਨੂੰ ਪਹਿਲਾਂ ਤਾਂ ਇੱਥੇ ਨਹੀਂ ਦੇਖਿਆ। ਮੈਂ ਜਦੋਂ ਦਾ ਇੱਥੇ ਸ਼ਿਫਟ ਹੋਇਆਂ..।"

"ਜੀ! ਮੈਂ ਆਪਣੇ ਬੇਟੇ ਕੋਲ਼ ਗਈ ਸੀ ਯੂ.ਕੇ। ਦੋ ਹਫ਼ਤੇ ਪਹਿਲਾਂ ਹੀ ਮੁੜੀ ਹਾਂ। ਉਂਝ ਵੀ ਮੈਂ ਬਹੁਤਾ ਕਦੇ ਬਾਹਰ ਨਹੀਂ ਨਿਕਲਦੀ। ਇਹਨਾਂ ਥਾਵਾਂ ਦੀ ਜ਼ਿੰਦਗੀ ਹੈ ਵੀ ਤਾਂ ਐਸੀ। ਬਾਹਰ ਨਿਕਲ ਕੇ ਕਰਨਾ ਕੀ ਹੈ? ਮਿਲਣਾ ਕਿਸਨੂੰ ਹੈ।" ਇਸ ਵਾਰ ਉਸਨੇ ਕਿੰਨੀਆਂ ਸਾਰੀਆਂ ਗੱਲਾਂ ਕਰ ਲਈਆਂ ਸਨ।

"ਜੀ ਬਿਲਕੁਲ ਠੀਕ ਕਿਹਾ ਤੁਸੀਂ।"

ਚਾਹ ਦਾ ਪਿਆਲਾ ਖਾਲੀ ਹੋ ਗਿਆ। ਪ੍ਰਸ਼ੋਤਮ ਦਾਸ ਨੇ ਕੱਪ ਮੇਜ਼ 'ਤੇ ਰੱਖਿਆ। ਉਠ ਖੜ੍ਹੇ ਹੋਏ।

"ਚੰਗਾ ਜੀ!" ਉਹਨਾਂ ਨੂੰ ਕਹਿਣ ਲਈ ਹੋਰ ਕੋਈ ਸ਼ਬਦ ਨਹੀਂ ਸੀ ਸੁੱਝਿਆ।

"ਜੀ ਸ਼ਾਮ ਤੀਕ ਅ ਜਾਏਗਾ ਸਿਲੰਡਰ ਤਾਂ..." ਔਰਤ ਨੇ ਗੱਲ ਪੂਰੀ ਨਹੀਂ ਸੀ ਕੀਤੀ ਅਜੇ ਕਿ ਪ੍ਰਸ਼ੋਤਮ ਦਾਸ ਪਹਿਲਾਂ ਹੀ ਬੋਲ ਪਏ।

"ਅਰੇ ਕੋਈ ਗੱਲ ਨਹੀਂ, ਆ ਜਾਏਗਾ।" ਉਹ ਸਹਿਜ ਕਦਮੀਂ ਤੁਰਦੇ ਬਾਹਰ ਹੋ ਗਏ। ਪਿੱਛੇ ਮੁੜ ਕੇ ਵੀ ਨਹੀਂ ਦੇਖਿਆ।

ਉਸੇ ਹੀ ਦਿਨ ਦੁਪਹਿਰ ਤੋਂ ਮਗਰੋਂ ਸਿਲੰਡਰਾਂ ਵਾਲਾ ਮੁੰਡਾ ਹੀ ਸਿੱਧਾ ਸਿਲੰਡਰ ਉਹਨਾਂ ਦੇ

ਸਟੋਰ ਵਿਚ ਧਰ ਗਿਆ। ਪ੍ਰਸ਼ੋਤਮ ਦਾਸ ਹੁਣਾਂ ਕਈ ਦਿਨ ਦੇਖਿਆ, ਸਾਹਮਣੇ ਵਾਲੇ ਫਲੈਟ ਦਾ ਦਰਵਾਜ਼ਾ ਮੁੜ ਨਹੀਂ ਸੀ ਖੁਲ੍ਹਿਆ। ਨਾ ਕੋਈ ਉੱਧਰ ਆਉਂਦਾ ਸੀ ਨਾ ਜਾਂਦਾ ਸੀ। ਬੱਸ ਇਕ ਚਮਕਦੇ ਅੱਖਰਾਂ ਵਾਲੀ ਨੇਮ ਪਲੇਟ ਦਰਵਾਜ਼ੇ ਦੇ ਬਾਹਰ ਲਟਕਦੀ ਸੀ, ਜਿਸ ਉਪਰ 'ਸਰਗਮ ਨਿਵਾਸ' ਲਿਖਿਆ ਹੋਇਆ ਸੀ।

"ਸ਼ਾਇਦ ਉਸ ਔਰਤ ਦਾ ਨਾਮ ਸਰਗਮ ਹੋਵੇ।" ਪ੍ਰਸ਼ੋਤਮ ਦਾਸ ਸੋਚਦੇ।

ਉਹਨਾਂ ਦਾ ਮਨ ਕੀਤਾ, ਉਹ ਮੁੜ ਉਸ ਔਰਤ ਨੂੰ ਮਿਲਣ। ਇੰਨੀ ਇਕੱਲਤਾ, ਇੰਨੀ ਚੁੱਪ। ਸ਼ਾਤੀ।ਇਹ ਸਾਧਾਰਨ ਨਹੀਂ ਸੀ। ਪਰ ਬਾਰਾਂ ਨੰਬਰ ਫ਼ਲੈਟ ਤੋਂ ਤੇਰਾਂ ਨੰਬਰ ਫ਼ਲੈਟ ਤਕ ਦਾ ਸਫ਼ਰ ਆਸਾਨ ਨਹੀਂ ਸੀ।

ਬਿਨਾਂ ਮਲਤਬ ਤੋਂ ਕਿਵੇਂ ਕਿਸੇ ਦੇ ਘਰ ਜਾਇਆ ਜਾ ਸਕਦਾ ਸੀ। ਉਹ ਸੋਚਣ ਲੱਗੇ, ਪਹਿਲੇ ਸਮੇਂ ਵੀ ਕਿਆ ਖ਼ੂਬਸੂਰਤ ਸਮੇਂ ਸਨ। ਉਦੋਂ ਬੰਦ ਦਰਵਾਜ਼ੇ ਲੋਕ ਮਾੜੇ ਮੰਨਦੇ ਸਨ। ਕਿਸੇ ਦੇ ਘਰ ਜਾਣ ਲਈ ਨਾ ਤਾਂ ਇਜਾਜ਼ਤ ਚਾਹੀਦੀ ਹੁੰਦੀ ਸੀ ਨਾ ਕੋਈ ਖਾਸ ਬਹਾਨਾ।

ਕਿੰਨਾ ਸੁੰਗੜ ਗਿਆ ਹੈ ਮਨੁੱਖ। ਕਿੰਨਾ ਸੰਕੋਚ ਹੈ ਹੁਣ ਰਿਸ਼ਤਿਆ ਵਿਚ। ਉਹਨਾਂ ਝਾਤ ਮਾਰੀ। ਇੰਨੀ ਵੱਡੀ ਇਸ ਬਿਲਡਿੰਗ ਵਿਚ ਕਿੰਨੇ ਫਲੈਟ ਨੇ। ਉਹਨਾਂ ਅੰਦਰ ਕਿੰਨੇ ਮਨੁੱਖ ਨੇ। ਪਰ ਕਿਸੇ ਦਾ ਕਿਸੇ ਨਾਲ ਕੋਈ ਨਾਤਾ ਨਹੀਂ।

*****

ਸਿਆਲ਼ੀ ਰੁੱਤ ਸੀ।

ਠੰਢੀ। ਜੰਮੀ ਹੋਈ। ਉਦਾਸ ਜਿਹੀ।

ਡੋਰ ਬੈੱਲ ਹੋਈ। ਦਰਵਾਜ਼ਾ ਖੁਲ੍ਹਿਆ। ਸਾਹਮਣੇ ਉਹ ਔਰਤ ਖੜ੍ਹੀ ਸੀ।

ਪੂਰੇ ਇਕ ਮਹੀਨੇ ਤੇ ਛੇ ਦਿਨਾਂ ਬਾਅਦ।

"ਸਾਗ ਬਣਾਇਆ ਸੀ। ਸੋਚਿਆ ਤੁਹਾਨੂੰ ਦੇ ਆਵਾਂ।"

ਪ੍ਰਸ਼ੋਤਮ ਦਾਸ ਸਮਝ ਨਹੀਂ ਪਾਏ, ਉਸਦੇ ਚਿਹਰੇ 'ਤੇ ਸੰਕੋਚ ਹੈ, ਵਿਸ਼ਵਾਸ਼ ਹੈ ਜਾਂ ਕੀ ਹੈ। ਪਰ ਸਾਗ-ਸਬਜ਼ੀ ਦੀ ਉਮੀਦ ਤਾਂ ਉਹਨਾਂ ਨੂੰ ਜ਼ਰਾ ਵੀ ਨਹੀਂ ਸੀ।

"ਅੰਦਰ ਆ ਜਾਓ।"

ਪ੍ਰਸ਼ੋਤਮ ਦਾਸ ਝਕਦੇ ਜਿਹੇ ਬੋਲੇ।

ਉਹ ਔਰਤ ਬਿਨਾਂ ਕੁਝ ਕਹੇ ਅੰਦਰ ਆ ਗਈ।

"ਤੁਸੀਂ ਬੈਠੋ ਮੈਂ ਇਹ ਕਿਚਨ ਵਿਚ ਰੱਖ ਕੇ ਆਉਂਦਾਂ।"

...ਤੇ ਵਾਪਸ ਆ ਕੇ ਉਹਨਾਂ ਗੱਲ ਕਰਨ ਲਈ ਜਿਵੇਂ ਬਹਾਨਾ ਲੱਭਣਾ ਹੁੰਦਾ ਹੈ, ਉਸ ਤਰ੍ਹਾਂ ਸਵਾਲ ਕੀਤਾ, "ਚਾਹ ਲਓਗੇ ਜਾਂ ਕੌਫੀ?"

"ਕੁਝ ਵੀ ਨਹੀਂ। ਅਸਲ ਵਿਚ ਮੈਂ ਕੋਈ ਮੈਡੀਸੀਨ ਲੈ ਕੇ ਆਈ ਹਾਂ। ਅੱਧਾ-ਪੌਣਾ ਘੰਟਾ ਕੁਝ ਵੀ ਨਹੀਂ ਲੈਣਾ ਹੁੰਦਾ।"

"ਚਲੋ ਅੱਧਾ ਘੰਟਾ ਰੁਕ ਕੇ ਲੈ ਲੈਣਾ।" ਪ੍ਰਸ਼ੋਤਮ ਦਾਸ ਜਿਵੇਂ ਉਸਨੂੰ ਰੁਕਣ ਲਈ, ਬੈਠਣ ਲਈ ਕਹਿ ਰਹੇ ਹੋਣ। ਉਹ ਬੋਲ ਗਏ ਤੇ ਫਿਰ ਆਪਣੇ ਬੋਲੇ 'ਤੇ ਰਤਾ ਕੁ ਝੇਪ ਵੀ ਗਏ।

"ਕੋਈ ਫਾਰਮੈਲਟੀ ਵਾਲੀ ਗੱਲ ਨਹੀਂ ਹੈ।" ਉਸਨੇ ਸਹਿਜ ਰਹਿੰਦਿਆਂ ਜਵਾਬ ਦਿੱਤਾ।

"ਸਰਗਮ ਨਿਵਾਸ ਲਿਖਿਆ ਪੜ੍ਹਿਆ ਮੈਂ ਤੁਹਾਡੇ ਦਰਵਾਜ਼ੇ 'ਤੇ। ਬਹੁਤ ਸੋਹਣਾ ਨਾਮ ਰੱਖਿਆ ਤੁਸੀਂ ਘਰ ਦਾ। ਸੰਗੀਤ ਦਾ ਘਰ।" ਪ੍ਰਸ਼ੋਤਮ ਦਾਸ ਘਰ ਦੇ ਨਾਮ ਤੋਂ ਸ਼ਾਇਦ ਉਸ ਔਰਤ ਦੇ ਨਾਮ ਤਕ ਆਉਣਾ ਚਾਹੁੰਦੇ ਸਨ।

"ਸਰਗਮ ਮੇਰੀ ਪੋਤੀ ਦਾ ਨਾਮ ਹੈ। ਉਹ ਦੂਰ ਰਹਿੰਦੀ ਹੈ, ਸੋ ਇੰਝ ਉਸਨੂੰ ਕੋਲ਼ ਫੀਲ ਕਰ

ਲੈਂਦੀ ਹਾਂ।" ਉਸਨੇ ਦੱਸਿਆ ਤੇ ਪ੍ਰਸ਼ੋਤਮ ਦਾਸ ਹੱਸ ਪਏ, "ਮੈਂ ਤਾਂ ਸੋਚਦਾ ਸੀ ਕਿਤੇ ਤੁਹਾਡਾ ਨਾਮ ਹੈ।"

"ਸਾਡੇ ਵੇਲ਼ੇ ਕਿਤੇ ਇਹੋ ਜਿਹੇ ਨਾਮ ਹੁੰਦੇ ਸੀ ਭਲਾ। ਮੇਰਾ ਤਾਂ ਨਾਮ ਅਜੀਤ ਹੈ।" ਉਹਨੇ ਬਿਨਾਂ ਕਿਸੇ ਖਾਸ ਉਚੇਚ ਦੇ ਆਪਣਾ ਨਾਮ ਦੱਸ ਦਿੱਤਾ।

"ਪੋਤੀ ਕੋਲ਼ ਕਿਉਂ ਨਹੀਂ ਰੁਕਦੇ?" ਪ੍ਰਸ਼ੋਤਮ ਹੁਣਾਂ ਸ਼ਾਇਦ ਮੁਨਾਸਿਬ ਸਵਾਲ ਨਹੀਂ ਸੀ ਕੀਤਾ। ਉਹਨਾਂ ਨੂੰ ਖ਼ੁਦ ਨੂੰ ਬਾਅਦ ਵਿਚ ਲੱਗਿਆ।

"ਮੇਰੇ ਵੱਸ ਦੀ ਗੱਲ ਨਹੀਂ। ਘੁੱਟ ਕੇ ਵੱਟ ਕੇ ਮੇਰੇ ਕੋਲ਼ੋਂ ਰਹਿ ਨਹੀਂ ਹੋਣਾ। ਫੇਰ ਨਾ ਹੀ ਮੈਂ ਉਹਨਾਂ ਦੀ ਸਪੇਸ ਵਿਚ ਕੋਈ ਖਲਲ ਪਾਉਣਾ ਚਾਹੁੰਦੀ ਹਾਂ।" ਅਜੀਤ ਹੁਣਾਂ ਗੰਭੀਰ ਜਿਹਾ ਜਵਾਬ ਦਿੱਤਾ।

"ਵੈਸੇ ਕੈਸਾ ਵਕਤ ਆ ਗਿਆ। ਮਾਪੇ ਵੀ ਬੱਚਿਆਂ ਲਈ ਖਲਲ ਬਣਨ ਲੱਗੇ ਨੇ...।" ਪ੍ਰਸ਼ੋਤਮ ਦਾਸ ਫ਼ਿਕਰ ਵਿਚ ਪੈ ਗਏ।

"ਕਈ ਪਹਿਲੂ ਨੇ ਇਸ ਗੱਲ ਦੇ ਵੀ। ਬੱਚਿਆਂ ਦੀ ਵੀ ਆਪਣੀ ਹੀ ਦੁਨੀਆ ਹੈ। ਸੋ ਠੀਕ ਹੈ ਜੋ ਹੈ।" ਅਜੀਤ ਹੁਣਾਂ ਮੁੜ ਸਰਦ ਸਾਹ ਛੱਡਿਆ।

ਗੱਲ-ਬਾਤ ਦਾ ਰੁਖ ਬੜਾ ਸੰਜੀਦਾ ਹੋ ਰਿਹਾ ਸੀ।

ਪ੍ਰਸ਼ੋਤਮ ਹੁਣਾਂ ਵਾਤਾਵਰਨ ਨੂੰ ਥੋੜ੍ਹਾ ਹਲਕਾ ਕਰਨ ਲਈ, ਮੁੜ ਚਾਹ-ਕੌਫ਼ੀ ਦੀ ਗੱਲ ਛੇੜ ਲਈ।

"ਚਾਹ ਬਣਾਵਾਂ ਜਾਂ ਕੌਫ਼ੀ?"

"ਤੁਸੀਂ ਖ਼ੁਦ ਬਣਾਓਗੇ ਤਾਂ ਕੁਝ ਵੀ ਨਹੀਂ ਲੈਣਾ।" ਅਜੀਤ ਹੁਣਾਂ ਜ਼ਰਾ ਹੱਸਦਿਆਂ ਆਖਿਆ।

"ਕੰਮ ਵਾਲੀ ਕੁੜੀ ਨੇ ਅਜੇ ਲੇਟ ਆਉਣਾ ਹੈ। ਬੇਫਿਕਰ ਰਹੋ। ਮੈਂ ਠੀਕ-ਠਾਕ ਬਣਾ ਲੈਂਦਾਂ ਚਾਹ ਕੌਫੀ।" ਪ੍ਰਸ਼ੋਤਮ ਦਾਸ ਵੀ ਹੱਸ ਪਏ।

"ਠੀਕ ਹੈ। ਫੇਰ ਚਾਹ ਹੀ ਠੀਕ ਹੈ।"

ਚਾਹ-ਬਿਸਕੁਟ ਟ੍ਰੇਅ ਵਿਚ ਰੱਖ ਕੇ ਪ੍ਰੋਸ਼ਤਮ ਦਾਸ ਅਜੀਤ ਹੁਣਾਂ ਦੇ ਸਾਹਮਣੇ ਆ ਬੈਠੇ।

"ਮੈਨੂੰ ਪਤਾ ਨਹੀਂ ਪੁੱਛਣਾ ਚਾਹੀਦਾ ਜਾਂ ਨਹੀਂ।ਪਰ ਤੁਸੀਂ ਇੰਝ...।" ਚਾਹ ਦਾ ਕੱਪ ਚੁੱਕਦਿਆਂ ਅਜੀਤ ਨੇ ਪੁੱਛ ਲਿਆ।

"ਇਕੱਲ ਹਿੱਸੇ ਆਈ ਹੁੰਦੀ ਹੈ ਕਈ ਲੋਕਾਂ ਦੇ ਮੈਨੂੰ ਲੱਗਦਾ।" ਪ੍ਰਸ਼ੋਤਮ ਹੁਣਾਂ ਇਕ ਟੱਕ ਉਹਨਾਂ ਵੱਲ ਦੇਖਦਿਆਂ ਆਖਿਆ, "ਬੀਵੀ ਗੁਜ਼ਰ ਗਈ। ਬੱਚੇ ਆਪਣੇ-ਆਪਣੇ ਕੰਮਾਂ ਵਿਚ ਮਸਰੂਫ਼ ਨੇ। ਉਹਨਾਂ ਨਾਲ ਰਹਿਣ ਲਈ ਕਦੇ ਪੁੱਛਿਆ ਨਹੀਂ। ਮੈਂ ਖ਼ੁਦ ਕਦੇ ਆਖਿਆ ਨਹੀਂ।"

"ਸਭ ਤਰਫ਼ ਇਹੀ ਹਾਲਾਤ ਨੇ...।"

...ਤੇ ਦੋਨਾਂ ਵਿਚਾਲੇ ਇਕ ਚੁੱਪ ਫੈਲ ਗਈ।

"ਤੁਸੀਂ ਬੋਰ ਨਹੀਂ ਹੁੰਦੇ...।" ਪ੍ਰਸ਼ੋਤਮ ਨੇ ਮੁੜ ਚੁੱਪ ਤੋੜਦਿਆਂ ਕਿਹਾ।

"ਹੋ ਜਾਂਦੀ ਹਾਂ ਕਦੇ-ਕਦੇ। ਮਨ ਤਾਂ ਮਨ ਹੁੰਦਾ। ਥੋੜ੍ਹੀ ਬਹੁਤ ਤਰਲਤਾ ਤਾਂ ਬਚ ਹੀ ਜਾਂਦੀ ਹੈ ਇਸ ਵਿਚ।" ਉਹਨਾਂ ਇਉਂ ਜਵਾਬ ਦਿੱਤਾ ਜਿਵੇਂ ਪੱਥਰ ਦਾ ਕੋਈ ਬੁੱਤ ਹੁਣੇ-ਹੁਣੇ ਸੰਜੀਵ ਹੋ ਗਿਆ ਹੋਵੇ।

"ਸੈਰ ਲਈ ਆ ਜਾਇਆ ਕਰੋ। ਮੈਂ ਰੋਜ਼ ਸ਼ਾਮ ਨੂੰ ਨਿਕਲਦਾਂ ਸੱਤ ਕੁ ਵਜੇ। ਆਲ਼ਾ ਦੁਆਲ਼ਾ

ਦੇਖ ਲਈਦਾ। ਵਰਨਾ ਇੱਥੇ ਤਾਂ ਛੱਤ ਉਪਰ ਬਾਲੇ ਵੀ ਨਹੀਂ ਨੇ, ਜਿੰਨ੍ਹਾਂ ਦੀ ਬੰਦੇ ਗਿਣਤੀ ਕਰ ਲੈਣ।"

"ਮੈਂ ਬੱਸ ਖ਼ੁਦ ਤੋਂ ਕਦੇ ਬਾਹਰ ਆ ਨਹੀਂ ਸਕੀ।" ਅਜੀਤ ਹੁਣਾਂ ਖਾਲੀ ਕੱਪ ਟੇਬਲ 'ਤੇ ਧਰਦਿਆਂ ਆਖਿਆ।

"ਕੋਸ਼ਿਸ਼ ਕਰਕੇ ਦੇਖਣਾ।" ਪ੍ਰਸ਼ੋਤਮ ਦਾਸ ਸਮਝ ਗਏ।ਬਹੁਤ ਕੁਝ ਹੈ ਅਜੀਤ ਦੇ ਮਨ ਵਿਚ। ਦੱਬਿਆ ਹੋਇਆ। ਬਾਹਰ ਆਉਣ ਲਈ ਕਾਹਲ਼ਾ।

"ਹੁਣ ਚੱਲਦੀ ਹਾਂ।" ਉਹਨਾਂ ਬੱਸ ਇਹੀ ਆਖਿਆ ਤੇ ਚੁੱਪ ਚਾਪ ਉਠ ਕੇ ਬਾਹਰ ਨੂੰ ਤੁਰ ਪਏ।ਪ੍ਰਸ਼ੋਤਮ ਦਾਸ ਨਾਲ ਆਏ। ਵਿਦਾ ਕੀਤਾ। ਦਰਵਾਜ਼ਾ ਬੰਦ ਕੀਤਾ। ਲੇਟ ਗਏ। ਅੱਖਾਂ ਬੰਦ ਕਰ ਲਈਆਂ।

ਜਦੋਂ ਅੱਖ ਖੁਲ੍ਹੀ। ਸੈਰ 'ਤੇ ਜਾਣ ਦਾ ਵਕਤ ਹੋਇਆ ਪਿਆ ਸੀ। ਪਰ ਅੱਜ ਪ੍ਰਸ਼ੋਤਮ ਦਾਸ ਬੜੇ ਥੱਕੇ ਜਿਹੇ ਮਹਿਸੂਸ ਕਰ ਰਹੇ ਸਨ। ਉਹਨਾਂ ਬਾਹਰ ਜਾਣ ਦਾ ਮਨ ਤਿਆਗ ਦਿੱਤਾ ਤੇ ਟੀ.ਵੀ ਦਾ ਸਵਿੱਚ ਆਨ ਕਰ ਦਿੱਤਾ।

*****

ਪ੍ਰਸ਼ੋਤਮ ਦਾਸ ਸੁਸਾਇਟੀ ਪਾਰਕ ਵਿਚ ਟਹਿਲ ਰਹੇ ਸਨ।

ਉਹਨਾਂ ਦੂਰੋਂ ਹੀ ਅਜੀਤ ਹੁਣਾਂ ਨੂੰ ਆਪਣੇ ਵੱਲ ਆਉਂਦਿਆਂ ਦੇਖਿਆ ਤੇ ਰੁਕ ਕੇ ਉਡੀਕਣ ਲੱਗੇ।

"ਆ ਗਏ ਤੁਸੀਂ ਬਾਹਰ ਆਖਿਰ!" ਪ੍ਰਸ਼ੋਤਮ ਦਾਸ ਥੋੜ੍ਹਾ ਦੂਰ ਤੋਂ ਪੁੱਛਦੇ ਨੇ ਤੇ ਰਤਾ ਕੁ ਹੱਸਦੇ ਨੇ।

"ਮੈਂ ਕਿਹਾ ਦੇਖ ਆਵਾਂ ਮੈਂ ਵੀ ਆਲ਼ਾ ਦੁਆਲ਼ਾ।"

"ਬਹੁਤ ਚੰਗਾ ਕੀਤਾ। ਖ਼ੁਦ ਨੂੰ ਜਕੜੀ ਰੱਖਣਾ ਵੀ ਖ਼ੁਦ ਨੂੰ ਕਸ਼ਟ ਦੇਣ ਵਾਂਗ ਹੁੰਦਾ। "

"ਕਸ਼ਟ ਹੋਰ ਹੁਣ ਕੀ ਹੋਣਾ ਪ੍ਰਸ਼ੋਤਮ ਜੀ। ਇਸ ਉਮਰੇ ਵੀ ਆਪਾਂ ਇਕੱਲੇ ਬੈਠੇ ਠੇਡੇ ਖਾ ਰਹੇ ਹਾਂ।"

"ਚਲੋ ਫਿਰ ਨਿਰਾਸ ਤਾਂ ਨਹੀਂ ਹੋਈਦਾ ਨਾ।"

"ਨਿਰਾਸ ਹੁੰਦੇ ਤਾਂ ਇਉਂ ਜੀਅ ਥੋੜ੍ਹਾ ਨਾ ਰਹੇ ਹੁੰਦੇ।ਮੈਂ ਤਾਂ ਖੁਸ਼ ਹਾਂ ਖ਼ੁਦ ਨਾਲ।" ਬਰਾਬਰ ਹੋ ਕੇ ਦੋਨੋਂ ਤੁਰਨ ਲੱਗੇ।

"ਮੇਰਾ ਬੇਟਾ ਉਦੋਂ ਅਜੇ ਛੋਟਾ ਹੀ ਸੀ ਜਦੋਂ ਮੇਰੇ ਹਸਬੈਂਡ ਗੁਜ਼ਰੇ। ਪਾਲ਼ਿਆ ਪੜ੍ਹਾਇਆ। ਮੈਂ ਜ਼ਿੰਦਗੀ ਉਸ ਉੱਤੋਂ ਵਾਰ ਸੁੱਟੀ। ਆਸ ਸੀ ਆਉਂਦਾ ਕੱਲ੍ਹ ਇਹਦੇ ਸਹਾਰੇ ਕੱਟਾਂਗੀ। ਵਿਆਹ ਕੀਤਾ। ਨੂੰਹ ਆਈ। ਬੇਟਾ ਆਪਣੀਆ ਦੁਨੀਆ ਵਿਚ ਗੁਆਚਾ, ਪਰਦੇਸ ਜਾ ਬੈਠਾ।"

"ਇਹ ਸਾਡੀ ਸੁਸਾਇਟੀ ਵਿਚ ਏਸ ਵੇਲੇ ਦੀ ਵੱਡੀ ਮੁਸ਼ਕਿਲ ਹੈ।" ਥੋੜ੍ਹਾ ਤੁਰ ਕੇ ਉਹ ਦੋ ਬਰਾਬਰ ਬੈਂਚਾ ਉਪਰ ਜਾ ਬੈਠੇ। ਪ੍ਰਸ਼ੋਤਮ ਦਾਸ ਨੂੰ ਸਮਝ ਨਹੀਂ ਸੀ ਆਇਆ ਕਿ ਹੁਣ ਉਹ ਹੋਰ ਕੀ ਆਖਣ?

"ਬੜੇ ਸਾਲ ਇਉਂ ਹੀ ਗੰਵਾਏ ਨੇ। ਜਦੋਂ ਉਹ ਕੋਲ ਸੀ, ਮੈਂ ਤਾਂ ਉਦੋਂ ਵੀ ਇਕੱਲੀ ਸਾਂ। ਹੁਣ ਇਸ ਇਕੱਲਤਾ ਦੀ ਜਿਵੇਂ ਆਦਤ ਪੈ ਗਈ ਹੈ। ਇਕੱਲੀ ਬੈਠੀ ਖ਼ੁਦ ਨਾਲ ਗੱਲਾਂ ਕਰ ਲੈਂਦੀ ਹਾਂ। ਜਦੋਂ ਉਹ ਇੱਥੇ ਸੀ ਉਦੋਂ ਮੈਂ ਚੁੱਪ ਹੰਢਉਂਦੀ ਸਾਂ। ਮੇਰੇ ਬੋਲਣ-ਕੁਝ ਕਹਿਣ ਦਾ ਨਾ ਘਰ ਵਿਚ ਅਸਰ ਸੀ ਨਾ ਕੋਈ ਪਸੰਦ ਕਰਦਾ ਸੀ।"

ਉਹ ਹੋਰ ਉਦਾਸ ਹੋ ਗਏ।ਚਿਹਰਾ ਹੋਰ ਗੰਭੀਰ ਹੋ ਗਿਆ।

ਫੇਰ ਮਨ ਵਿਚ ਕੁਝ ਆਇਆ। ਹਲਕਾ ਜਿਹਾ ਮੁਸਕੁਰਾਏ ਤੇ ਕਹਿਣ ਲੱਗੇ, "ਚਲੋ ਛੱਡੋ! ਤੁਹਾਡੀ ਸੈਰ ਦਾ ਮਜ਼ਾ ਵੀ ਗਵਾ ਦਿੱਤਾ ਮੈਂ।"

"ਨਹੀਂ-ਨਹੀਂ, ਐਸੀ ਕੋਈ ਗੱਲ ਨਹੀਂ। ਗੱਲਾਂ ਕਰਨ ਨਾਲ ਮਨ ਹਲਕਾ ਹੁੰਦਾ। ਹੁਣ ਤਾਂ ਸਗੋਂ ਸਾਡੀ ਸੁਣਨ ਵਾਲਾ ਹੀ ਕੋਈ ਨਹੀਂ ਹੈ।" ਪ੍ਰਸ਼ੋਤਮ ਦਾਸ ਬੜੇ ਨਿਮਰ ਭਾਵ ਨਾਲ ਬੋਲੇ।

"ਇਹ ਨਾ ਸੁਣਨ ਵਾਲੀ ਗੱਲ ਵਧੇਰੇ ਦੁੱਖ ਦਿੰਦੀ ਹੈ ਤੁਹਾਨੂੰ ਪਤਾ। ਮੈਨੂੰ ਕੁਝ ਵੀ ਨਹੀਂ ਸੀ ਚਾਹੀਦਾ। ਬੱਸ ਇਹ ਜ਼ਰੂਰ ਚਾਹੁੰਦੀ ਸਾਂ, ਪਰਿਵਾਰ ਕੋਲ਼ ਬੈਠੇ। ਗੱਲਾਂ ਕਰੀਏ। ਪਰ...। ਬੜੇ ਲੋਕ ਨੇ ਜੋ ਪਿਛਲੀਆਂ ਉਮਰਾਂ 'ਤੇ ਆ ਕੇ ਘੋਰ ਇਕੱਲਤਾ ਕੱਟਦੇ ਨੇ।"

"ਹਾਂ ਮੈਂ ਸਮਝਦਾਂ।ਗੱਲ ਸੁਣਨ ਵਾਲਾ ਕੋਈ ਤਾਂ ਹੋਣਾ ਚਾਹੀਦਾ...।"...ਤੇ ਉਹ ਚੁੱਪ ਗੋ ਗਏ। ਜਿਵੇਂ ਕੋਈ ਗੱਲ ਬਚੀ ਹੀ ਨਾ ਹੋਵੇ। ਕਿੰਨੀ ਹੀ ਦੇਰ ਚੁੱਪ ਬੈਠੇ ਰਹੇ।

"ਚੱਲਦੀ ਹਾਂ! ਤੁਸੀਂ ਸੈਰ ਕਰੋ।" ਅਜੀਤ ਉਠ ਕੇ ਖਲੋ ਗਏ।

"ਬੱਸ ਹੋ ਗਈ ਸੈਰ ਤਾਂ।" ਪ੍ਰਸ਼ੋਤਮ ਰੁਕਣ ਲਈ ਕਹਿਣਾ ਚਾਹੁੰਦੇ ਸਨ। ਪਰ ਕਹਿ ਨਹੀਂ ਸਕੇ।

*****

ਪ੍ਰਸ਼ੋਤਮ ਦਾਸ ਦਾ ਫੋਨ ਵੱਜਿਆ।

ਅਜੀਤ-ਲਿਖਿਆ ਆ ਰਿਹਾ ਸੀ ਸਕਰੀਨ 'ਤੇ।

"ਹਾਂ ਜੀ!" ਫੋਨ ਚੁੱਕਦਿਆਂ ਉਹ ਬੋਲੇ।

"ਮੈਂ ਦੋ ਦਿਨ ਤੋਂ ਦੇਖ ਰਹੀ ਸਾਂ। ਤੁਸੀਂ ਸੈਰ ਲਈ ਨਹੀਂ ਆਏ?"

"ਤਬੀਅਤ ਖ਼ਰਾਬ ਸੀ। ਬੁਖ਼ਾਰ। ਖਾਂਸੀ। ਬੁਰੇ ਹਾਲ ਨੇ।"

"ਕੋਈ ਦਵਾ ਦਾਰੂ ਲਈ ਏ?"

"ਹਾਂ ਜੀ, ਦਵਾਈ ਤਾਂ ਖਾ ਰਿਹਾਂ।"

"ਤੁਸੀਂ ਦੱਸ ਦਿੰਦੇ। ਕਿਸੇ ਚੀਜ਼ ਦੀ ਲੋੜ...।"

"ਨਹੀਂ ਕੋਈ ਐਸੀ ਗੱਲ ਨਹੀਂ। ਕੰਮ ਵਾਲੀ ਕੁੜੀ ਤਾਂ ਆ ਹੀ ਰਹੀ ਹੈ। ਸਗੋਂ ਖਾਣ ਨੂੰ ਚਿੱਤ ਨਹੀਂ ਕਰਦਾ ਕੁਝ।"

"ਮੌਸਮ ਵੀ ਥੋੜ੍ਹਾ ਇਹੋ ਜਿਹਾ ਅੱਜ-ਕੱਲ੍ਹ। ਕੁਝ ਖਾਣਾ ਤਾਂ ਦੱਸੋ। ਮੈਂ...।"

"ਮਨ ਹੀ ਨਹੀਂ ਕਰਦਾ।"

"ਦਲ਼ੀਆ ਬਣਾ ਦਿੰਦੀ ਆਂ। ਕੋਸਾ ਕੋਸਾ ਖਾ ਲਿਓ। ਚੰਗਾ ਹੁੰਦਾ।"

"ਵੈਸੇ ਕੋਈ ਲੋੜ ਤਾਂ ਨਹੀਂ। ਕਿਉਂ ਐਵੇਂ ਤਕਲੀਫ਼...।"

"ਦੱਸੋ ਇਹਦੇ ਵਿਚ ਕਾਹਦੀ ਤਕਲੀਫ਼। ਮੈਂ ਲੈ ਕੇ ਆਉਂਦੀ ਆਂ।"

ਫੋਨ ਬੰਦ ਹੋਇਆ ।

ਡੋਰ ਬੈੱਲ ਵੱਜੀ।

"ਤੁਸੀਂ ਤਾਂ ਕਾਫ਼ੀ ਬਿਮਾਰ ਹੋ। ਠੰਢ ਲਵਾ ਲਈ ਏ ਲੱਗਦਾ।" ਪ੍ਰਸ਼ੋਤਮ ਦਾਸ ਦੀ ਹਾਲਤ ਦੇਖ ਅਜੀਤ ਹੁਣਾਂ ਅੰਦਾਜ਼ਾ ਲਗਾਇਆ।

"ਮੈਂ ਤਾਂ ਵੈਸੇ ਕਾਫ਼ੀ ਧਿਆਨ ਰੱਖਦਾਂ।" ਉਹਨਾਂ ਆਖਿਆਂ। ਗਲ਼ਾ ਥੋੜ੍ਹਾ ਬੈਠਿਆ ਹੋਇਆ ਸੀ।

"ਅਸਲ ਵਿਚ ਏਸ ਉਮਰੇ ਕੋਈ ਧਿਆਨ ਰੱਖਣ ਵਾਲਾ ਕੋਲ਼ ਹੋਣਾ ਚਾਹੀਦਾ ਹੁੰਦਾ।"

ਪ੍ਰਸ਼ੋਤਮ ਦਾਸ ਕੁਝ ਨਹੀਂ ਬੋਲੇ।

ਕੁਝ ਛਿਣ, ਇਕ ਚੁੱਪ ਦੋਨਾਂ ਵਿਚਾਲੇ ਪਸਰੀ ਰਹੀ।

"ਪੈ ਜਾਓ ਜਾ ਕੇ, ਮੈਂ ਦਲ਼ੀਆ ਪਲੇਟ ਵਿਚ ਪਾ ਲਿਆਉਂਦੀ ਹਾਂ।"

"ਤੁਹਾਨੂੰ ਐਵੇਂ ਤਕਲੀਫ਼ ਦਿੱਤੀ।" ਦਲ਼ੀਆ ਖਾ ਕੇ ਖਾਲੀ ਪਲੇਟ ਟੇਬਲ 'ਤੇ ਧਰਦਿਆਂ ਪ੍ਰਸ਼ੋਤਮ ਦਾਸ ਮੁੜ ਅਜੀਤ ਹੁਣਾਂ ਨੂੰ ਆਖਣ ਲੱਗੇ।

"ਸੱਚਮੁੱਚ ਤਕਲੀਫ਼ ਵਰਗਾ ਕੁਝ ਨਹੀਂ ਹੈ। ਬੰਦਾ ਹੀ ਤਾਂ ਬੰਦੇ ਦਾ ਦਾਰੂ ਹੁੰਦਾ। ਨਾ ਤੁਹਾਡਾ ਇੱਥੇ ਕੋਈ ਬੈਠਾ ਹੈ ਦੇਖਣ ਵਾਲਾ ਨਾ ਮੇਰਾ।"

ਅਜੀਤ ਹੁਣਾਂ ਸੀਤ ਜਿਹਾ ਹਉਕਾ ਲਿਆ।

"ਚੱਲੋ ਇਹ ਵੀ ਸ਼ਾਇਦ ਕਿਸਮਤ ਦੀਆਂ ਗੱਲਾਂ ਹੋਣ।"

...ਤੇ ਕਿਸਮਤ ਉਪਰ ਗੱਲ ਮੁਕਾ ਕੇ ਦੋਨੋਂ ਬਜ਼ੁਰਗ ਆਪਣੀਆਂ ਗੱਲਾਂ ਵਿਚ ਗੁਆਚ ਗਏ। ਉਹ ਗੱਲਾਂ ਜਿੰਨ੍ਹਾਂ ਵਿਚ ਨਾ ਪੁੱਤਾਂ ਧੀਆਂ ਦੀਆਂ ਗੱਲਾਂ ਸਨ, ਨਾ ਘਰ ਜਾਇਦਾਤ ਦੀਆਂ।

ਤਮਾਮ ਉਮਰ ਕਬੀਲਦਾਰੀ ਦਾ ਗੱਡਾ ਖਿੱਚਣ ਵਾਲੇ ਉਹ ਬੱਸ ਦੋ ਮਨੁੱਖ ਸਨ। ਇਸ ਵੇਲੇ ਜਿੰਨ੍ਹਾਂ ਦੇ ਚਿਹਰੇ ਉਪਰ ਨਾ ਜ਼ਿੰਦਗੀ ਪ੍ਰਤੀ ਕੋਈ ਗੁੱਸਾ ਸੀ ਨਾ ਸ਼ਿਕਵਾ।

ਅਜੀਤ ਹੁਣਾਂ ਚਾਹ ਬਣਾਈ। ਦੋਨਾਂ ਪੀਤੀ। ਭਾਂਡੇ ਧੋਤੇ।

ਜਾਣ ਲੱਗਿਆਂ ਉਹਨਾਂ ਆਖਿਆ, "ਕੰਮ ਵਾਲੀ ਕੁੜੀ ਨੂੰ ਸ਼ਾਮੀਂ ਆਉਣ ਤੋਂ ਮਨ੍ਹਾ ਕਰ ਦਿਓ। ਰਾਤ ਦਾ ਖਾਣਾ ਮੈਂ ਹੀ ਦੇ ਜਾਵਾਂਗੀ।"

ਪ੍ਰਸ਼ੋਤਮ ਦਾਸ ਨੇ ਅੱਗਿਓਂ ਕੁਝ ਨਾ ਕਿਹਾ।

ਦੁਪਹਿਰ ਢਲਣ ਲੱਗੀ ਸੀ।

*****

ਪਤਲੀ ਜਿਹੀ ਦਾਲ ਨਾਲ ਪਤਲੇ ਜਿਹੇ ਫੁਲਕੇ ਸਨ।

ਰੋਟੀ ਖਾ ਕੇ ਪ੍ਰਸ਼ੋਤਮ ਦਾਸ ਨੂੰ ਇਉਂ ਲੱਗਿਆ, ਜਿਵੇਂ ਰੋਟੀ ਵਰ੍ਹਿਆਂ ਮਗਰੋਂ ਖਾਧੀ ਹੋਵੇ। ਉਹਨਾਂ ਨੂੰ ਸਿਹਤ ਪਹਿਲਾਂ ਨਾਲੋਂ ਚੰਗੀ ਲੱਗ ਰਹੀ ਸੀ।

ਉਹਨਾਂ ਖਾਣੇ ਦੀ ਸਿਫ਼ਤ ਕੀਤੀ।

ਅਜੀਤ ਹੁਣੀ ਮੁਸਕੁਰਾ ਪਏ।

"ਖਾਣਾ ਕੰਮ ਸਮਝ ਕੇ ਨਹੀਂ ਬਣਾਈਦਾ। ਨਹੀਂ ਤਾਂ ਨਾ ਹੀ ਸਵਾਦ ਬਣਦਾ ਹੈ ਨਾ ਹੀ ਖਾਣ ਵਾਲੇ ਨੂੰ ਤ੍ਰਿਪਤੀ ਦਿੰਦਾ ਹੈ।"

ਉਹ ਮੁੜ ਗੰਭੀਰ ਗੱਲਾਂ ਕਰਨ ਲੱਗੇ। ਕਰਦੇ ਰਹੇ। ਬੀਤੇ ਕਲ੍ਹ ਦੀਆਂ। ਅੱਜ ਦੀਆਂ। ਆਉਂਣ ਵਾਲੇ ਕੱਲ੍ਹ ਦੀਆਂ। ਇਕੱਲਤਾ ਦੀਆਂ। ਚੁੱਪ ਦੀਆਂ।

...ਤੇ ਜਦੋਂ ਦੇਰ ਰਾਤ ਨੂੰ ਅਜੀਤ ਹੁਣੀਂ ਆਪਣੇ ਘਰ ਜਾਣ ਲੱਗੇ, ਪ੍ਰਸ਼ੋਤਮ ਦਾਸ ਦਾ ਮਨ ਕੀਤਾ, ਉਹ ਕਹਿਣ ਕਿ ਇੱਥੇ ਹੀ ਰੁਕ ਜਾਓ। ਪਰ ਉਹ ਕਹਿ ਨਾ ਸਕੇ।

ਅਜੀਤ ਹੁਣਾਂ ਦਾ ਵੀ ਮਨ ਕਰਦਾ ਸੀ ਕਿ ਉਹ ਇੱਥੇ ਹੀ ਰੁਕ ਜਾਣ। ਪਰ ਉਹ ਰੁਕ ਨਾ ਸਕੇ।

*****

ਉਹਨਾਂ ਹੀ ਦਿਨਾਂ ਵਿਚ ਚਰਚਾ ਛਿੜੀ।

ਉਪਰੋਂ ਹੇਠਾਂ। ਹੇਠਾਂ ਤੋਂ ਉਪਰ। ਪੂਰੀ ਸੁਸਾਇਟੀ ਵਿਚ ਫੈਲੀ। ਕਿਸੇ ਨੇ ਗੱਲ ਨੂੰ ਖੰਭ ਲਗਾਏ। ਗੱਲ ਗੀਤਾ ਕੋਲ਼ ਪੁੱਜੀ। ਗੀਤਾ ਕੋਲ਼ੋਂ ਵੱਡੀ ਨੂੰਹ ਕੋਲ਼। ਦੋਨਾਂ ਮੁੰਡਿਆਂ ਕੋਲ਼। ਮੁੰਡੇ

ਪ੍ਰੇਸ਼ਾਨ ਹੋਏ। ਹੈਰਨ ਹੋਏ। ਸੋਚਣ ਲੱਗੇ, ਏਸ ਉਮਰੇ ਬਾਊ ਜੀ ਇਹ ਸਭ ਕੀ ਕਰ ਰਹੇ ਨੇ। ਜੱਗ ਹਸਾਈ ਦਾ ਖ਼ਿਆਲ ਉਹਨਾਂ ਨੂੰ ਦੁਖੀ ਕਰਦਾ। ...ਤੇ ਫੇਰ ਕੁਝ ਮਹੀਨਿਆਂ ਦੇ ਦਰਮਿਆਨ ਹੀ, ਪ੍ਰਸ਼ੋਤਮ ਦਾਸ ਪੂਨੇ ਚਲੇ ਗਏ। ਮੁੰਡੇ ਨੇ ਆਖਿਆ ਸੀ, "ਬਾਊ ਜੀ! ਅਸੀਂ ਦੋਨੋਂ ਜੀਅ ਕੰਮ 'ਤੇ ਨਿਕਲ ਜਾਂਦੇ ਹਾਂ। ਬੇਟੀ ਪਿੱਛੋਂ ਨੌਕਰ ਦੇ ਕੋਲ਼ ਛੱਡੀ ਹੁੰਦੀ। ਨੌਕਰਾਂ ਦਾ ਕੀ ਵਸਾਹ ਹੈ। ਇੱਥੇ ਆ ਜਾਓਗੇ ਤਾਂ ਤੁਹਾਡਾ ਵੀ ਦਿਲ ਲੱਗਿਆ ਰਹੂ।"

ਪ੍ਰਸ਼ੋਤਮ ਦਾਸ ਪਹਿਲਾਂ ਤਾਂ ਨਾਂਹ-ਨੁੱਕਰ ਕੀਤੀ। ਪਰ ਪੋਤੀ ਦਾ ਮੋਹ ਸੀ। ਪੁੱਤ ਦੇ ਘਰ ਦੀ ਮਜਬੂਰੀ।

ਉਹਨਾਂ ਬੈਗ ਬੰਨ੍ਹ ਲਿਆ। ਜਾਣ ਵੇਲੇ ਅਜੀਤ ਹੁਣਾਂ ਨੂੰ ਮਿਲ ਕੇ ਆਏ। ਉਦਾਸ ਸਨ। ਚੁੱਪ ਸਨ। ਫੇਰ ਇਕ ਕਥਾ ਸੁਣਾਉਣ ਲੱਗੇ।

"ਕਿਸੇ ਮੁੰਡੇ ਤੇ ਕੁੜੀ ਦਾ ਪ੍ਰੇਮ ਸੀ। ਮੁੰਡੇ ਨੇ ਕੁੜੀ ਨੂੰ ਵਿਆਹ ਲਈ ਆਖਿਆ। ਕੁੜੀ ਕਹਿਣ ਲੱਗੀ, ਪਹਿਲਾਂ ਆਪਣੀ ਮਾਂ ਦਾ ਦਿਲ ਕੱਢ ਕੇ ਲੈ ਕੇ ਆ, ਮੈਂ ਫੇਰ ਵਿਆਹ ਕਰਾਂਗੀ। ਮੁੰਡੇ ਨੇ ਇਉਂ ਹੀ ਕੀਤਾ। ਮਾਂ ਦਾ ਸੀਨਾ ਚੀਰ ਕੇ ਮਾਂ ਦਾ ਦਿਲ ਕੱਢ ਕੇ ਲੈ ਤੁਰਿਆ। ਭੱਜਾ ਜਾਂਦਾ, ਠੇਡਾ ਖਾ ਕੇ ਡਿੱਗ ਪਿਆ। ਪੁੱਤ ਨੂੰ ਡਿੱਗਿਆ ਦੇਖ, ਮਾਂ ਦੇ ਦਿਲ ਵਿਚੋਂ ਆਵਾਜ਼ ਆਈ, "ਪੁੱਤ ਕਿਤੇ ਸੱਟ ਤਾਂ ਨਹੀਂ ਲੱਗੀ।" ਮਾਪੇ ਤਾਂ ਇਹੋ ਜਿਹੇ ਹੁੰਦੇ ਨੇ। ਪੁੱਤ ਕਪੁੱਤ ਹੋ ਜਾਂਦੇ ਨੇ ਪਰ ਮਾਪੇ ਕੁਮਾਪੇ ਥੋੜ੍ਹਾ ਹੁੰਦੇ।"

ਕਈ ਮਹੀਨੇ ਬੀਤ ਗਏ।

ਪ੍ਰਸ਼ੋਤਮ ਦਾਸ ਪੂਨੇ ਸਨ। ਵੱਡੇ ਸ਼ਹਿਰ ਵਿਚ ਬੜਾ ਕੁਝ ਓਪਰਾ ਸੀ। ਉਹਨਾਂ ਨੂੰ ਬਾਰਾਂ ਨੰਬਰ ਫਲੈਟ ਯਾਦ ਆਉਂਦਾ। ਫਿਰ ਤੇਰਾਂ ਨੰਬਰ ਫਲੈਟ ਯਾਦ ਆਉਂਦਾ।

ਅਜੀਤ ਹੁਣਾਂ ਦਾ ਬੇਟਾ ਆਇਆ।

ਮਾਂ ਨਾਲ ਯੂ.ਕੇ ਜਾਣ ਲਈ ਬਹਿਸਦਾ ਰਿਹਾ। ਅਜੀਤ ਹੁਣੀਂ ਮੰਨਦੇ ਨਹੀਂ ਸਨ। ਉਹ ਤਲਖ਼ ਹੋਣ ਲੱਗਾ।

"ਅਸੀਂ ਉੱਥੇ ਹਾਂ ਤੁਸੀਂ ਇੱਥੇ ਕੀਹਦੇ ਲਈ ਬੈਠੇ ਹੋ। ਚਾਰ ਦਿਨ ਤੋਂ ਕਹਿ ਰਿਹਾਂ, ਕੋਈ ਅਸਰ ਕਿਉਂ ਨਹੀਂ ਹੁੰਦਾ ਤੁਹਾਡੇ 'ਤੇ?"

...ਤੇ ਗ਼ੁੱਸੇ ਵਿਚ ਉਸਦੇ ਮੂੰਹੋਂ ਨਿਕਲ ਗਿਆ, "ਹੁਣ ਤਾਂ ਉਹ ਬਾਰਾਂ ਨੰਬਰ ਵਾਲਾ ਵੀ ਦਫ਼ਾ ਹੋ ਗਿਆ।"

ਅਜੀਤ ਹੁਣਾਂ ਨੂੰ ਜਿਵੇਂ ਕੁਝ ਚੁਭਿਆ ਹੋਵੇ। ਉਹਨਾਂ ਬੜੇ ਕ੍ਰੋਧ ਨਾਲ ਦੇਖਿਆ।

ਬੇਟਾ ਹੋਰ ਖਫ਼ਾ ਹੋਇਆ।

"ਜੋ ਮਨ ਕਰਦਾ ਕਰੋ। ਮੈਂ ਕੱਲ੍ਹ ਚਲੇ ਜਾਣਾ ਵਾਪਸ। ਸੜਦੇ ਰਹੋ ਇੱਥੇ।"

ਉਹ ਬੋਲਦਾ, ਖਿਝਦਾ ਬਾਹਰ ਨੂੰ ਹੋ ਤਰਿਆ। ਮੁੜਨ ਲੱਗੇ ਦਾ ਪੈਰ ਦਰਵਾਜ਼ੇ ਨਾਲ ਵੱਜਿਆ। ਚੀਸ ਉਠੀ। ਮੂੰਹ ਵਿਚੋਂ ਹਾਏ ਨਿਕਲੀ।

ਅਜੀਤ ਹੁਣਾਂ ਦੇਖਿਆ।

"ਪੁੱਤ ਕਿਤੇ ਸੱਟ ਤਾਂ ਨਹੀਂ ਲੱਗੀ?"

ਇਹ ਬੋਲ ਉਹਨਾਂ ਮਸਾਂ ਬੁੱਲ੍ਹਾਂ 'ਤੇ ਆਉਣ ਤੋਂ ਰੋਕੇ।

...ਤੇ ਪਾਸਾ ਪਰਤ ਲਿਆ। 000

***(ਅਦਬ ਨਿਵਾਜ਼ ਹਾਊਸ, ਗਲੀ ਨੰਬਰ 8, ਨੇੜੇ ਸ਼ਹੀਦ ਭਗਤ ਸਿੰਘ ਸਕੂਲ,***
***ਪੱਟੀ, ਜ਼ਿਲ੍ਹਾ ਤਰਨ ਤਾਰਨ-143 416 ਫੋਨ: +91-94632-15168)***

# ਦੇਸੀ ਡਰੀਮਜ਼: ਕਹਾਣੀ: ਸੁਖਪਾਲ ਸਿੰਘ ਥਿੰਦ

ਟਰਾਊਜਰ ਦੀ ਜੇਬ ਵਿਚ ਪਾਏ ਮੋਬਾਇਲ ਨੇ ਨੀਵੀਂ ਟੋਨ ਨਾਲ ਵਾਈਬਰੇਟ ਕਰਨਾ ਸ਼ੁਰੂ ਕੀਤਾ। ਅੱਖਾਂ ਮੁੰਦ ਹੱਥ ਜੋੜੀ ਖੜ੍ਹੀ ਨਵਜੋਤ ਨੇ ਸਾਰਾ ਜ਼ੋਰ ਅਰਦਾਸ ਵਿਚ ਆਪਣੀ ਬਿਰਤੀ ਟਿਕਾਈ ਰੱਖਣ 'ਤੇ ਲਾ ਦਿੱਤਾ। ਦੂਜੀ ਵਾਰ ਫਿਰ ਵਾਈਬਰੇਟ ਹੋਣ 'ਤੇ ਉਸਦੀ ਅੱਖਾਂ ਖੁੱਲ੍ਹਣ ਤੋਂ ਪਹਿਲਾਂ ਹੀ ਬਿਰਤੀ ਖਿੰਡ-ਪੁੰਡ ਗਈ। ਸਪੈਸ਼ਲ ਟੋਨ ਤੋਂ ਉਸਨੂੰ ਫੂਨ ਨੂੰ ਬਿਨਾਂ ਵੇਖਿਆਂ ਹੀ ਸਮਝ ਪੈ ਗਈ। ਫਿਰ ਵੀ ਤਸੱਲੀ ਲਈ ਫੂਨ ਕੱਢ ਕੇ ਵੇਖਿਆ। ਪਰੀ ਦੀ ਮਿੱਸ ਕਾਲ ਸੀ। ਤੇਜ਼ੀ ਨਾਲ ਇਕ ਨੁੱਕਰੇ ਜਾ ਕੇ ਉਸ ਫੂਨ ਮਿਲਾਇਆ।

"ਮੌਮ! ਗੈਵਿਨ ਰਿੰਗ ਮੀ ਟੂਡੇ...ਸੈਕਿੰਡ ਚਾਂਸ ਮੰਗ ਰਿਹਾ...!"

"ਟਾਕ ਯੂ ਲੇਟਰ ਬੇਟਾ!" ਸੰਖੇਪ ਜਿਹਾ ਜੁਆਬ ਦੇ ਕੇ ਨਵਜੋਤ ਉਸ ਵੱਲ ਸਿੱਲ੍ਹੀਆਂ ਅੱਖਾਂ ਨਾਲ ਝਾਕ ਰਹੇ ਅਰਮਾਨ ਕੋਲ ਜਾ ਖਲੋਈ। ਛੋਟੀ ਜਿਹੀ ਲਾਲ ਪੋਟਲੀ ਨੂੰ ਉਸ ਹੱਥਾਂ ਵਿੱਚ ਕਸ ਕੇ ਫੜਿਆ ਹੋਇਆ ਸੀ। ਪੂਰੇ ਜ਼ੋਰ ਨਾਲ। ਇਵੇਂ ਜਿਵੇਂ ਬਹੁਤ ਭਾਰ ਚੁੱਕੀ ਖੜ੍ਹਾ ਹੋਵੇ। ਉਹ ਸਭ ਤੋਂ ਮੋਹਰੇ-ਮੋਹਰੇ ਹੋ ਤੁਰਿਆ। ਬਿਆਸ ਦਰਿਆ ਕੰਢੇ ਬਣੇ ਅਸਥ-ਘਾਟ 'ਤੇ ਪਹੁੰਚ ਉਸ ਸਾਹਮਣੇ ਵਹਿ ਰਹੇ ਦਰਿਆ ਵੱਲ ਵੇਖਿਆ। ਪੋਟਲੀ ਦੀ ਗੱਠ ਖੋਲ੍ਹੀ ਤੇ ਇਸਨੂੰ ਦਰਿਆ ਵਿਚ ਉਲਟਾ ਕਰ ਦਿੱਤਾ। ਪੋਟਲੀ 'ਚੋਂ ਰਾਖ ਨਿੱਕਲਦਿਆਂ ਹੀ ਉਸਦੀ ਉੱਚੀ ਦੇਣੀ ਭੁੱਬ ਨਿੱਕਲੀ। ਕੰਬਦੇ ਹੱਥਾਂ ਨਾਲ ਪੋਟਲੀ ਦਰਿਆ ਬੁਰਦ ਕਰਦਿਆਂ ਉਸਨੂੰ ਆਪਣੇ ਤਾਣ-ਪ੍ਰਾਣ ਖਤਮ ਹੁੰਦੇ ਜਾਪੇ। ਬੁੱਤ ਬਣਿਆ ਕਿੰਨੀ ਦੇਰ ਰੁੜ੍ਹੀ ਜਾਂਦੀ ਪੋਟਲੀ ਨੂੰ ਤੱਕਦਾ ਰਿਹਾ।

"ਚੱਲੀਏ ਵੀਰੇ ...!" ਵੱਡੀ ਭੈਣ ਕੋਮਲ ਨੇ ਮੋਢੇ 'ਤੇ ਹੱਥ ਧਰਿਆ

"ਮੰਮੀ ਦੇ ਫੁੱਲ ਵੀ ਇੱਥੇ ਹੀ ਪਾਏ ਸੀ?" ਭਰੜਾਈ ਆਵਾਜ਼ 'ਚ ਪੁੱਛਦਿਆਂ ਅਰਮਾਨ ਨੇ ਕੋਮਲ ਵੱਲ ਵੇਖਿਆ

"ਤੁਹਾਡਾ ਰਾਹ ਤੱਕਦਿਆਂ ਤੁਰ ਗਈ ਵਿਚਾਰੀ!" ਹੌਂਸਲਾ ਧਰਾਉਣ ਆਈ ਕੋਮਲ ਆਪ ਅੱਥਰੂ ਕੇਰਨ ਲੱਗ ਪਈ।

ਦਰਿਆ ਦੇ ਵਗ ਰਹੇ ਪਾਣੀ ਵਿਚ ਡੂੰਘਾ ਝਾਕਦਿਆਂ ਅਰਮਾਨ ਉੱਥੇ ਹੀ ਖੜ੍ਹਾ ਰਿਹਾ। ਇਵੇਂ ਜਿਵੇਂ ਉੱਥੇ ਖੜ੍ਹ ਕੇ ਮੰਮੀ ਨਾਲ ਗੱਲਾਂ ਕਰਨਾ ਚਾਹੁੰਦਾ ਹੋਵੇ। ਅੰਦਰੋਂ ਆਵਾਜ਼ ਆਈ, "ਮੰਮੀ ਨੇ ਤਾਂ ਉਦੋਂ ਗੱਲ ਨ੍ਹੀਂ ਸੀ ਕੀਤੀ ਜਦੋਂ ਸਾਹ ਚੱਲਦੇ ਸੀ...!"

"ਮੇਰੇ ਨਾਲ ਕਿਉਂ ਰੁੱਸ ਗਈ ਮੰਮੀ...? ਇਉਂ ਨਹੀਂ ਸੀ ਕਰਨਾ ਤੂੰ ਆਪਣੇ ਮਾਨ ਨਾਲ ...!" ਲੱਕੜ ਦੀ ਫੱਟੀ ਫੜੀ ਅਰਮਾਨ ਮੁੜ ਰੋਣ ਲੱਗ ਪਿਆ। ਇਵੇਂ ਜਿਵੇਂ ਸਾਲਾਂ ਦਾ ਅੰਦਰ ਜੰਮਿਆ ਗਲੇਸ਼ੀਅਰ ਪਿਘਲ ਉੱਠਿਆ ਹੋਵੇ। ਲੱਕੜ ਦੇ ਫਿੜਕੇ ਨਾਲ ਸਿਰ ਜੋੜ ਉਹ ਉੱਥੇ ਹੀ ਪੈਰਾਂ ਭਾਰ ਬੈਠ ਗਿਆ। ਕੋਮਲ ਹੁਣ ਤਕ ਸੰਭਲ ਚੁੱਕੀ ਸੀ। ਉਸਨੇ ਅਰਮਾਨ ਨੂੰ ਗਲਵੱਕੜੀ ਵਿਚ ਲਿਆ, "...ਤੁਰ ਗਿਆਂ ਨਾ ਕਿੱਥੇ ਤੁਰ ਹੁੰਦਾ ਵੀਰੇ!"

ਵਾਹਗੁਰੂ, ਵਾਹਗੁਰੂ ਜਪਦੇ ਸਭ ਜਾਣੇ ਦਰਿਆ ਦੇ ਘਾਟ 'ਤੇ ਬਣੇ ਗੁਰਦੁਆਰਾ ਸਾਹਿਬ ਦੀ ਹਦੂਦ ਅੰਦਰ ਖੜ੍ਹੀਆਂ ਕੀਤੀਆਂ ਗੱਡੀਆਂ ਵਿਚ ਆਣ ਕੇ ਬੈਠ ਗਏ। ਗੱਡੀਆਂ ਗੋਇੰਦਵਾਲ ਸਾਹਿਬ ਵੱਲ ਮੋੜ ਲਈਆਂ। ਮੱਥਾ ਟੇਕ ਅਰਦਾਸ ਕਰਾਈ। ਬੌਲੀ ਸਾਹਿਬ ਵਿਚ ਇਸ਼ਨਾਨ ਕੀਤਾ ਅਤੇ ਪਿੰਡ ਪਰਤ ਆਏ।

ਵਿਹੜੇ ਵਿਚ ਵਿਛੀ ਦਰੀ 'ਤੇ ਸਭ ਜਾਣੇ ਅਰਮਾਨ ਦੁਆਲੇ ਝੁਰਮਟ ਜਿਹਾ ਬਣਾ ਕੇ ਬੈਠ ਗਏ। ਉਹ ਧੌਣ ਸੁੱਟੀ ਡੁੱਬਡੁਬਾਈਆਂ ਅੱਖਾਂ ਨਾਲ ਅਫ਼ਸੋਸ ਕਰਨ ਵਾਲਿਆਂ ਦੀਆਂ ਗੱਲਾਂ ਸੁਣਦਾ

ਰਿਹਾ। ਵਿਚ ਵਾਰ ਹੂੰ ਹਾਂ ਜਿਹੀ ਕਰਦਾ। ਠੰਢਾ ਸਾਹ ਭਰਦਾ ਤੇ ਟੁੱਟਵਾਂ ਜਿਹਾ ਵਾਹਿਗੁਰੂ ਉਚਾਰ ਸਾਹਮਣੇ ਗੇਟ ਵੱਲ ਤੱਕਣ ਲੱਗ ਪੈਂਦਾ। ਇਵੇਂ ਜਿਵੇਂ ਕਿਸੇ ਦੇ ਆਉਣ ਦੀ ਉਡੀਕ ਹੋਵੇ। ਜਿਵੇਂ ਡੈਡੀ ਨੇ ਗੇਟ ਪਿੱਛਿਉਂ ਨਿੱਕਲ ਆਉਣਾ ਹੋਵੇ। ਸਕੂਟਰ 'ਤੇ ਚੜ੍ਹੇ ਚੜ੍ਹਾਏ। ਇੱਥੋਂ ਲੱਕੜ ਦੇ ਬੂਹੇ ਪਿੱਛਿਉਂ ਹੀ ਨਿੱਕਲ ਕੇ ਆਉਂਦਾ ਹੁੰਦਾ ਸੀ ਡੈਡੀ ਦਾ ਚੇਤਕ ਬਜਾਜ ਸਕੂਟਰ। ਫਿਟ-ਫਿਟ ਦੀ ਆਵਾਜ਼ ਸੁਣਦਿਆਂ ਹੀ ਸਭ ਦੇ ਕੰਨ ਖੜ੍ਹੇ ਹੋ ਜਾਂਦੇ। ਮੰਮੀ ਛੋਹਲੇ ਪੈਰੀਂ ਡਿਉੜੀ ਤਕ ਪਹੁੰਚਦੀ। ਮਗਰੇ ਸਪੀਡਾਂ ਚੁੱਕਦਾ ਅਰਮਾਨ ਤੇ ਹੌਲ਼ੀ-ਹੌਲ਼ੀ ਪੈਰ ਪੁੱਟਦੀ ਕੋਮਲ। ਅਰਮਾਨ ਛੜੱਪਾ ਮਾਰ ਕੇ ਪਿਛਲੀ ਸੀਟ 'ਤੇ ਜਾ ਬੈਠਦਾ। ਕੋਮਲ ਦਾ ਦਿਲ ਵੀ ਕਰਦਾ ਪਰ ਉਹ ਵੱਡੀ ਹੋਣ ਦੇ ਬਾਵਜੂਦ ਪਛੜ ਜਾਂਦੀ। ਬੈਠਣ ਲਈ ਕੋਲ਼ ਆਈ ਕੋਮਲ ਨੂੰ ਅਰਮਾਨ ਦੋਨਾਂ ਬੰਨਿਆਂ ਦੀਆਂ ਲੱਤਾਂ ਘੁੰਮਾ-ਘੁੰਮਾ ਨੇੜੇ ਨਾ ਫੜਕਣ ਦਿੰਦਾ। ਡੈਡੀ ਨੂੰ ਸਕੂਟਰ ਤੋਰਨ ਲਈ ਹੁੱਝਾਂ ਮਾਰੀ ਜਾਂਦਾ। ਡੈਡੀ ਖੁੱਲ੍ਹੇ ਵਿਹੜੇ ਵਿਚ ਇਕ ਦੋ ਚੱਕਰ ਲਗਾ ਕੇ ਸਟੈਂਡ ਲਾਉਂਦਾ। ਸਟੈਂਡ ਲਾਉਂਦਿਆਂ ਹੀ ਅਰਮਾਨ ਫੁਰਤੀ ਨਾਲ ਉੱਤਰਦਾ। ਮੰਮੀ ਦੇ ਪਿੱਛੇ ਭੱਜ ਕੇ ਝੋਲ਼ੇ ਦੀ ਫਰੋਲ਼ਾ ਫਰਾਲੀ ਕਰਨ ਲੱਗ ਪੈਂਦਾ। ਮਾਂ ਦੀ ਮਿੱਠੀ ਜਿਹੀ ਝਿੜਕ ਪੈਂਦੀ

"ਸਬਰ ਰੱਖਿਆ ਕਰ ਵੇ! ਇੱਥੇ ਕਿਹੜਾ ਕਿਸੇ ਗੱਲ ਦਾ ਕੋਈ ਘਾਟਾ! ਦਾਤੇ ਦਾ ਦਿੱਤਾ ਸਭ ਕੁਛ ਐ!"

ਮੰਮੀ ਦੀ ਗੱਲ ਵੀ ਠੀਕ ਸੀ। ਘਾਟਾ ਤਾਂ ਵਾਕਿਆ ਹੀ ਕੋਈ ਨਹੀਂ ਸੀ। ਪਰ ਅਰਮਾਨ ਨੂੰ ਖਾਣ ਪੀਣ ਵੇਲ਼ੇ ਹੋਰ ਕੁਝ ਨਾ ਦਿਸਦਾ। ਉਸ ਦੀ ਨਜ਼ਰ ਆਪਣੀ ਪਸੰਦ ਦੀਆਂ ਚੀਜ਼ਾਂ 'ਤੇ ਟਿਕੀ ਹੁੰਦੀ। ਉਂਗਲ ਰੱਖ ਕੇ ਚੀਜ਼ ਲੈਂਦਾ। ਉਸਦੀ ਗੱਲ ਮੰਮੀ ਨੇ ਟਾਲ਼ੀ ਵੀ ਤਾਂ ਕਦੇ ਨਹੀਂ ਸੀ। ਪਰ ਕਦੇ-ਕਦੇ ਉਸਦੀਆਂ ਖੜਮਸਤੀਆਂ ਤੋਂ ਤੰਗ ਪੈ ਕੇ ਕਹਿੰਦੀ, "ਭੁੱਖੂ ਭੁੱਖੂ ਨਾ ਕਰੀ ਜਾਇਆ ਕਰ! ਹਰ ਵੇਲ਼ੇ ਹਾਬੜਾ ਜਿਹਾ ਮਚਾਈ ਰੱਖਦੈਂ!" ਅਰਮਾਨ ਸਗੋਂ ਜਾਣ ਬੁੱਝ ਕੇ ਹੋਰ ਵੀ ਚੌੜ ਕਰਨ ਲੱਗ ਪੈਂਦਾ। ਮੰਮੀ ਟੋਕਣ ਲੱਗਦੀ ਤਾਂ 'ਗੁਲਾਬੀ ਜਿਹਾ' ਹੋ ਕੇ ਵਿਹੜੇ ਵਿਚ ਮੰਜੇ 'ਤੇ ਲੰਮਾ ਪਿਆ ਡੈਡੀ ਮਦਦ ਲਈ ਆ ਬਹੁੜਦਾ –

"ਐਵੇਂ ਬਹੁਤਾ ਟੋਕਿਆ ਨਾ ਕਰ ਗੁਰਮੀਤ ਕੌਰੇ...ਇਹੀ ਤਾਂ ਉਮਰ ਐ, ਸੰਧੂ ਸਰਦਾਰ ਦੇ ਖਾਣ-ਪੀਣ ਦੀ! "

"ਤੁਸੀਂ ਮੁੰਡਾ ਭੁਚਲਾਇਆ ਹੋਇਆ।"ਮੰਮੀ ਨੇ ਮਿੱਠਾ ਜਿਹਾ ਰੋਸਾ ਕੀਤਾ।

ਮੰਮੀ ਵੱਲ ਵੇਖ ਡੈਡੀ ਖਚਰੀ ਹਾਸੀ ਹੱਸਿਆ। ਨਿਆਣਿਆਂ ਤੋਂ ਅੱਖ ਬਚਾ ਇਸ਼ਾਰੇ ਨਾਲ ਕੋਲ਼ ਬਲਾਇਆ। ਕੋਲ਼ ਆਈ ਦੇ ਕੰਨ ਨੇੜੇ ਮੂੰਹ ਕਰ ਕੇ ਕਹਿਣ ਲੱਗਾ "ਭੁੱਖ ਤਾਂ ਅੱਜ ਆਪਾਂ ਨੂੰ ਵੀ ਚਮਕੀ ਪਈ ਐ!" ਗੱਲ੍ਹ 'ਤੇ ਪੋਲੀ ਜਿਹੀ ਚੂੰਡੀ ਭਰੀ। ਮੂੰਹ ਮਚਕੋੜ ਰਸੋਈ ਵੱਲ ਤੁਰੇ ਜਾਂਦਿਆਂ ਗੁਰਮੀਤ ਮੁਸ਼ਕਰੀਆਂ 'ਚ ਹੱਸੀ। ਤੁਰੀ ਜਾਂਦੀ ਨੂੰ ਪਿੱਛਿਉਂ ਫਿਰ ਛੇੜਿਆ:

"ਮੈਡਮ ਜੀ! ਕਰੋ ਫਿਰ ਰਾਤ ਦਾ ਬੰਦੋਬਸਤ!" ਡੈਡੀ ਨੂੰ ਮੰਮੀ ਨੂੰ 'ਮੈਡਮ ਜੀ' ਕਹਿੰਦਿਆਂ ਸੁਣ ਕੇ ਬੱਚੇ ਖਿੜਖਿੜਾ ਕੇ ਹੱਸ ਪਏ। ਅਰਮਾਨ ਤਾਂ ਹੱਸ-ਹੱਸ ਦੋਹਰਾ ਹੀ ਹੋਈ ਜਾਵੇ।

ਪਰ ਇਹ ਹੱਸਣ ਵਾਲੀ ਗੱਲ ਘਰ ਵਿਚ ਹੀ ਸੀ। ਸਕੂਲ ਵਿਚ ਇਹੀ ਸ਼ਬਦ ਅਰਮਾਨ ਲਈ ਉਲਝਣ ਪੈਦਾ ਕਰ ਦਿੰਦਾ। ਆਪਣੀ ਮੰਮੀ ਨੂੰ ਸਕੂਲ ਵਿਚ ਮੈਡਮ ਕਿਵੇਂ ਆਖੇ? ਉਸ ਕੋਲੋਂ ਕਹਿ ਨਹੀਂ ਸੀ ਹੁੰਦਾ। ਮੰਮੀ ਕਹਿੰਦਾ ਤਾਂ ਜਮਾਤੀ ਛੇੜਦੇ। ਜ਼ੋਰ ਲਾ ਕੇ ਕਹਿਣ ਲੱਗਦਾ ਤਾਂ ਜ਼ੁਬਾਨ ਲੜਖੜਾ ਜਾਂਦੀ। ਬੱਚੇ ਉਸਨੂੰ ਸੁਣਾ-ਸੁਣਾ ਹੋਰ ਵੀ ਘਰੋੜ-ਘਰੋੜ, ਮੈਡਮ ਜੀ, ਮੈਡਮ ਜੀ ਆਖਦੇ। ਉਹ ਬਹੁਤਾ ਜ਼ੋਰ ਲਾ ਕੇ ਕਹਿਣ ਲੱਗਦਾ ਤਾਂ 'ਮੈਦਮ ਜੀ' ਕਹਿ ਜਾਂਦਾ। ਬੋਲਦਿਆਂ ਸ਼ਰਮ ਨਾਲ ਭਰ ਜਾਂਦਾ। ਅੱਖਾਂ ਬੰਦ ਹੋ ਜਾਂਦੀਆਂ। ਧੌਣ ਨੀਵੀਂ ਕਰ ਸੀਟ 'ਤੇ ਬੈਠਣ ਦੀ ਕਰਦਾ। ਗੁਰਮੀਤ ਨੇ ਇਕ ਦਿਨ ਘਰੇ ਉਸ ਨੂੰ ਪਿਆਰ ਨਾਲ ਸਮਝਾਇਆ "ਵੇਖ, ਘਰੇ ਮੈਂ ਤੇਰੀ ਮੰਮੀ ਤੇ ਸਕੂਲੇ ਮੈਡਮ! ਜੇ ਸ਼ਰਮ ਆਉਂਦੀ ਐ ਤਾਂ ਹੰਸ ਮੈਡਮ ਦੇ ਸੈਕਸ਼ਨ'ਚ ਕਰ ਦਿੰਨੇ ਆਂ।"

"ਮੈਂ ਨੀ ਉਸ ਕਾਲੀ-ਕਲੂਟੀ ਕੋਲ਼ ਪੜ੍ਹਨਾ...ਮਾਰਦੀ ਬਹੁਤ ਐ!" ਨਾਂਹ ਵਿਚ ਸਿਰ

ਫੇਰਦਿਆਂ ਅਰਮਾਨ ਮੰਮੀ ਦੀਆਂ ਲੱਤਾਂ ਨਾਲ ਲਿਪਟ ਗਿਆ। ਲੱਤਾਂ ਨਾਲ ਲਿਪਟੇ ਅਰਮਾਨ ਨੂੰ ਵੇਖ ਡੈਡੀ ਹੱਸਣ ਲੱਗ ਪਿਆ, "ਉਏ, ਮੰਮੀ ਦੇ ਚਮਚੇ! ਹਰ ਵੇਲੇ ਲਸੂੜੀ ਵਾਂਗ ਮੰਮੀ ਨੂੰ ਈ ਚਿੰਬੜਿਆ ਰਹਿਨੈਂ!"

ਜ਼ੁਬਾਨ ਬਾਹਰ ਕੱਢ, ਏ ਏ ਕਰਕੇ ਅੰਗੂਠਾ ਵਿਖਾਉਂਦਿਆਂ ਡੈਡੀ ਪਿੱਛਿਉਂ ਨਿੱਕਲ ਕੋਮਲ ਮੈਦਾਨ ਵਿਚ ਆ ਗਈ, "ਮੰਮੀ ਕਾ ਚਮਚਾ! ਮੰਮੀ ਕਾ ਚਮਚਾ ...!"

ਕੋਮਲ ਨੂੰ ਚਿੜਾਉਂਦਿਆਂ ਤੱਕ ਕੇ ਅਰਮਾਨ ਦੀਆਂ ਬਾਹਾਂ ਦੀ ਕੱਸ ਇਕਦਮ ਢਿੱਲੀ ਪੈ ਗਈ। ਪਰ ਮੰਮੀ ਉਸਦੀ ਧਿਰ ਬਣ ਗਈ – "ਏ ਭੁੱਚੜੋ! ਡੈਡੀ ਕੀ ਪੂੰਛ!"

ਪੂੰਛ ਸ਼ਬਦ ਸੁਣ ਕੇ ਅਰਮਾਨ ਖਿੱਲ੍ਹ ਉੱਠਿਆ। ਉਹ ਵੀ ਕੋਮਲ ਨੂੰ 'ਡੈਡੀ ਕੀ ਪੂੰਛ, ਡੈਡੀ ਕੀ ਪੂੰਛ' ਆਖ ਚਿੜਾਉਣ ਲੱਗ ਪਿਆ। ਓਧਰ ਮੰਮੀ ਨੇ ਡੈਡੀ ਦੀ ਕਲਾਸ ਲਾ ਲਈ।

"ਚਿੰਬੜੇ ਕਿਉਂ ਨਾ? ਮੈਂ ਇਹਦੀ ਮਾਂ ਵੀ ਆਂ ਤੇ ਮੈਡਮ ਵੀ! "

ਪਰ ਡੈਡੀ ਕਿੱਥੇ ਦੱਬਣ ਵਾਲਾ ਸੀ – "ਚਲੋ ਮੰਨਿਆ! ਕਿਤੇ ਚੁਟਕੀ ਭਰ ਮੱਤ ਕਦੇ ਸਾਨੂੰ ਵੀ ਦੇ ਦਿਆ ਕਰੋ ਮੈਡਮ ਜੀ!"

'ਮੈਡਮ ਜੀ' ਸ਼ਬਦ ਲਮਕਾ ਕੇ ਬੋਲਦਿਆਂ 'ਸ਼ਾਮਪਰੀ' ਨਾਲ ਗੁਲਾਬ-ਗੁਲਾਲ ਹੋਏ ਡੈਡੀ ਨੇ ਮੰਮੀ ਨਾਲ ਮਸ਼ਕਰੀ ਕੀਤੀ। ਮੰਮੀ ਹੱਸਣ ਲੱਗ ਪਈ। ਮਗਰੇ ਮਗਰ ਬੱਚੇ ਵੀ ਹੱਸਣ ਲੱਗ ਪਏ।

* * *

"ਮਖੌਲੀਏ ਬਹੁਤ ਸੀ ਭਾਅ ਜੀ! ਰੋਂਦਿਆਂ ਨੂੰ ਹਸਾਉਣ ਵਾਲੇ! ਸਾਰੀ ਉਮਰ ਐਸ਼ ਕੀਤੀ! ਬੱਸ ਆਖਰੀ ਉਮਰੇ...!" ਅਰਮਾਨ ਨੂੰ ਸਿਰ 'ਤੇ ਪਿਆਰ ਦਿੰਦਿਆਂ, ਗੋਡਿਆਂ ਤੇ ਹੱਥ ਧਰ ਤਾਈ ਉੱਠ ਖੜ੍ਹੀ ਹੋਈ। 'ਚੰਗਾ ਭਾਈ' ਆਖ ਉਸਦੇ ਅੱਗੇ ਪਿੱਛੇ ਹੋਰ ਕਈ ਜਾਣੇ ਵੀ ਉੱਠ ਖੜ੍ਹੇ ਹੋਏ। ਖੜ੍ਹੀ ਹੋਈ ਤਾਈ ਨੂੰ ਤੁਰਨ ਲੱਗਿਆਂ ਫਿਰ ਕੁਝ ਯਾਦ ਆ ਗਿਆ, "ਹੋਰ ਭਾਈ! ਮੁੰਨੀ ਠੀਕ ਐ! ਲੈ ਆਉਣਾ ਸੀ! ਵੇਖ ਜਾਂਦੀ ਉਹ ਵੀ ਆਪਣੇ ਮਹਿਲ-ਮੁਨਾਰੇ! "

ਤਾਈ ਦੀ ਗੱਲ ਸੁਣ ਕੋਲ਼ ਬੈਠੀ ਨਵਜੋਤ ਦੀਆਂ ਅੱਖਾਂ ਭਰ ਆਈਆਂ। ਜ਼ੋਰ ਲਾ ਕੇ ਰੋਕਣ ਦੇ ਬਾਵਜੂਦ ਵੀ ਕੋਸੇ-ਕੋਸੇ ਅੱਥਰੂ ਉਸ ਦੀਆਂ ਅੱਖਾਂ ਥਾਂਣੀ ਛਲਕ ਆਏ। ਉਸ ਹੌਲ਼ੀ ਹੌਲ਼ੀ ਹੁੰਗਾਰਾ ਭਰਿਆ, "ਯੂਨੀਵਰਸਿਟੀ ਦੀਆਂ ਕਲਾਸਾਂ ਸੀ ਤਾਈ ਜੀ...।" ਗੱਲ ਦੱਸਦਿਆਂ ਉਸ ਦਾ ਮਨ ਫਿਰ ਛਲਕ ਪਿਆ। ਜੇਬ ਵਿਚੋਂ ਟਿਸ਼ੂ ਕੱਢ ਉਹ ਅੱਖਾਂ ਪੂੰਝਣ ਲੱਗ ਪਈ। ਸ਼ਰੀਕਣੀਆਂ ਉਸ ਵੱਲ ਅੱਖਾਂ ਬੀੜੀ ਗਹੁ ਨਾਲ ਤੱਕਦੀਆਂ ਰਹੀਆਂ। ਜ਼ਰਾ ਰੁਖ਼ ਸਿਰ ਹੋਈ ਤਾਂ ਗਲ਼ਾ ਸਾਫ਼ ਕਰਦਿਆਂ ਸਭ ਨੂੰ ਸੁਣਾ ਕੇ ਬੋਲੀ–

"ਅਸੀਂ ਆਪਣੇ ਵੱਲੋਂ ਤਾਂ ਕੋਈ ਕਸਰ ਨੀ ਛੱਡੀ! ਕਿਹੜਾ ਟੈਸਟ ਜਿਹੜਾ ਨਹੀਂ ਕਰਾਇਆ, ਪਰ ਘਟੀ ਅੱਗੇ ਕਿਹਦਾ ਜ਼ੋਰ ਚੱਲਦੈ!"

ਗੱਲ ਦੱਸਦਿਆਂ ਇਕ ਦੋ ਅੱਥਰੂ ਫਿਰ ਕਿਰ ਗਏ। ਸ਼ਰੀਕਣੀਆਂ ਤੁਰਨ ਦਾ ਮੌਕਾ ਲੱਭ ਰਹੀਆਂ ਸਨ। ਗਲੀ ਵਿਚ ਜਾਂਦਿਆਂ ਤਾਈ ਤਾਏ ਵੱਲ ਮੂੰਹ ਕਰਦਿਆਂ ਰੁੱਖਾ ਜਿਹਾ ਬੋਲੀ "ਜਿਉਂਦੇ ਜੀਅ ਕਿਸੇ ਨੇ ਪੁੱਛਿਆ ਨ੍ਹੀਂ! ਹੁਣ ਖੇਖਨ ਕਰਨ ਡਹੇ ਨੇ! ਮਰਿਆਂ ਆ ਕੇ ਵੇਖਣੈ?"

ਘਰ ਦਾ ਰੈਂਪ ਚੜ੍ਹਦਿਆਂ ਤਾਇਆ ਸਿਰ ਸੁੱਟੀ ਵਾਹਗੁਰੂ ਵਾਹਗੁਰੂ ਕਰੀ ਗਿਆ। ਬਾਕੀ ਸਭ ਜਾਣੇ ਵੀ ਆਪਣੇ-ਆਪਣੇ ਘਰਾਂ ਅੰਦਰ ਵੜ ਗਏ। ਵੱਡੀ ਸਾਰੀ ਕੋਠੀ ਵਿਚ ਗਿਣਤੀ ਦੇ ਪੰਜ ਸੱਤ ਜਾਣੇ ਰਹਿ ਗਏ। ਅਰਮਾਨ ਹੋਰੀਂ ਦਰੀਆਂ ਤੋਂ ਉੱਠ ਕੇ ਅੰਦਰ ਡਰਾਇੰਗ ਰੂਮ ਵਿਚ ਸੋਫੇ 'ਤੇ ਬੈਠ ਗਏ। ਕੋਮਲ ਹੋਰੀਂ ਜ਼ਰਾ ਪਾਸੇ ਹੋਏ ਤਾਂ ਅਰਮਾਨ ਨੂੰ ਪਰਦੇ ਨਾਲ ਉਠਾ ਕੇ ਨਵਜੋਤ ਪਿਛਲੇ ਕਮਰੇ ਵਿਚ ਲੈ ਗਈ। ਜਾਂਦਿਆਂ ਹੀ ਫਟ ਪਈ,

"ਤੁਹਾਡੀ ਧੀ ਫਿਰ ਚੰਦ ਚੜ੍ਹਾਉਣ ਲੱਗੀ ਜੇ! ਫਿਰ ਨਾ ਕਿਹੋ ਦੱਸਿਆ ਨ੍ਹੀਂ।"

"ਤੇਰੀ ਕੁਝ ਨ੍ਹੀਂ...?" ਅਰਮਾਨ ਨੂੰ ਧੀ ਦੀ ਬਜਾਇ ਨਵਜੋਤ 'ਤੇ ਗੁੱਸਾ ਚੜ੍ਹਨਾ ਸ਼ੁਰੂ ਹੋ ਗਿਆ।

"ਏਦਾਂ ਦੀ ਪੁਆੜੇ-ਹੱਥੀ ਨੀ ਮੇਰੀ ਕੁਝ ਲੱਗਦੀ! ਮਰੇ ਪਰ੍ਹਾਂ ਕਿਸੇ ਥਾਂ ਜਾ ਕੇ!" ਨਵਜੋਤ ਦਾ ਗ਼ੁੱਸਾ ਸੱਤਵੇਂ ਅਸਮਾਨ ਅੱਪੜ ਗਿਆ।

ਅਰਮਾਨ ਨੇ ਆਵਾਜ਼ ਹੌਲ਼ੀ ਰੱਖਣ ਦੀ ਸੈਨਤ ਕਰਦਿਆਂ ਨਾਲ ਹੀ ਝੁੰਜਲਾਹਟ ਵਿਚ ਸਿਰ ਮਾਰਿਆ। ਉਸਨੂੰ ਸੁੱਝ ਨਹੀਂ ਸੀ ਰਿਹਾ ਕਿ ਉੱਥੋਂ ਖੜ੍ਹ ਕੇ ਉਹ ਕਿਹੜਾ ਤੀਰ ਚਲਾਵੇ। ਉਸ ਦਾ ਤਾਂ ਆਪਣਾ ਸੀਨਾ ਪਹਿਲਾਂ ਵੱਜੇ ਤੀਰਾਂ ਨਾਲ ਲਹੂ-ਲੁਹਾਣ ਹੋਇਆ ਪਿਆ ਸੀ। ਉੱਤੋਂ ਨਵਜੋਤ ਨੇ ਇਹ ਨਵੀਂ ਬੁਝਾਰਤ ਪਾ ਦਿੱਤੀ। ਉੱਥੇ ਖੜ੍ਹਨਾ ਉਸ ਲਈ ਮੁਸ਼ਕਿਲ ਹੋ ਗਿਆ। ਵੈਸੇ ਵੀ ਉਹ ਉੱਥੇ ਹੋਰ ਜ਼ਿਆਦਾ ਖੜ੍ਹਾ ਨਹੀਂ ਸੀ ਹੋ ਸਕਦਾ। ਇਉਂ ਕਮਰੇ ਵਿਚ ਇਕੱਲਿਆਂ ਨੂੰ ਘੁਸਰ-ਮੁਸਰ ਕਰਦਿਆਂ ਵੇਖ ਦੂਜਿਆਂ ਨੂੰ ਸ਼ੱਕ ਵੀ ਪੈ ਸਕਦਾ ਸੀ। ਕਈ ਕੁਝ ਸੋਚ ਉਹ ਮੁੜ ਡਰਾਇੰਗ ਰੂਮ ਵਿਚ ਆ ਗਿਆ। ਪਰ ਉੱਥੇ ਵੀ ਉਸਦੀ ਬੇਚੈਨੀ ਨਾ ਘਟੀ। ਚੁੱਪਚਾਪ ਉੱਠ ਕੇ ਕੋਠੀ ਦੀ ਸਿਖ਼ਰਲੀ ਛੱਤ 'ਤੇ ਚੜ੍ਹ ਗਿਆ। ਸਰ੍ਹੋਂ ਕਣਕ ਦੇ ਖੇਤਾਂ ਵੱਲ ਤੱਕਦਿਆਂ ਉਸ ਨੂੰ ਕੁਝ ਰਾਹਤ ਜਿਹੀ ਮਹਿਸੂਸ ਹੋਈ। ਪੱਕੀ ਫਿਰਨੀ ਉੱਪਰ ਬਣੇ ਸਕੂਲ ਵਿਚ ਬੱਚੇ ਕਲਾਸਾਂ ਵਿਚ ਬੈਠੇ ਨਜ਼ਰ ਪਏ। ਕੁਝ ਗਰਾਉਂਡ ਵਿਚ ਖੇਡ ਰਹੇ ਸਨ। ਸਕੂਲ ਦੀ ਦਿੱਖ ਪੂਰੀ ਤਰ੍ਹਾਂ ਬਦਲੀ ਜਾਪੀ। ਸੀਨੀਅਰ ਸਕੈਂਡਰੀ ਦਾ ਬੋਰਡ ਸਕੂਲ ਦੇ ਮੱਥੇ ਦੀ ਸ਼ਾਨ ਬਣਿਆ ਪਿਆ ਸੀ। 'ਸਿੱਖਣ ਲਈ ਆਓ, ਸੇਵਾ ਲਈ ਜਾਓ' ਦੇ ਮੋਟੇ ਅੱਖਰ ਬਾਰਹਲੀ ਦੀਵਾਰ 'ਤੇ ਚਮਕ ਰਹੇ ਸਨ। ਸ਼ਬਦ ਪੜ੍ਹਦਿਆਂ ਉਹ ਫਿੱਕਾ ਜਿਹਾ ਹੱਸਿਆ। 'ਸੇਵਾ' ਸ਼ਬਦ ਉਸਦੇ ਮੱਥੇ ਨਾਲ ਟਕਰਾਉਣ ਲੱਗਾ। ਉਹ ਮੂੰਹ 'ਚ ਬੁੜਬੁੜਾਇਆ, "ਸਾਲਿਓ! ਸੇਵਾ ਕਰਨ ਵੀ ਤਾਂ ਦਿਓ!" ਉਸ ਦੇ ਮੂੰਹ ਵਿਚ ਕੌੜ ਭਰ ਗਈ।

ਛੱਤ 'ਤੇ ਤੁਰੇ ਫਿਰਦਿਆਂ 'ਸੇਵਾ' ਸ਼ਬਦ ਉਸ ਦੇ ਨਾਲ-ਨਾਲ ਤੁਰਨ-ਫਿਰਨ ਲੱਗ ਪਿਆ। ਤੁਰਦਿਆਂ-ਤੁਰਦਿਆਂ ਉਹ ਬੁੜਬੁੜਾਇਆ, "ਕਿੰਨੇ ਜਾਲ੍ਹੀ ਨੇ ਇਹ ਸ਼ਬਦ! ਜਮਾਂ ਝੂਠੇ! ਬਾਲ ਮਨਾਂ 'ਤੇ ਝੂਠ ਉੱਕਰੀ ਜਾਂਦੈ! ਸਮਝ ਦੀ ਖਿੜਕੀ ਖੁੱਲ੍ਹਦੀ ਤਾਂ ਸਭ ਸ਼ਬਦ ਮੂਧੇ ਮੂੰਹ ਪਏ ਹੁੰਦੇ। ਚਲੋ ਹੋਰ ਕੁਝ ਨਹੀਂ ਤਾਂ ਘੱਟੋ ਘੱਟ ਇਹੀ ਲਿਖ ਦਿਓ, 'ਸਿੱਖਣ ਲਈ ਆਓ, ਨੌਕਰੀ ਲਈ ਜਾਓ'। ਪਰ ਕਾਹਨੂੰ, ਜਦ ਗੱਲਾਂ ਦਾ ਕੜਾਹ ਹੀ ਬਣਾਉਣਾ ਤਾਂ ਮਿੱਠਾ ਕਾਹਨੂੰ ਘੱਟ ਪਾਉਣਾ ਹੋਇਆ। ਪਾਓ, ਪਾਓ! ਪੂਰੇ ਬਦਾਮ ਮੇਵੇ ਪਾ ਕੇ ਬਣਾਓ!" ਜਿਵੇਂ-ਜਿਵੇਂ ਉਹ ਸੋਚੀ ਗਿਆ ਤਿਵੇਂ-ਤਿਵੇਂ ਉਸਦਾ ਅੰਦਰ ਹਰਖ਼ਦਾ ਗਿਆ।

ਹਰਖ਼ਦਾ ਮਨ ਛੱਤਾਂ ਖੇਤਾਂ ਉੱਪਰ ਦੀ ਟਪੂਸੀਆਂ ਮਾਰਦਾ ਅੱਗੇ ਦੀ ਅੱਗੇ ਤੁਰਿਆ ਗਿਆ। ਤੁਰਦਾ-ਤੁਰਦਾ ਨਵੇਂ ਖੁੱਲ੍ਹੇ ਕਾਲਿਜ ਵਿਚ ਜਾ ਵੜਿਆ। 'ਅਰਮਾਨ ਦਾ ਕਾਲਿਜ'! ਨਹੀਂ ਸੱਚ 'ਬਾਬਿਆਂ ਦਾ ਕਾਲਿਜ'! ਕਿੰਨੇ ਸਾਲ ਉਸ ਤੋਂ ਇਹ ਪਹੇਲੀ ਬੁੱਝ ਨਹੀਂ ਸੀ ਹੋਈ। ਉਹ ਇਸ ਨੂੰ ਮੇਰਾ ਕਾਲਿਜ ਹੀ ਤਾਂ ਕਿਹਾ ਕਰਦਾ ਸੀ। ਆਪਣੇ ਗਾਈਡ ਦੇ ਜ਼ੋਰ ਦੇਣ 'ਤੇ ਉਸ ਇਸ ਕਾਲਿਜ ਵਿਚ ਜੁਆਇਨ ਕੀਤਾ ਸੀ। ਪਹਿਲਾਂ ਪਹਿਲ ਉਸ ਦਾ ਮਨ ਨਹੀਂ ਸੀ ਪਰ ਗਾਈਡ ਜਿਸਨੂੰ ਉਹ 'ਗੁਰੂਦੇਵ' ਆਖਦਾ, ਨੇ ਆਪਣਾ ਤਰਕ ਦਿੱਤਾ, "ਕਾਲਜ ਜਿਵੇਂ-ਜਿਵੇਂ ਤਰੱਕੀ ਕਰੇਗਾ ਤੁਹਾਡੀਆਂ ਵੀ ਤਰੱਕੀਆਂ ਹੋਣਗੀਆਂ। ਆਪਣੇ ਇਲਾਕੇ, ਆਪਣੇ ਲੋਕਾਂ 'ਚ, ਕੰਮ ਕਰਨ ਦਾ ਸਵਾਦ ਈ ਵੱਖਰਾ ਹੁੰਦੈ! ਵੇਖਦੇ ਜਾਇਓ, ਹਰ ਪਾਸਿਉਂ ਮਾਣ-ਤਾਣ ਵੱਖਰਾ ਮਿਲੇਗਾ।"

ਅਰਮਾਨ ਗੁਰੂਦੇਵ ਦੇ ਸ਼ਬਦਾਂ ਦਾ ਨਸ਼ਿਆਇਆ ਕਾਲਿਜ ਨੂੰ ਸੰਵਾਰਨ ਵਿਚ ਜੁਟ ਗਿਆ। ਹਰ ਵੇਲ਼ੇ ਕਾਲਿਜ ਨੂੰ ਅੱਗੇ ਲਿਜਾਣ ਦਾ ਜਨੂੰਨ। ਪਰ ਸਾਲ ਕੁ ਬਾਅਦ ਹੀ ਜੋਸ਼ ਮੱਠਾ ਪੈਣਾ ਸ਼ੁਰੂ ਹੋ ਗਿਆ। ਵਿਦਿਆਰਥੀ ਤਾਂ ਦੂਜੇ ਸਾਲ ਦੂਣੇ ਹੋ ਗਏ ਪਰ ਤਨਖਾਹ ਉੱਥੇ ਦੀ ਉੱਥੇ ਹੀ ਟਿਕੀ ਰਹੀ। ਵਧਾਉਣ ਦੀ ਗੱਲ ਚੱਲੀ ਤਾਂ ਪ੍ਰਧਾਨ ਸਾਹਿਬ ਬੋਲੇ, "ਡੇਰੇ ਨੇ ਇਹ ਕਾਲਿਜ ਸੇਵਾ ਭਾਵਨਾ ਨਾਲ ਖੋਲ੍ਹਿਆ। ਤੁਸੀਂ ਸਭ ਵੀ ਸੇਵਾ- ਭਾਵ ਨਾਲ ਕੰਮ ਕਰੋ! ਸਤਿਗੁਰ ਸਭ 'ਤੇ ਆਪੇ ਕਿਰਪਾ ਵਰਤਾਉਣਗੇ!" ਗੇਰੂਏ ਚੋਲ਼ੇ ਦੀਆਂ ਜੇਬਾਂ ਵਿਚੋਂ ਮਿਸ਼ਰੀ ਅਤੇ ਬਦਾਮਾਂ ਦੀਆਂ ਗਿਰੀਆਂ ਦਾ ਪ੍ਰਸ਼ਾਦ ਵਰਤਾਉਂਦਿਆਂ ਪ੍ਰਧਾਨ ਸਾਹਿਬ ਨੇ ਸਭ ਨੂੰ ਕਲਾਸਾਂ ਵੱਲ ਤੋਰ ਦਿੱਤਾ। ਸਭ 'ਵਾਹਿਗੁਰੂ ਦੀ ਕਿਰਪਾ' ਵਰਤਣ ਦਾ ਇੰਤਜ਼ਾਰ ਕਰਦੇ ਰਹੇ। ਪੰਜ ਸਾਲ ਇਵੇਂ ਹੀ ਗੁਜ਼ਰ ਗਏ। ਹਰ ਸਾਲ ਹਜ਼ਾਰ

ਰੁਪਏ ਵਾਧੇ ਦੀ ਕਿਰਪਾ ਜ਼ਰੂਰ ਵਰਤਦੀ ਰਹੀ। ਬਾਰਾਂ ਤੋਂ ਚੱਲ ਕੇ ਸਤਾਰਾਂ ਹਜ਼ਾਰ ਤਕ ਅੱਪੜਦਿਆਂ-ਅੱਪੜਦਿਆਂ ਅਰਮਾਨ ਦੇ ਅਰਮਾਨਾਂ ਦੀ ਫ਼ਸਲ ਮੁਰਝਾਉਣੀ ਸ਼ੁਰੂ ਹੋ ਗਈ। ਉਹ ਹਿਸਾਬ ਕਿਤਾਬ ਲਾਉਣ ਲੱਗ ਪੈਂਦਾ, "ਪੰਜ ਤਾਂ ਮੋਟਰ ਸਾਈਕਲ ਦੇ ਤੇਲ ਤੇ ਹੋਰ ਖਰਚਿਆਂ 'ਤੇ ਹੀ ਨਿੱਕਲ ਜਾਂਦਾ। ਕਰ ਕਰਾ ਕੇ ਮਹੀਨੇ ਬਾਅਦ ਪੱਲੇ ਕੀ ਪੈਂਦਾ?" ਕਿਤੇ-ਕਿਤੇ ਨਵਜੋਤ ਵੀ ਟੋਣਾ ਲਾ ਜਾਂਦੀ, "ਕਦੋਂ ਵਰਤ ਰਹੀ ਕਿਰਪਾ...? " ਅਰਮਾਨ ਨੂੰ ਬੁੱਤ ਜਿਹਾ ਬਣਿਆ ਤੱਕ ਕੇ ਉਹ ਉਸਦਾ ਮਾਣ ਰੱਖਣ ਲਈ ਦਿਲ ਧਰਾਉਂਦੀ, "ਚਲੋ ਕੋਈ ਨ੍ਹੀਂ! ਆਪਾਂ ਦੋਨਾਂ ਦੀ ਜੋੜ ਕੇ ਤਾਂ ਪਝੱਤਰ ਬਣ ਈ ਜਾਂਦੀ ਐ। " ਅਰਮਾਨ ਚੁੱਪ ਰਹਿੰਦਾ। ਗੱਲ ਦਾ ਹੁੰਗਾਰਾ ਨਾ ਭਰਦਾ। ਵਿਚੋਂ ਵਿਚ ਉਸ ਨੂੰ ਇਹ ਗੱਲ ਛਿਲਤਰ ਵਾਂਗ ਚੁਭ ਜਾਂਦੀ। ਪਰ ਨਵਜੋਤ ਅੱਗੇ ਸਹਿਜ ਰਹਿਣ ਦੀ ਅਦਾਕਾਰੀ ਕਰਦਾ।

ਕਿਤੇ ਕਿਤੇ ਇਹ ਗੱਲ ਘਰ ਵਿਚ ਵੀ ਚੱਲਣ ਲੱਗ ਪੈਂਦੀ। ਡੈਡੀ ਪੁੱਛਣ ਲੱਗ ਪੈਂਦੇ, "ਬਾਬਾ ਜੀ ਕਦੋਂ ਕਿਰਪਾ ਵਰਤਾ ਰਹੇ ਨੇ?" ਅਰਮਾਨ ਚੁੱਪ ਕਰਿਆ ਰਹਿੰਦਾ। ਹੱਸ ਕੇ ਗੱਲ ਟਾਲ਼ਦਾ ਰਹਿੰਦਾ। ਪਰ ਹੌਲ਼ੀ-ਹੌਲ਼ੀ ਇਸ ਗੱਲ ਤੋਂ ਖਿਝਣ ਲੱਗ ਪਿਆ, "ਸਵਾਹ ਤੇ ਖੇਹ ਵਰਤਾਉਣੀ ਐ ਇਨ੍ਹਾਂ ਕਿਰਪਾ! ਕਹਿੰਦੇ, 'ਵਿਦਿਆ ਦੇਣਾ ਪੁੰਨ ਦਾ ਕੰਮ ਐ, ਸੇਵਾ ਕਰੀ ਜਾਓ'! ... ਜਾਂ ਤਾਂ ਬੰਦਾ ਇਹਨਾਂ ਵਾਂਗ ਵਿਆਹ ਈ ਨਾ ਕਰਾਏ ਤੇ ਸਿੱਧਾ ਚੋਲ਼ਾ ਹੀ ਪਾ ਲਵੇ। "

"ਵੇਖੀਂ ਕਿਤੇ ਕਾਕਾ! ਤੂੰ ਤਾਂ ਸਾਡਾ ਕੱਲਾ-ਕੱਲਾ ਪੁੱਤ ਐਂ! ਚੋਲ਼ਾ ਪਾ ਕੇ ਕਿਤੇ ਸਾਨੂੰ ਕੱਲਿਆਂ ਨੂੰ ਨਾ ਛੱਡ ਜਾਈਂ। "

"ਹੈਅ ਖਾਂ! ਮੁੰਡੇ ਦੀ ਜਾਨ ਕੁੜਿੱਕੀ 'ਚ ਫਸੀ ਪਈ ਏ ਤੇ ਤੁਹਾਨੂੰ ਮਸ਼ਕਰੀਆਂ ਸੁੱਝਣ ਡਹੀਆਂ ਨੇ। " ਅਰਮਾਨ ਦੇ ਹੱਕ ਵਿਚ ਨਿੱਤਰਦਿਆਂ ਮੰਮੀ ਉਸਦੀ ਧਿਰ ਬਣ ਗਈ। ਫਿਰ ਉਸ ਸਾਰੇ ਜਮ੍ਹਾਂ ਜੋੜ ਕਰ ਕੇ ਨਵਜੋਤ ਨੂੰ ਸੁਣਾਉਂਦਿਆਂ ਉੱਚੀ ਦੇਣੀ ਕਿਹਾ, "ਸਾਡਾ ਸਾਰਾ ਕੁਝ ਵੀ ਤਾਂ ਇਹਦਾ ਈ ਐ! ਸਾਰਾ ਜੋੜ ਲਈਏ ਤਾਂ ਡੇਢ ਲੱਖ ਤੋਂ ਮਹੀਨਾ ਟੱਪ ਜਾਂਦਾ। ਪੰਜ ਕਿੱਲਿਆਂ ਦਾ ਠੇਕਾ ਵੱਖਰਾ। ਅਸੀਂ ਕਿਹੜਾ ਛਾਤੀ 'ਤੇ ਧਰ ਕੇ ਨਾਲ ਲੈ ਜਾਣਾ!"

ਨਵਜੋਤ ਨੇ ਸਹਿਮਤੀ ਵਿਚ ਸਿਰ ਹਿਲਾਇਆ। ਉਹ ਨਹੀਂ ਸੀ ਚਾਹੁੰਦੀ ਕਿ ਅਰਮਾਨ ਦਾ ਸਿਰ ਕਿਸੇ ਗੱਲੋਂ ਵੀ ਟੱਬਰ'ਚ ਨੀਵਾਂ ਹੋਵੇ। ਨਵਜੋਤ ਦੇ ਸਾਹਾਂ ਦੀ ਸਾਥੀ ਜੋ ਸੀ। ਉਹ ਤਾਂ ਸਗੋਂ ਉਲਟਾ ਸੋਚਦੀ। ਅਰਦਾਸਾਂ ਕਰਦੀ ਕਿ ਕਿਸੇ ਤਰ੍ਹਾਂ ਅਰਮਾਨ ਦੀ ਕਮਾਈ ਉਸ ਤੋਂ ਜ਼ਿਆਦਾ ਹੋ ਜਾਵੇ। ਆਪਣੇ ਅਰਮਾਨ ਨੂੰ ਆਪਣੇ ਤੋਂ ਉੱਚਾ ਵੇਖ ਉਸ ਨੂੰ ਜ਼ਿਆਦਾ ਠੰਢ ਪੈਣੀ ਸੀ। ਪਰ ਅਰਮਾਨ ਨੂੰ ਇਹ ਗੱਲ ਚੁੱਭਦੀ ਰਹਿੰਦੀ। ਉਦੋਂ ਦੀ ਤਾਂ ਹੋਰ ਵੀ ਚੁਭਣ ਲੱਗ ਗਈ ਸੀ ਜਦੋਂ ਦੀ ਸੁਹਜਦੀਪ ਉਨ੍ਹਾਂ ਦੀ ਜ਼ਿੰਦਗੀ ਦਾ ਅਗਲਾ ਪੰਨਾ ਬਣੀ ਸੀ। ਰਬੜ ਦੇ ਬਾਵੇ ਵਰਗੀ ਸੁਹਜਦੀਪ ਜਿਸ ਨੂੰ ਘਰ ਵਿਚ ਸਭ ਪਰੀ ਕਹਿੰਦੇ। ਐੱਲ.ਕੇ.ਜੀ 'ਚ ਦਾਖ਼ਲ ਕਰਾਉਣ ਲੱਗਿਆਂ ਜਦ ਉਸਦੀ ਪੰਜਾਹ ਹਜ਼ਾਰ ਡੋਨੇਸ਼ਨ ਦੇਣੀ ਪਈ ਤਾਂ ਉਸ ਦਿਨ ਤੋਂ ਬਾਅਦ ਤਾਂ ਅਰਮਾਨ ਜਿਵੇਂ ਗੁੰਮ-ਸੁੰਮ ਜਿਹਾ ਹੀ ਹੋ ਗਿਆ। ਉਸ ਆਪਣੀ ਸਾਰੀ ਭੜਾਸ ਮੰਮੀ 'ਤੇ ਕੱਢੀ, "ਮੰਮੀ ਕੀ ਫਾਇਦਾ ਤੁਹਾਡੇ ਸਕੂਲ ਦਾ? ਨਿਆਣੇ ਤਾਂ ਸ਼ਹਿਰ ਦੇ ਪ੍ਰਾਈਵੇਟ ਸਕੂਲ 'ਚ ਪੜ੍ਹਨ ਜਾਂਦੇ ਨੇ। "

ਮੰਮੀ ਅਰਮਾਨ ਦੀ ਗੱਲ ਦਾ ਕੀ ਉੱਤਰ ਦਿੰਦੀ। ਚੁੱਪ ਰਹੀ। ਪਰ ਦੂਜੇ ਪਾਸੇ ਸਕੂਲ ਜਾਂਦੀ ਪਰੀ ਵੱਲ ਵੇਖਦਿਆਂ ਨਵਜੋਤ ਨੂੰ ਨਵੇਂ ਸਿਗਨਲ ਦੇਣ ਲੱਗ ਪਈ। "ਪਰੀ ਲਈ ਰੱਖੜੀ ਬੰਨ੍ਹਣ ਵਾਲਾ ਵੀ ਹੋਣਾ ਚਾਹੀਦਾ ਘਰ 'ਚ!"

ਰਾਤ ਨੂੰ ਮਿਲਾਪ ਦੇ ਪਲਾਂ 'ਚ ਨਵਜੋਤ ਨੇ ਅਰਮਾਨ ਨੂੰ ਮੰਮੀ ਦੀ ਹਸਰਤ ਦੱਸੀ। ਗੱਲ ਸੁਣ ਅਰਮਾਨ ਠਰ ਗਿਆ। ਉਸਦਾ ਸਾਰਾ ਜੋਸ਼ ਮੱਠਾ ਪੈ ਗਿਆ। ਇਵੇਂ ਜਿਵੇਂ ਤੇਜ਼ ਭਖੀ ਭੱਠੀ ਵਿਚ ਕਿਸੇ ਨੇ ਪਾਣੀ ਦਾ ਡਰੰਮ ਰੋੜ੍ਹ ਦਿੱਤਾ ਹੋਵੇ। ਚਾਦਰ ਨੂੰ ਆਪਣੇ ਉੱਪਰ ਖਿੱਚ ਪਲੰਘ ਦੀ ਢੋਅ ਨਾਲ ਪਿੱਠ ਜੋੜ ਕੇ ਬੈਠ ਗਿਆ। ਉਸ ਨਾਲ ਸਟ ਕੇ ਨਵਜੋਤ ਉਸਦੀ ਹਿੱਕ 'ਤੇ ਹੱਥ ਫੇਰਨ ਲੱਗ ਪਈ। ਉਸਦੇ ਹੱਥ ਨੂੰ ਆਪਣੇ ਹੱਥ ਵਿਚ ਘੁੱਟਦਿਆਂ ਅਰਮਾਨ ਨੇ ਚਿੰਤਾ ਵਾਲੀ ਸੁਰ 'ਚ ਦਿਲ ਦੀ

ਗੱਲ ਦੱਸੀ, "... ਸਾਰੀਆਂ ਪ੍ਰੀਕਾਸ਼ਨ ਲੈ ਰਹੀਂ ਐਂ ਨਾ...ਆਪਾਂ ਅਜੇ ਦੂਜਾ ਬੇਬੀ ਪਲੈਨ ਨ੍ਹੀਂ ਕਰ ਸਕਦੇ।"

ਖੈਰ! ਅਰਮਾਨ ਦੀ ਇਹ ਪਲੈਨਿੰਗ ਤਾਂ ਕਾਮਯਾਬ ਰਹੀ ਪਰ ਉਸਦੀਆਂ ਦੂਜੀਆਂ ਸਾਰੀਆਂ ਪਲੈਨਿੰਗਾਂ ਉਲਟੇ ਸਿਰ ਹੋ ਗਈਆਂ। ਸਾਲ ਬਾਅਦ ਮਿਲਣ ਵਾਲਾ ਹਜ਼ਾਰ ਰੁਪਏ ਦਾ ਵਾਧਾ ਵੀ ਕਾਲਿਜ ਵਾਲਿਆਂ ਦੋ ਸਾਲ ਤੋਂ ਨਹੀਂ ਸੀ ਦਿੱਤਾ। ਅਖੇ 'ਬੱਚੇ ਤਾਂ ਘਟੀ ਜਾ ਰਹੇ ਨੇ, ਵਾਧਾ ਕਾਹਦੇ ਸਿਰ 'ਤੇ ਦਈਏ?"

ਪ੍ਰਧਾਨ ਜੀ ਨਾਲ ਗੱਲ ਕੀਤੀ ਤਾਂ ਉਨ੍ਹਾਂ ਹੋਰ ਈ ਸੁਣਾ ਦਿੱਤਾ, "ਸਾਡੇ ਲਈ ਤਾਂ ਏਨਾ ਦੇਣਾ ਵੀ ਵਿੱਤੋਂ ਬਾਹਰ ਐ! ਸਾਨੂੰ ਕਿਹੜਾ ਸਰਕਾਰੀ ਗ੍ਰਾਂਟ ਮਿਲਦੀ ਐ ... ਬਾਕੀ ਤੁਸੀਂ ਵੇਖ ਲਓ ਜਿਵੇਂ ਤੁਹਾਡੀ ਮਰਜ਼ੀ!"

'ਮਰਜ਼ੀ' ਸ਼ਬਦ ਉਨ੍ਹਾਂ ਇਸ ਅੰਦਾਜ਼ ਵਿਚ ਕਿਹਾ ਕਿ ਸਭ ਦੀ ਫੂਕ ਨਿੱਕਲ ਗਈ। ਨੌਕਰੀ ਛੱਡਣ ਦੀ ਧਮਕੀ ਦੇਣ ਗਏ ਆਪ ਠੁੱਸ ਹੋ ਕੇ ਆ ਗਏ। ਬਾਹਰ ਨਿੱਕਲਦਿਆਂ ਹੀ ਤਿੰਨ ਚਾਰ ਮੈਡਮਾਂ ਬੋਲੀਆਂ, "ਜਿੰਨੇ ਮਿਲਦੇ ਨੇ ਚੁੱਪ ਕਰਕੇ ਕੰਮ ਕਰੀ ਜਾਓ! ਕਿਤੇ ਇਹਤੋਂ ਵੀ ਨਾ ਜਾਂਦੇ ਲੱਗੀਏ।" ਅਰਮਾਨ ਨੇ ਆਸ- ਪਾਸ ਵੇਖਿਆ। ਉਹਦੇ ਸਮੇਤ ਦੋ ਜਣਿਆਂ ਤੋਂ ਬਿਨਾਂ ਬਾਕੀ ਸਭ ਲੇਡੀ ਸਟਾਫ਼ ਸੀ। ਕੈਂਪਸ ਵਿਚ ਚੁੱਪ-ਚਾਪ ਤੁਰੇ ਫਿਰਦਿਆਂ ਹੁਣ ਉਸਦਾ ਮਨ ਕਿਤੇ ਹੋਰ ਉੱਡਿਆ ਫਿਰਦਾ ਰਹਿੰਦਾ।

* * *

ਅਰਮਾਨ ਦੇ ਆਈ ਫ਼ੂਨ ਦੀ ਰਿੰਗ ਹੋਈ। ਸਕਰੀਨ ਤੇ 'ਸਾਲ਼ੀ ਸਾਹਿਬਾ ਰਿਚਮੰਡ ਕਨੇਡਾ' ਫਲੈਸ਼ ਹੋਇਆ। ਸਕਰੀਨ ਵੱਲ ਵੇਖਦਿਆਂ ਅਰਮਾਨ ਨੇ ਹੋਰੂੰ-ਹੋਰੂੰ ਜਿਹਾ ਮਹਿਸੂਸ ਕੀਤਾ। ਉਹ ਅਜੇ ਉੱਖੜਿਆ ਜਿਹਾ ਫਿਰਦਾ ਸੀ। ਹਰਜੋਤ ਨਾਲ ਬਹੁਤਾ ਗੱਲ ਕਰਨ ਦਾ ਮੂਡ ਨਾ ਬਣਿਆ। ਉਸ ਨੇ ਵੀ ਪੰਜਾਬ ਪਹੁੰਚਿਆਂ ਦਾ ਸਰਸਰੀ ਹਾਲ ਚਾਲ ਪੁੱਛਣ ਲਈ ਹੀ ਫ਼ੂਨ ਕੀਤਾ ਸੀ। ਸਾਰੀ ਅਪਡੇਟ ਤਾਂ ਉਸਨੇ ਨਵਜੋਤ ਕੋਲੋਂ ਪਹਿਲਾਂ ਹੀ ਲੈ ਲਈ ਸੀ। ਅਰਮਾਨ ਨੂੰ ਤਾਂ ਸ਼ਿਸ਼ਟਾਚਾਰ ਵਜੋਂ ਹੀ ਕਾਲ ਕੀਤੀ ਸੀ। ਸਟੋਰ ਤੋਂ ਸ਼ਿਫਟ ਲਾ ਕੇ ਮੁੜੀ ਉਹ ਵੀ ਪੂਰੀ ਥੱਕੀ ਪਈ ਸੀ। ਸੰਖੇਪ ਜਿਹੀ ਗੱਲ ਕਰ ਕੇ ਉਸ 'ਭਾਅ ਜੀ ਸਾਸਰੀਕਾਲ' ਕਹਿ ਗੱਲ ਨਿਬੇੜ ਦਿੱਤੀ। ਅਰਮਾਨ ਛੱਤ ਤੋਂ ਉੱਤਰ ਕੇ ਹੇਠਾਂ ਮੰਮੀ ਡੈਡੀ ਵਾਲੇ ਕਮਰੇ ਵਿਚ ਆ ਗਿਆ। ਕੰਮ ਵਾਲੀ ਕੁੜੀ ਆਈ ਤੇ ਬਿਸਕੁਟਾਂ ਨਾਲ ਚਾਹ ਦਾ ਕੱਪ ਦੇ ਕੇ ਵਾਪਸ ਚਲੀ ਗਈ। ਅਰਮਾਨ ਦਾ ਕੁਝ ਖਾਣ ਨੂੰ ਦਿਲ ਨਾ ਕੀਤਾ। ਚਾਹ ਦਾ ਕੱਪ ਉਸ ਚੁੱਕਿਆ ਤੇ ਹੌਲ਼ੀ-ਹੌਲ਼ੀ ਘੁੱਟ ਭਰਨ ਲੱਗ ਪਿਆ। ਖਿੜਕੀ ਥਾਂਣੀ ਬਾਹਰ ਵੱਲ ਵੇਖਣ ਲੱਗਾ। ਵਿਹੜੇ ਵਿਚ ਧੂੜ ਨਾਲ ਅੱਟੀ ਪੈਂਚਰ ਖੜ੍ਹੀ ਸੈਂਟਰੋ ਕਾਰ 'ਤੇ ਉਸ ਦੀਆਂ ਅੱਖਾਂ ਜੰਮ ਗਈਆਂ। 'ਸੈਂਟਰੋ ਤਾਂ ਜਮਾ ਹੀ ਰੁਲ਼-ਖੁਲ਼ ਗਈ ਐ' ਉਸ ਅੰਦਰੋਂ ਹਉਕਾ ਜਿਹਾ ਨਿੱਕਲਿਆ। ਦੂਜੇ ਪਲ਼ ਖਿਆਲ ਨੇ ਪਲਟਾ ਖਾਧਾ, 'ਇਹ ਨਵੀਂ ਨਕੋਰ ਹੁੰਦਿਆਂ ਵੀ ਤਾਂ ਫਾਰਚੂਨਰ ਸਾਹਮਣੇ ਰੁਲ਼ ਹੀ ਗਈ ਸੀ'। ਵਾਕਿਆ ਹੀ ਇਵੇਂ ਹੀ ਹੋਇਆ ਸੀ ਉਦੋਂ। ਹਰਜੋਤ ਹੋਰਾਂ ਆਪਣੀ ਫਾਰਚੂਨਰ ਇਸ ਦੇ ਲਾਗੇ ਲਿਆਣ ਕੇ ਖਲ੍ਹਾਰੀ ਤਾਂ ਇਹ ਹੋਰ ਵੀ ਹੇਠਾਂ ਦੱਬ ਗਈ ਜਾਪੀ। ਉਹਦੇ ਕੋਲ਼ ਖੜ੍ਹੀ ਤਾਂ ਜਮਾ ਪਿੱਦੀ ਜਿਹੀ ਜਾਪਣ ਲੱਗ ਪਈ। ਇਵੇਂ ਜਿਵੇਂ ਫਾਰਚੂਨਰ ਨੇ ਬੱਚਾ ਜਣਿਆ ਹੋਵੇ। ਉੱਤੋਂ ਸਾਲੀ ਸਾਹਿਬਾ ਦੇ ਅੱਖਾਂ ਮਟਕਾ-ਮਟਕਾ ਬੋਲਣ ਦੇ ਜਲਵੇ। ਜਲਵਿਆਂ ਵਿਚ ਰੰਗ ਭਰਦੇ ਵੀਣੀਆਂ 'ਤੇ ਨੱਚਦੇ ਮੋਟੇ-ਮੋਟੇ ਕੰਗਣ ਅਤੇ ਕੰਨਾਂ 'ਤੇ ਕਿੱਕਲੀ ਪਾਉਂਦੇ ਝੁਮਕੇ। ਘੰਟੇ ਲਈ ਘਰ ਆਈ ਸਾਲੀ ਸਾਹਿਬਾ ਸਾਰੇ ਟੱਬਰ ਦੀਆਂ ਘੰਟੀਆਂ ਖੜਕਾ ਗਈ –

"ਮਾਸੀ ਜੀ ਬੜੀਆਂ ਮੌਜਾਂ ਉੱਥੇ! ਤੁਸੀਂ ਵੀ ਮਾਰੋ ਓਧਰ ਗੇੜਾ। ਅਸੀਂ ਜਾ ਕੇ ਭੇਜਦੇ ਤੁਹਾਨੂੰ ਰਾਹਦਾਰੀ!" ਪਤੀ ਵੱਲ ਅੱਖਾਂ ਘੁਮਾਂਦਿਆਂ ਹਰਜੋਤ ਨੇ ਪਰਿਵਾਰ ਲਈ ਰੈੱਡ ਕਾਰਪੈੱਟ ਵਿਛਾ ਦਿੱਤਾ। 'ਬੜੀਆਂ ਮੌਜਾਂ' ਉਸ ਇਵੇਂ ਲਮਕਾ ਤੇ ਟਣਕਾ ਕੇ ਕਿਹਾ ਕਿ ਇਕ ਵਾਰ ਤਾਂ ਸਵਰਗ ਸਾਹਮਣੇ ਨੱਚਦਾ ਦਿਸਣ ਲੱਗ ਪਿਆ। ਵੈਸੇ ਉਸ ਦੇ ਬੋਲ ਥੋਥੇ ਨਹੀਂ ਸਨ। ਉਹ ਉਨ੍ਹਾਂ

‘ਤੇ ਖਰੀ ਉੱਤਰੀ ਸੀ। ਜਾਂਦਿਆਂ ਹੀ ਬੇਟੀ ਦੀ ਰਿੰਗ ਸੈਰੇਮਨੀ ‘ਤੇ ਕਨੇਡਾ ਸੱਦ ਲਿਆ। ਟੱਬਰ ਵਿਚੋਂ ਅਜੇ ਤਕ ਕਿਸੇ ਨੇ ਪਾਸਪੋਰਟ ਵੀ ਨਹੀਂ ਸੀ ਬਣਾਇਆ। ਬਾਹਰ ਬਾਰੇ ਕਿਸੇ ਨੇ ਅਜੇ ਤਕ ਸੋਚਿਆ ਹੀ ਨਹੀਂ ਸੀ। ਡੈਡੀ ਹੋਰਾਂ ਦੀ ਭੈਣ ਨੇ ਬਹੁਤ ਪਹਿਲਾਂ ਇਕ ਵਾਰ ਗੱਲ ਕੀਤੀ ਤਾਂ ਉਹ ਉਸ ਨੂੰ ਮਖੌਲ ਨਾਲ ਬੋਲੇ, “ਇੱਥੋਂ ਦੀ ਅਫਸਰੀ ਛੱਡ ਕੇ ਉੱਥੇ ਤੁਹਾਡੇ ਵਾਂਗ ਦਿਹਾੜੀਆਂ ਕਰੀਏ?” ਭੈਣ ਚੁੱਪ ਹੋ ਗਈ।

ਸਾਰੀ ਰਿਸ਼ਤੇਦਾਰੀ ’ਚ ਹੌਲੀ-ਹੌਲੀ ਇਹ ਗੱਲ ਧੁੰਮ ਗਈ। ਕੋਈ ਕਹਿੰਦਾ, “ਬਲਵਿੰਦਰ ਸਿਓਂ ਸਰਕਾਰੀ ਨੌਕਰੀ ਦੀ ਬੜੀ ਆਕੜ ਕਰਦੈ।” ਦੂਜਾ ਹਾਮੀ ਭਰਦਾ, “ਕਰੇ ਕਿਉਂ ਨਾ ਭਾਈ। ਦੋਹੇ ਜਣੇ ਚੜ੍ਹੇ ਮਹੀਨੇ ਸਰਕਾਰ ਦੀ ਢੂਈ ਕੁੱਟੀ ਆਉਂਦੇ ਨੇ।” ਤੀਜਾ ਗੱਲ ਵਧਾਉਂਦਾ, “ਨੂੰਹ ਵੀ ਸਰਕਾਰੀ ਨੌਕਰੀ ਵਾਲੀ ਜੁ ਮਿਲਗੀ...ਊਂ ਮੁੰਡਾ ਤਾਂ ਬਾਬਿਆਂ ਦੇ ਕਾਲਿਜ ’ਚ ਕੱਚਾ ਈ ਦੱਸਦੇ ਨੇ।” “ਮਾਂ ਪਿਓ ਦੇ ਮੂੰਹ ਨੂੰ ਰਿਸ਼ਤਾ ਹੋ ਗਿਆ। ਊਂ ਕੌਣ ਪ੍ਰਾਈਵੇਟ ਕੱਚੀ ਨੌਕਰੀ ਵਾਲੇ ਨੂੰ ਪੱਕੀ ਸਰਕਾਰੀ ਨੌਕਰੀ ਵਾਲੀ ਧੀ ਦਿੰਦਾ।” ਕੋਈ ਜ਼ਿਆਦਾ ਹੀ ਸੂਹੀਏ ਵਾਲਾ ਭੇਤ ਸਾਂਝਾ ਕਰਦਾ।

ਗੱਲਾਂ ਜੋ ਮਰਜ਼ੀ ਉੱਡਦੀਆਂ ਫਿਰਨ, ਨਵਜੋਤ ਦੀ ਭੈਣ ਦੀ ਚਿੱਠੀ ਨੇ ਤਾਂ ਘਰ ਵਿਚ ਪੂਰਾ ਭੜਥੂ ਪਾ ਦਿੱਤਾ ਸੀ। ਪਾਸਪੋਰਟ ਬਣਾਉਣ ਦੀ ਕਾਹਲ਼ ਮੱਚ ਗਈ। ਸਿਰਫ਼ ਨਵਜੋਤ ਦਾ ਪਾਸਪੋਰਟ ਹੀ ਬਣਿਆ ਹੋਇਆ ਸੀ। ਚੈੱਕ ਕੀਤਾ ਤਾਂ ਉਸਦੀ ਐਕਸਪੈਰੀ ਵਿਚ ਵੀ ਤਿੰਨ ਮਹੀਨੇ ਹੀ ਬਚੇ ਸਨ। ਅਰਮਾਨ ਨੇ ਨਵਜੋਤ ਨੂੰ ਛੇੜਿਆ, “ਹਜ਼ੂਰ ਤਾਂ ਬੜੇ ਚਿਰ ਦੀਆਂ ਤਿਆਰੀਆਂ ਖਿੱਚੀ ਫਿਰਦੇ ਨੇ! ”

“ਮੇਰੀਆਂ ਤਾਂ ਬੜੀਆਂ ਡਰੀਮਜ਼ ਸਨ...ਪਤਾ ਈ ਨੀ ਲੱਗਾ, ਕਦ ਚਾਰ ਲਾਵਾਂ ਲਈਆਂ ਤੇ ਕਦ ਸਭ ਕੁਝ ਬਦਲ ਗਿਆ!” ਗੱਲ ਕਰਦਿਆਂ ਨਵਜੋਤ ਦਾ ਚਿਹਰਾ ਢਿੱਲਾ ਜਿਹਾ ਹੋ ਗਿਆ। ਪਰ ਉਹ ਝੱਟ ਸੰਭਲ ਗਈ। ਉਸਨੂੰ ਲੱਗਾ ਕਿ ਉਹ ਕੁਝ ਜ਼ਿਆਦਾ ਹੀ ਬੋਲ ਗਈ ਹੈ। ਅਰਮਾਨ ਦੇ ਮੋਢੇ ‘ਤੇ ਹੱਥ ਮਾਰਦਿਆਂ ਤੇ ਉੱਚੀ ਦੇਣੀ ਹੱਸਦਿਆਂ ਉਸ ਗੱਲ ਟਾਲ਼ੀ, “ਖਿੱਚੋ ਤਿਆਰੀਆਂ ਬਾਹਰ ਦੀਆਂ...ਇਕ ਗੇੜਾ ਮਾਰ ਕੇ ਤਾਂ ਆਈਏ! ”

“ਉੱਥੇ ਆਪਣੇ ਲਈ ਵੀਜ਼ਾ ਫੜ ਕੇ ਬੈਠੇ ਨੇ ਅੰਬੈਸੀ ਵਾਲੇ!” ਅਰਮਾਨ ਸ਼ੰਕਾ ਦੀ ਡੂੰਘੀ ਖੱਡ ’ਚੋਂ ਬੋਲਿਆ।

“ਪੱਕੀ ਸਰਕਾਰੀ ਨੌਕਰੀ ਦੀ ਬੜੀ ਵੁੱਕਤ ਐ...ਤੁਸੀਂ ਟਰਾਈ ਤਾਂ ਮਾਰੋ!”

ਨਵਜੋਤ ਦੀ ਗੱਲ ਸੱਚ ਹੀ ਨਿੱਕਲੀ ਸੀ। ਤਿੰਨਾਂ ਜਣਿਆਂ ਨੂੰ ਦਸ ਦਸ ਸਾਲ ਦਾ ਵੀਜ਼ਾ ਮਿਲ ਗਿਆ। ਬਾਅਦ ’ਚ ਮੰਮੀ ਡੈਡੀ ਹੋਰਾਂ ਲਈ ਟਰਾਈ ਮਾਰੀ ਤਾਂ ਉਨ੍ਹਾਂ ਦੀ ਗੱਲ ਵੀ ਬਣ ਗਈ। ਘਰ ਵਿਚ ਬਿਨ ਦਵਾਲੀਓਂ ਈ ਘਿਓ ਦੇ ਦੀਵੇ ਜਗ ਉੱਠੇ। ਕੈਨੇਡਾ ਦਾ ਮਹੀਨੇ ਦਾ ਗੇੜਾ ਮਾਰ ਕੇ ਮੁੜੇ ਤਿੰਨੇ ਜਣੇ ਹੁਣ ਪਹਿਲਾਂ ਵਰਗੇ ਨਹੀਂ ਸਨ ਰਹੇ। ਤਿੰਨਾਂ ਦੀਆਂ ਗੱਲਾਂ ਵਿਚ ਹੁਣ ਇੱਥੋਂ ਦਾ ਜ਼ਿਕਰ ਘੱਟ ਤੇ ਉੱਥੋਂ ਦਾ ਵੱਧ ਹੋਣ ਲੱਗ ਪਿਆ। ਪਰੀ ਨੂੰ ਤਾਂ ਆਪਣੇ ਪਿੰਡ ਦੀਆਂ ਗਲੀਆਂ ਤੋਂ ਲੈ ਕੇ ਸਕੂਲ ਦੀਆਂ ਟਾਇਲਟਾਂ ਤਕ ਸਭ ਕੁਝ ਹੀ ਗੰਦਾ ਲੱਗਣ ਲੱਗ ਪਿਆ। ਆਪਣੀ ਗੱਲ ਦੱਸਣ ਲੱਗਿਆਂ ਉਹ ਦੋਨੋ ਬਾਹਾਂ ਖੋਲ੍ਹ ਲੈਂਦੀ, “ਦੱਦੂ! ਦੱਦੂ! ਥਾਨੂੰ ਪਤਾ ਉੱਥੇ ਕਿੰਨੀ ਕਲੀਨੀਨੈੱਸ ਐ?”

“ਮੈਨੂੰ ਕਿਵੇਂ ਪਤਾ ਲੱਗੇ ਮੋਟੋ? ਤੂੰ ਸਾਨੂੰ ਕਿਹੜਾ ਨਾਲ ਲੈ ਕੇ ਗਈ ਸੀ।“ਗੁਗਲੂ ਮੁਗਲੂ ਜਿਹੀ ਪਰੀ ਦੇ ਢਿੱਡ ਵਿਚ ਉਂਗਲ ਖਭੋਂਦਿਆਂ ਡੈਡੀ ਬੋਲੇ। ਪਰੀ ਹੱਸ ਕੇ ਪਿੱਛੇ ਵੱਲ ਸਰਕ ਗਈ। ਫੁੱਲਿਆ ਢਿੱਡ ਉਸ ਘੁੱਟ ਕੇ ਸੰਗੇੜ ਲਿਆ। ਡੈਡੀ ਨੇ ਫਿਰ ਛੇੜਿਆ “ਮੇਰੇ ਗੁਗਲੂ ਦੀ ਫੂਕ ਨਿੱਕਲ ਗਈ ਉਏ!”

ਪਰੀ ਨੇ ਢਿੱਡ ਨੂੰ ਫੁਲਾ ਕੇ ਪਹਿਲਾਂ ਤੋਂ ਵੀ ਵੱਡਾ ਕਰ ਲਿਆ, “ਦੱਦੂ ਝੂਠੀ ਮੂਠੀ ਕਰਦੇ! ਕਿੱਥੇ ਨਿੱਕਲੀ ਐ ਫੂਕ?” ਢਿੱਡ ਵੱਲ ਉਂਗਲ ਕਰ ਪਰੀ ਨੇ ਪੁੱਛਿਆ। ਸਭ ਦਾ ਉੱਚੀ ਦੇਣੀ ਹਾਸਾ ਨਿੱਕਲ ਗਿਆ।

ਅਰਮਾਨ ਉੱਪਰੋਂ-ਉੱਪਰੋਂ ਤਾਂ ਜ਼ਰੂਰ ਹੱਸਦਾ ਪਰ ਉਸਦਾ ਅਸਲ ਹਾਸਾ ਕਿਤੇ ਗੁਆਚ ਗਿਆ ਸੀ। ਕਾਲਿਜ ਵਿਚ ਵੀ ਪੀਰੀਅਡ ਲੈਣ ਨੂੰ ਦਿਲ ਨਾ ਕਰਦਾ। ਹੋਰ ਕੰਮਾਂ ਤੋਂ ਵੀ ਟਾਲ਼ਾ ਵੱਟਦਾ ਰਹਿੰਦਾ। ਹੋਰ ਤਾਂ ਹੋਰ ਇਸ ਵਾਰ ਉਹ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਉਤਸਵ ਸਮਾਗਮਾਂ ਸਮੇਂ ਸਟੇਜ ਸੰਭਾਲਣ ਤੋਂ ਵੀ ਟਾਲ਼ਾ ਮਾਰ ਗਿਆ। ਉਹ ਸਟੇਜ ਜਿਸ ਦਾ ਕਾਰਜ ਕਿਸੇ ਸਮੇਂ ਉਸ ਪ੍ਰੋ. ਖਾਲਸਾ ਤੋਂ ਲੜ ਕੇ ਖੋਹਿਆ ਸੀ। ਮੌਕਾ ਬਣੇ ਤੋਂ ਉਸ ਸਟਾਫ਼ ਰੂਮ 'ਚ ਗੱਲ ਕੀਤੀ,

"ਕੰਮ ਕੀ ਕਰੀਏ...ਦਿੰਦੇ ਕੀ ਨੇ? "

"ਬਾਬਾ ਜੀ ਕਾ ਠੁੱਲੂ!" ਖੱਬੀ ਤਲੀ 'ਤੇ ਸੱਜੇ ਹੱਥ ਦੀ ਕੂਹਣੀ ਟਿਕਾ ਹੱਥ ਨੂੰ ਠੁੱਲੂ ਬਣਾ ਮੈਡਮ ਰਸ਼ਮੀ ਨੇ ਹਵਾ 'ਚ ਲਹਿਰਾਇਆ। ਸਭ ਘੁੱਟਵਾਂ ਜਿਹਾ ਹਾਸਾ ਹੱਸੇ। ਪਰ ਅਰਮਾਨ ਕੋਲ਼ੋਂ ਏਨਾ ਵੀ ਹੱਸ ਨਾ ਹੋਇਆ। ਰਾਤ ਨੂੰ ਇਕੱਲਤਾ ਦੇ ਪਲਾਂ ਵਿਚ ਨਵਜੋਤ ਨੂੰ ਪੁੱਛਣ ਲੱਗ ਪਿਆ "ਮੈਨੂੰ ਕੁਝ ਸੁੱਝਦਾ ਨ੍ਹੀ...ਕੀ ਕਰਾਂ?"

ਨਵਜੋਤ ਚੁੱਪ ਚਾਪ ਸੁਣਦੀ ਰਹੀ। ਜਦ ਇਹੀ ਰਿਕਾਰਡ ਆਏ ਦਿਨ ਵੱਜਣ ਲੱਗਾ ਤਾਂ ਇਕ ਰਾਤ ਉਹ ਅਰਮਾਨ ਦੀਆਂ ਅੱਖਾਂ ਵਿਚ ਡੂੰਘਾ ਝਾਕੀ, "ਕਰਨਾ ਏ ਤਾਂ ਕੋਈ ਪੱਕਾ ਫੈਸਲਾ ਕਰੋ। ਮੈਂ ਤੁਹਾਡੇ ਮੋਢੇ ਨਾਲ ਮੋਢਾ ਜੋੜ ਕੇ ਖੜ੍ਹਾਂਗੀ। ਜੱਟੀ ਦੀ ਜ਼ੁਬਾਨ ਰਹੀ!"

ਕੁਝ ਦਿਨ ਅਰਮਾਨ ਘਰ ਵਿਚ ਗੁੰਮ-ਸੁੰਮ ਜਿਹਾ ਫਿਰਦਾ ਰਿਹਾ। ਗੁਆਚਾ, ਗਆਚਾ। ਕਾਲਿਜ ਵਿਚੋਂ ਵੀ ਐਵੇਂ ਹੀ ਦੋ ਚਾਰ ਛੁੱਟੀਆਂ ਕਰ ਲਈਆਂ। ਸਾਰਾ ਦਿਨ ਛੱਤ 'ਤੇ ਮੰਜੀ 'ਤੇ ਪਿਆ ਰਹਿੰਦਾ। ਇਕ ਰਾਤ ਨਵਜੋਤ ਨੂੰ ਸਿੱਧਿਆਂ ਹੀ ਪੁੱਛਣ ਲੱਗ ਪਿਆ "ਨੌਕਰੀ ਛੱਡਣੀ ਪੈ ਜੇ ਤਾਂ ਛੱਡਦੇਂ ਗੀ?"

"ਤੁਹਾਡੇ ਲਈ ਤਾਂ ਦੁਨੀਆਂ ਛੱਡ ਦਿਆਂ ਮੇਰੇ ਸਵੀਟੂ!" ਅਰਮਾਨ ਦੇ ਮੋਢੇ 'ਤੇ ਹੱਥ ਮਾਰ ਕੇ ਨਵਜੋਤ ਆਪਣੇ ਅੰਦਾਜ਼ ਵਿਚ ਖਿੜਖਿੜਾ ਕੇ ਹੱਸੀ।

'ਐਨੇ ਔਖੇ ਸਵਾਲ ਦਾ ਐਨਾ ਸੌਖਾ ਜਵਾਬ'! ਅਰਮਾਨ ਹੈਰਾਨ ਰਹਿ ਗਿਆ। ਉਸ ਨੇ ਨਵਜੋਤ ਵੱਲ ਘੋਖਵੀਂ ਨਜ਼ਰ ਨਾਲ ਵੇਖਿਆ। ਨਵਜੋਤ ਦਾ ਖਿੜਿਆ ਚਿਹਰਾ ਹੋਰ ਵੀ ਹੁਸੀਨ ਜਾਪਣ ਲੱਗ ਪਿਆ। ਖਿੱਚ ਕੇ ਉਸ ਨੂੰ ਆਪਣੇ ਕੋਲ਼ ਕਰ ਲਿਆ। ਨਵਜੋਤ ਨੇ ਪਿਆਰ ਨਾਲ ਅਰਮਾਨ ਦੀ ਧੌਣ ਦੁਆਲ਼ੇ ਬਾਹਾਂ ਵਲ਼ ਲਈਆਂ ਤੇ ਉਸ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਬੋਲੀ, "ਸੱਚ ਦੱਸਾਂ! ਮੇਰਾ ਡਰੀਮ ਸੀ, ਬਾਹਰ ਜਾਵਾਂ! ਤੁਹਾਨੂੰ ਵੇਖਿਆ ਤਾਂ ਬੱਸ ਤੁਹਾਡੀ ਹੋ ਕੇ ਰਹਿ ਗਈ।"

ਅਰਮਾਨ ਨੇ ਨਵਜੋਤ ਨੂੰ ਘੁੱਟ ਕੇ ਛਾਤੀ ਨਾਲ ਲਾ ਲਿਆ। ਕਿੰਨੀ ਦੇਰ ਉਹ ਉਸਦੀਆਂ ਪੀਚਵੀਆਂ ਬਾਹਾਂ ਵਿਚ ਘੁੱਟੀ ਛਾਤੀ ਨਾਲ ਲੱਗੀ ਰਹੀ। ਸਭ ਕੁਝ ਖਾਮੋਸ਼ੀ ਵਿਚ ਲਿਪਟਿਆ ਰਿਹਾ। ਵਕਤ ਜਿਵੇਂ ਠਹਿਰ ਗਿਆ ਹੋਵੇ। ਫਿਰ ਅਚਾਨਕ ਅੱਗ ਭੜਕੀ। ਜਿਸਮ ਭੱਠੀ ਬਣ ਗਏ। ਸੇਕ ਨਾਲ ਮਘੇ, ਤਪੇ ਤੇ ਇਕ ਦੂਜੇ ਨੂੰ ਠਾਰ ਕੇ ਸ਼ਾਂਤ ਹੋ ਗਏ।

ਸਵੇਰੇ ਉੱਠਦੇ ਸਾਰ ਹੀ ਅਰਮਾਨ ਮੰਮੀ ਡੈਡੀ ਦੇ ਕਮਰੇ ਵਿਚ ਜਾ ਪਹੁੰਚਿਆ। ਮੰਮੀ ਵੇਖ ਕੇ ਮੁਸਕਰਾਈ –

"ਸਭ ਖੈਰ-ਸੁੱਖ ਐ!"

"ਮੰਮੀ, ਅਸੀਂ ਬਾਹਰ ਸੈਟਲ ਹੋਣ ਦਾ ਡਿਸੀਜਨ ਲਿਆ!"

"ਹੈਂਅ! ਏਥੇ ਕਿਹੜੀ ਗੱਲ ਦਾ ਘਾਟਾ ਰਾਜੇ! "

"ਬੰਦੇ ਨੇ ਸਿਰਫ਼ ਖਾਣ-ਪੀਣ ਲਈ ਥੋੜ੍ਹਾ ਜਿਊਣਾ ਹੁੰਦੈ...ਹੋਰ ਵੀ ਬੜਾ ਕੁਝ ਕਰਨਾ ਹੁੰਦੈ!" ਅਰਮਾਨ ਦੀ ਪਹੇਲੀ ਵਰਗੀ ਗੱਲ ਨੂੰ ਦੋਹੇ ਜਣੇ ਮੂੰਹ ਅੱਡੀ ਸੁਣਦੇ ਰਹੇ। ਮਾਹੌਲ ਨੂੰ ਹਲਕਾ ਕਰਨ ਲਈ ਡੈਡੀ ਬੋਲੇ, "ਕਰੀ ਜਾਓ ਭਾਈ ਜੋ ਕਰਨਾ! ਅਸੀਂ ਤੁਹਾਡੇ ਵੱਲ ਝਾਕਿਆ ਕਦੇ!" ਗੱਲ ਮੁਕਾ ਡੈਡੀ ਨੇ ਹੱਸਣ ਦਾ ਯਤਨ ਕੀਤਾ ਪਰ ਬਾਕੀ ਦੋਨਾਂ ਦਾ ਹਾਸਾ ਇਸ ਵਿਚ ਸ਼ਾਮਲ ਨਾ ਹੋ ਸਕਿਆ।

"ਨਵਜੋਤ ਦੀ ਨੌਕਰੀ ਦਾ ਕੀ ਬਣੂ? ਛੁੱਟੀ ਤਾਂ ਮਿਲਣੋ ਰਹੀ।" ਮੰਮੀ ਨੇ ਚਿੰਤਾ ਜ਼ਾਹਰ ਕੀਤੀ।

"ਸਭ ਸੋਚ ਲਿਆ ਅਸੀਂ।"

"ਸਾਡਾ ਸੋਚਿਆ ਕੁਝ?" ਮੰਮੀ ਨੂੰ ਭਵਿੱਖ ਸਤਾਉਣ ਲੱਗਾ।

"ਸਾਡੇ ਸੈਟਲ ਹੋਣ ਦੀ ਦੇਰ ਐ, ਤੁਸੀਂ ਵੀ ਮਗਰੇ ਪਹੁੰਚੇ ਲਓ।" ਅਰਮਾਨ ਨੇ ਵਿਸ਼ਵਾਸ ਬੰਨ੍ਹਾਇਆ।

ਮੰਮੀ ਕੁਝ ਦਿਨ ਢਿੱਲੀ ਜਿਹੀ ਫਿਰਦੀ ਰਹੀ। ਫਿਰ ਪਤਾ ਨਹੀਂ ਉਸ ਨੂੰ ਕਿਹੜੀ ਅਕਾਸ਼ਵਾਣੀ ਹੋਈ। ਉਹ ਖੁਦ ਅਰਮਾਨ ਹੋਰਾਂ ਨੂੰ ਬਾਹਰ ਜਾਣ ਲਈ ਹੱਲਾਸ਼ੇਰੀ ਦੇਣ ਲੱਗ ਪਈ। ਸਭ ਨਾਲ ਹੱਸ-ਹੱਸ ਗੱਲਾਂ ਕਰਦੀ। ਉਨ੍ਹਾਂ ਦਿਨਾਂ ਦੀ ਫੈਮਲੀ ਦੀ ਖਿੱਚੀ ਫੋਟੋ ਵਿਚ ਉਹੀ ਸਭ ਤੋਂ ਜ਼ਿਆਦਾ ਖੁਸ਼ ਨਜ਼ਰ ਆਉਂਦੀ। ਫੋਟੋ ਦੇਖ ਕੇ ਡੈਡੀ ਹੱਸੇ,

"ਤੁਹਾਡੀ ਮੰਮੀ ਮਾਰਗੀ ਬਈ ਨੰਬਰ!...ਜਮਾਂ ਮਧੂਬਾਲਾ ਬਣੀ ਪਈ ਐ!" ਮੰਮੀ ਨੇ ਮਿੱਠੀ ਘੂਰ ਨਾਲ ਡੈਡੀ ਵੱਲ ਵੇਖਿਆ।

ਫੋਟੋ ਮੰਮੀ ਦੀ ਬੈੱਡ ਸਾਈਡ ਵੱਲ ਲੱਗ ਗਈ। ਇਹ ਫੋਟੋ ਹੁਣ ਵੀ ਉੱਥੇ ਲੱਗੀ ਪਈ ਸੀ।

* * *

ਅਰਮਾਨ ਦੀਆਂ ਨਜ਼ਰਾਂ ਕਮਰੇ ਦੀਆਂ ਕੰਧਾਂ ਵੱਲ ਪਰਤੀਆਂ। ਧਿਆਨ ਫੈਮਲੀ ਫੋਟੋ ਵੱਲ ਗਿਆ। ਮੰਮੀ ਸੱਚਮੁੱਚ ਫੋਟੋ ਵਿਚ ਬਹੁਤ ਸੋਹਣੀ ਲੱਗ ਰਹੀ ਸੀ। ਧਿਆਨ ਇਸ ਫੋਟੋ ਤੋਂ ਤਿਲਕ ਕੇ ਬੈੱਡ ਸਾਹਮਣੇ ਲੱਗੀ ਮੰਮੀ ਦੀ ਫੋਟੋ ਵੱਲ ਚਲਾ ਗਿਆ। ਫੋਟੋ 'ਤੇ ਪਾਇਆ ਹਾਰ ਜਮਾਂ ਸੁੱਕ ਗਿਆ ਸੀ। ਫੁੱਲ ਬਿਲਕੁਲ ਪਿਚਕ ਗਏ ਸਨ। ਕੁਝ ਇਕ ਤਾਂ ਝੜ ਵੀ ਚੁੱਕੇ ਸਨ ਤੇ ਪਿੱਛੇ ਡੋਰੀ ਹੀ ਰਹਿ ਗਈ ਸੀ ਜੋ ਹੁਣ ਚਿੱਟੇ ਤੋਂ ਮਿੱਟੀ ਰੰਗੀ ਹੋ ਗਈ ਸੀ। ਫੋਟੋ ਨੂੰ ਸਾਫ਼ ਕੀਤਿਆਂ ਵੀ ਕਈ ਮਹੀਨੇ ਬੀਤ ਚੁੱਕੇ ਸਨ। ਉਸਦੇ ਅੰਦਰ ਖੋਹ ਜਿਹੀ ਪਈ। ਕੁਰਸੀ 'ਤੇ ਚੜ੍ਹ ਜੇਬ ਚੋਂ ਰੁਮਾਲ ਕੱਢ ਫੋਟੋ ਸਾਫ਼ ਕਰਨ ਲੱਗ ਪਿਆ। ਰੁਮਾਲ ਫਿਰਦਿਆਂ ਹੀ ਮੰਮੀ ਦਾ ਚਿਹਰਾ ਹੋਰ ਵੀ ਖਿੜ ਗਿਆ। ਡੈਡੀ ਦੀ ਯਾਦ ਲਹਿਰ ਬਣ ਦਿਮਾਗ਼ 'ਚ ਘੁੰਮ ਗਈ। ਇਹ ਡੈਡੀ ਦੀ ਸਭ ਤੋਂ ਪਸੰਦ ਵਾਲੀ ਫੋਟੋ ਸੀ। ਮੰਮੀ ਦੀਆਂ ਹੋਰ ਬਥੇਰੀਆਂ ਫੋਟੋ ਸਨ ਪਰ ਡੈਡੀ ਨੇ ਇਸੇ ਨੂੰ ਫੋਟੋਸ਼ਾਪ ਕਰਕੇ ਵੱਡਾ ਕਰਵਾਇਆ। ਬੈੱਡ ਦੀ ਢੋਅ ਦੇ ਬਿਲਕੁਲ ਸਾਹਮਣੇ ਲਾਇਆ। ਹਰ ਵੇਲੇ ਅੱਖਾਂ ਸਾਹਮਣੇ ਰੱਖਣਾ ਚਾਹੁੰਦਾ ਸੀ ਡੈਡੀ। ਡੈਡੀ ਦੀ ਹਾਲਤ ਵੇਖ ਅਰਮਾਨ ਨੇ ਫੋਟੋ ਉਤਾਰ ਦੇਣ ਜਾਂ ਇਸਦੀ ਥਾਂ ਬਦਲ ਦੇਣ ਦੀ ਸਲਾਹ ਦਿੱਤੀ ਸੀ ਪਰ ਡੈਡੀ ਨਹੀਂ ਸੀ ਮੰਨਿਆ। ਉਸਦੀ ਮੰਨਦਾ ਵੀ ਕਿਉਂ? ਉਹ ਮੰਮੀ ਲਈ ਕਰ ਵੀ ਕੀ ਸਕਿਆ ਸੀ? ਅਰਮਾਨ ਨੂੰ ਆਪਣਾ ਆਪ ਗੁਨਾਹਗਾਰ ਜਿਹਾ ਜਾਪਿਆ। ਪਰ ਮੰਮੀ ਤਾਂ ਸਾਰੀ ਉਮਰ ਉਸੇ ਲਈ ਮਰਦੀ ਰਹੀ ਸੀ। ਹਰ ਵੇਲੇ, 'ਅਰਮਾਨ ਦਾ ਇਹ ਬਣਜੈ,ਅਰਮਾਨ ਦਾ ਉਹ ਬਣਜੈ'। ਬਣ ਵੀ ਤਾਂ ਰਿਹਾ ਸੀ। ਪਹਿਲਾਂ ਅਰਮਾਨ ਤੇ ਫਿਰ ਨਵਜੋਤ ਦਾ ਸਟੋਰ ਵਾਲੀ ਨੌਕਰੀ ਦਾ ਕੰਮ ਬਣਿਆਂ ਤਾਂ ਸਭ ਤੋਂ ਵੱਧ ਖੁਸ਼ ਉਹੀ ਹੋਈ, "...ਬਾਬੇ ਦੀ ਮਿਹਰ ਨਾ' ਤੁਹਾਡਾ ਦੂਜਾ ਕੰਮ ਵੀ ਬਣ ਜਾਣਾ।"

ਸਾਰਾ ਟੱਬਰ ਅਰਜਨ ਬਣਿਆ ਮੱਛੀ ਦੀ ਅੱਖ ਵਾਂਗ ਇਸ 'ਦੂਜੇ ਕੰਮ' ਵੱਲ ਹੀ ਵੇਖ ਰਿਹਾ ਸੀ। ਪਰ ਦੂਜੇ ਕੰਮ ਵਾਲੀ ਘੁੰਮਦੀ ਮੱਛੀ ਨੇ ਸਭ ਨੂੰ ਘੁੰਮਣਘੇਰੀਆਂ 'ਚ ਪਾਇਆ ਹੋਇਆ ਸੀ। ਪਹਿਲੀ ਘੁੰਮਣਘੇਰੀ ਉਦੋਂ ਆਈ ਜਦੋਂ ਡੈਡੀ ਨੇ ਫੂਨ ਕਰਕੇ ਦੱਸਿਆ, "...ਨਵਜੋਤ ਦੀ ਨੌਕਰੀ ਤਾਂ ਜਾਂਦੀ ਲੱਗੀ।"

ਅਰਮਾਨ ਨੇ ਨਵਜੋਤ ਨੂੰ ਦੱਸਿਆ ਤਾਂ ਉਹ ਇਕ ਵਾਰ ਤਾਂ ਬੁਝ ਜਿਹੀ ਗਈ। ਸਟੋਰ ਸ਼ਿਫ਼ਟ ਲਈ ਤਿਆਰ ਹੁੰਦੀ ਦਾ ਹੱਥ ਥਾਂਏਂ ਰੁਕ ਗਿਆ। ਵਾਸ਼ਰੂਮ ਦੇ ਬਹਾਨੇ ਅੱਥਰੂ ਕੇਰ ਆਈ। ਸਟੋਰ ਸ਼ਿਫ਼ਟ 'ਤੇ ਜਾਣ ਨੂੰ ਦਿਲ ਨਾ ਕਰੇ। ਤੰਗ ਜਿਹੀ ਬੇਸਮੈਂਟ ਹੋਰ ਵੀ ਤੰਗ-ਤੰਗ ਜਾਪਣ ਲੱਗ ਪਈ। ਸਿੱਕ ਕਾਲ ਕਰਨ ਦਾ ਸੋਚਣ ਲੱਗੀ। ਫਿਰ ਕਿੰਨਾ ਕੁਝ ਸੋਚ ਕੇ ਅਣਮੰਨੇ ਜਿਹੇ ਮਨ ਨਾਲ ਸ਼ਿਫ਼ਟ

ਲਈ ਤੁਰ ਗਈ। ਸ਼ਾਮੀਂ ਘੰਟੇ ਕੁ ਲਈ ਦੋਨੋਂ ਇਕੱਠੇ ਹੋਏ ਤਾਂ ਅਰਮਾਨ ਨੇ ਡੈਡੀ ਦਾ ਸੁਨੇਹਾ ਦਿੱਤਾ।

"ਡੈਡੀ ਕਹਿੰਦੇ, ਏਧਰ ਵਾਲੀ ਨੌਕਰੀ ਤਾਂ ਜਾਂਦੀ ਰਹੀ, ਹੁਣ ਓਧਰ ਵਾਲੀ ਦਾ ਖਿਆਲ ਰੱਖਿਓ!" ਗੱਲ ਸੁਣਦਿਆਂ ਨਵਜੋਤ ਰੋਣਹਾਕੀ ਜਿਹੀ ਹੋ ਗਈ। ਰੋਕਦਿਆਂ-ਰੋਕਦਿਆਂ ਵੀ ਮੋਟੇ-ਮੋਟੇ ਅੱਥਰੂ ਹੱਥਾਂ ਦੀਆਂ ਹਥੇਲੀਆਂ 'ਤੇ ਆਣ ਡਿੱਗੇ। ਡੁਬਡਬਾਈ ਆਵਾਜ਼'ਚ ਬੋਲੀ "ਪਤਾ ਮੇਰੇ ਡੈਡੀ ਨੇ ਤੁਰਨ ਲੱਗਿਆਂ ਕੀ ਕਿਹਾ ਸੀ, "ਠੀਕ ਐ ਜੋ ਤੁਹਾਡਾ ਫੈਸਲਾ! ਪਰ ਸਾਨੂੰ ਕਦੇ ਰੋ ਕੇ ਨਹੀਂ ਵਿਖਾਉਣਾ!"

ਗੱਲ ਦੱਸਦਿਆਂ ਨਵਜੋਤ ਹੋਰ ਵੀ ਭਾਵੁਕ ਹੋ ਗਈ। ਅਰਮਾਨ ਚੁੱਪ ਚਾਪ ਬੈਠਾ ਰਿਹਾ। ਕਮਰੇ'ਚੋਂ ਉੱਠ ਕੇ ਪਰੀ ਵੀ ਕੋਲ ਆ ਗਈ। ਆਪਣੇ ਵੱਲ ਵੇਖਦਿਆਂ ਤੱਕ ਕੇ ਨਵਜੋਤ ਨੇ ਉਸਨੂੰ ਆਪਣੀਆਂ ਬਾਹਾਂ 'ਚ ਲੈ ਲਿਆ। ਛਾਤੀ ਨਾਲ ਘੁੱਟਦਿਆਂ ਉਹ ਅੰਦਰੋਂ ਖੁਰਨ ਲੱਗੀ, "ਵੇਖ ਲੈ ਪੁੱਤ! ਮੰਮਾ ਤੁਹਾਡੇ ਲਈ ਕੀ ਕੁਝ ਕਰ ਰਹੇ ਨੇ!"

ਪਰੀ ਨੂੰ ਗੱਲ ਦੀ ਸਮਝ ਨਾ ਪਈ। ਵੈਸੇ ਹੁਣ ਉਹ ਏਨੀ ਛੋਟੀ ਵੀ ਨਹੀਂ ਸੀ ਕਿ ਗੱਲ ਸਮਝ ਨਾ ਸਕੇ। ਪਰ ਇਹ ਬੁਝਾਰਤ ਉਸ ਤੋਂ ਹੱਲ ਨਾ ਹੋਈ। ਉਸ ਹੌਲ਼ੀ ਦੇਣੀ ਸਿਰਫ਼ ਏਨਾ ਹੀ ਪੁੱਛਿਆ,- ਮੌਮ ... ਵੱਟਸ ਦਾ ਮੈਟਰ?"

ਮੰਮੀ ਉਸ ਨੂੰ ਕੀ ਦੱਸਦੀ? ਜਦੋਂ ਦੇ ਇੱਥੇ ਆਏ ਹਰ ਪਾਸੇ ਨਵੇਂ-ਨਵੇਂ ਮੈਟਰ ਹੀ ਤਾਂ ਸਨ। ਹਰ ਦਿਨ ਨਵੀਂ ਚੁਣੌਤੀ। ਇਕ ਪਾਰ ਕਰਦੇ ਦੂਜੀ ਸਾਹਮਣੇ ਖੜ੍ਹੀ ਹੁੰਦੀ। ਛੇ ਮਹੀਨੇ ਫੁਰਰ ਕਰਕੇ ਉੱਡ ਗਏ। ਸੱਤਵੇਂ ਮਹੀਨੇ ਦੇ ਚੜ੍ਹਦਿਆਂ ਹੀ ਅਰਮਾਨ ਨੇ ਨਵਜੋਤ ਦੇ ਕੰਨ ਖੜ੍ਹੇ ਕੀਤੇ:

"ਅੱਜ ਤੋਂ ਆਪਾਂ ਹੋਗੇ ਇਸ ਮੁਲਕ 'ਚ ਇਲਲੀਗਲ।"

"ਬੜਾ ਚਾਅ ਚੜ੍ਹਿਆ...!" ਨਵਜੋਤ ਨੇ ਮਸ਼ਕਰੀ ਕਰਕੇ ਹੱਸਣ ਦਾ ਯਤਨ ਕੀਤਾ ਪਰ ਉਸ ਤੋਂ ਹੱਸ ਨਾ ਹੋਇਆ। ਉਹ ਕੀ, ਕੋਈ ਵੀ ਹੱਸ ਨਾ ਸਕਿਆ। ਹਾਸੇ ਤਾਂ ਗ਼ੁਆਚੇ ਪਏ ਸਨ। ਵੈਸੇ ਗੱਲ ਹੱਸਣ ਵਾਲੀ ਹੈ ਵੀ ਕਿੱਥੇ ਸੀ? ਸੂਲ਼ੀ ਦੀ ਛਾਲ ਤਾਂ ਹੁਣ ਹੀ ਲੱਗਣੀ ਸ਼ੁਰੂ ਹੋਣੀ ਸੀ। ਪਹਿਲਾਂ ਦੇ ਛੇ ਮਹੀਨੇ ਤਾਂ ਵਾਰਮਅੱਪ ਐਕਸਰਸਾਈਜ ਵਾਲੇ ਹੀ ਸਨ। ਪਰ ਟੱਬਰ ਦਾ ਸਾਹ ਤਾਂ ਪਹਿਲਾਂ ਹੀ ਫੁੱਲਿਆ ਪਿਆ ਸੀ। ਇਹੋ ਜਿਹੇ ਫੁੱਲੇ ਸਾਹ ਵਾਲੇ ਇਕ ਦਿਨ ਅਰਮਾਨ ਨੇ ਨਵਜੋਤ ਨੂੰ ਕਿਹਾ,

"ਪਤਾ ਨਹੀ ਲੱਗ ਰਿਹਾ, ਫੈਸਲਾ ਸਹੀ ਕੀਤਾ ਜਾਂ ਗ਼ਲਤ।"

ਕਾਲਿਜ ਟਾਈਮ 'ਚ ਕਵਿਤਾ ਲਿਖਣ ਵਾਲੀ ਨਵਜੋਤ ਅੰਦਰਲੀ ਸ਼ਾਇਰਾ ਨੇ ਅੰਗੜਾਈ ਭੰਨੀ - "ਇਹ ਤਾਂ ਸਮੁੰਦਰ 'ਚ ਛਾਲ ਮਾਰਨ ਤੋਂ ਪਹਿਲਾਂ ਸੋਚਣਾ ਸੀ। ਹੁਣ ਮਾਰਤੀ ਤਾਂ ਮਾਰਤੀ! ਦੂਜੇ ਕੰਢੇ ਵੱਲ ਵੇਖੋ ਹੁਣ!"

ਨਵਜੋਤ ਦੇ ਕਹਿਣ ਦੀ ਗੱਲ ਨਹੀਂ ਸਾਰੇ ਅੱਡੀਆਂ ਚੁੱਕ-ਚੁੱਕ ਪਹਿਲਾਂ ਹੀ ਦੂਜੇ ਕੰਢੇ ਵੱਲ ਵੇਖ ਰਹੇ ਸਨ। ਬੇਸਮੈਂਟ ਵਿਚਲੀਆਂ ਸਾਰੀਆਂ ਖੁਸ਼ੀਆਂ, ਬੇਗਾਨੇ ਮੁਲਕ ਦੀ 'ਬਰਫ਼ਬਾਰੀ' ਨਾਲ ਫਰੀਜ਼ ਹੋਈਆਂ ਪਈਆਂ ਸਨ। ਪਰ ਇਹ ਬਰਫ਼ ਬੜੇ ਦਿਨਾਂ ਬਾਅਦ ਉਦੋਂ ਪਿਘਲੀ ਜਦ ਅਰਮਾਨ ਦਾ ਡਰਾਈਵਿੰਗ ਲਾਇਸੈਂਸ ਬਣਿਆ। ਸਭ ਤੋਂ ਵੱਧ ਚਾਅ ਮੰਮੀ ਨੇ ਕੀਤਾ,

"... ਮੇਰਾ ਪੁੱਤ ਕਰਾਊ ਹੁਣ ਸਾਨੂੰ ਸਭ ਨੂੰ ਸੈਰਾਂ!"

ਸਾਲ'ਚ ਪਹਿਲੀ ਵਾਰ ਬੇਸਮੈਂਟ ਵਿਚ ਕੜਾਹੀ ਚੜ੍ਹੀ। ਨਜਵੋਤ ਨੇ ਪਕੌੜੇ ਕੱਢੇ ਤੇ ਅਰਮਾਨ ਦੀ ਪਸੰਦ ਵਾਲਾ ਬਦਾਮ ਮੇਵਿਆਂ ਵਾਲਾ ਕੜਾਹ ਬਣਾਇਆ। ਸਾਰੀ ਬੇਸਮੈਂਟ ਮਿੱਠੀ-ਮਿੱਠੀ ਵਾਸ਼ਨਾ ਨਾਲ ਭਰ ਗਈ। ਅਰਮਾਨ ਨੇ ਡੂੰਘਾ ਸਾਹ ਅੰਦਰ ਖਿੱਚਿਆ। ਉਹ ਸਾਰੀ ਵਾਸ਼ਨਾ ਅੰਦਰ ਖਿੱਚ ਲੈਣਾ ਚਾਹੁੰਦਾ ਸੀ। ਪਰ ਅਚਾਨਕ ਆਟੋ ਐਗਜਾਸਟ ਚੱਲ ਪਿਆ। ਉਸ ਨੇ ਅੰਦਰਲੀ ਹਵਾ ਬਾਹਰ ਧੱਕਣੀ ਸ਼ੁਰੂ ਕਰ ਦਿੱਤੀ। ਅਰਮਾਨ ਮੁਸਕਰਾਇਆ, "ਚੰਗਾ ਮੁਲਕ ਐ! ਵਾਸ਼ਨਾ ਨੂੰ ਸਮੋਕ ਸਮਝੀ ਜਾਂਦੈ!"

ਗੂਹੜੀ ਨੀਂਦ 'ਚ ਸੁੱਤਿਆਂ ਦਾ ਫੂਨ ਖੜਕਿਆ। ਪੂਰੀਆਂ ਤਿੰਨ ਕਾਲਾਂ ਬਾਅਦ ਅਰਮਾਨ ਦੀ ਅੱਖ ਖੁੱਲ੍ਹੀ।

"...ਐਨੀ ਰਾਤੇ!...ਸੁੱਖ ਹੋਵੇ ਸਹੀਂ!" ਫੂਨ ਚੁੱਕਣ ਤੋਂ ਪਹਿਲਾਂ ਅਰਮਾਨ ਦੇ ਮਸਤਕ ਵਿਚ ਵਿਚਾਰ ਜਾਗਿਆ। ਦੂਜੇ ਬੰਨਿਓਂ ਡੈਡੀ ਹੋਰਾਂ ਦੀ ਆਵਾਜ਼ ਉੱਭਰੀ, "...ਪੁੱਤ ਤੇਰੀ ਮੰਮੀ...!" ਗੱਲ ਪੂਰੀ ਕਰਨ ਤੋਂ ਪਹਿਲਾਂ ਹੀ ਗਲ਼ਾ ਭਰ ਆਇਆ।

"ਕੀ ਹੋਇਆ ਮੰਮੀ ਨੂੰ? ਦੱਸੋ ਤਾਂ ਸਹੀ।" ਅਰਮਾਨ ਦੇ ਦਿਲ ਦੀ ਧੜਕਣ ਵਧ ਗਈ।

"ਕੱਲ ਸਾਡਾ ਐਕਸੀਡੈਂਟ ਹੋ ਗਿਆ...ਬੇਹੋਸ਼ੀ 'ਚ ਚਲੀ ਗਈ ਏ ਤੇਰੀ ਮੰਮੀ...ਬੜਾ ਬੁਲਾਇਆ, ਬੋਲਦੀ ਈ ਨਹੀਂ।" ਗੱਲ ਦੱਸਦਿਆਂ ਡੈਡੀ ਫੇਰ ਫਿੱਸ ਪਏ।

"ਬੋਲਦੀ ਨਹੀਂ!...ਮੇਰੀ ਗੱਲ ਕਰਾਓ...ਵੇਖਿਓ ਬੋਲਦੀ ਆਪਣੇ ਪੁੱਤ ਨਾਲ...ਤੁਸੀਂ ਪਤਾ ਨ੍ਹੀਂ ਉਥੇ ਕੀ ਕਰੇ ਜਾਂਦੇ ਓ ਸਾਰੇ?" ਧੀਰਜ ਧਰਾਉਂਦਿਆਂ ਵੀ ਅਰਮਾਨ ਦੀ ਆਵਾਜ਼ ਵਿਚ ਬਦੋਬਦੀ ਖਿਝ ਭਰ ਗਈ।

"ਸਟਰੈਚਰ 'ਤੇ ਪਈ ਨੇ ਮਾੜੀ ਜਿਹੀ ਇਕ ਵਾਰ ਅੱਖ ਪੱਟੀ...ਬੁੱਲ੍ਹਾਂ 'ਤੇ ਤੇਰਾ ਨਾਮ ਸੀ ਪੁੱਤ!"

"ਮੇਰੀ ਗੱਲ ਕਰਾਓ ਮੰਮੀ ਨਾ' ਜਲਦੀ!"

ਡੈਡੀ ਨੇ ਮੋਬਾਇਲ ਗੁਰਮੀਤ ਦੇ ਕੰਨ ਕੋਲ਼ ਕਰ ਦਿੱਤਾ। ਅਰਮਾਨ ਕਿੰਨਾ ਚਿਰ, "ਹੈਲੋ ਮੰਮੀ! ਅਰਮਾਨ ਬੋਲ ਰਿਹਾਂ...ਤੇਰਾ ਮਾਨ ਪੁੱਤ ਬੋਲ ਰਿਹਾ ਮੰਮੀ...ਮੰਮੀ ਬੋਲ ਨਾ...!" ਦੁਹਰਾਉਂਦਾ ਰਿਹਾ। ਦੂਜੇ ਬੰਨਿਓਂ ਕੋਈ ਨਾ ਬੋਲਿਆ। ਅਰਮਾਨ ਨੂੰ ਉੱਚੀ-ਉੱਚੀ ਫੂਨ 'ਤੇ ਬੋਲਦਿਆਂ ਸੁਣ ਕੇ ਨਵਜੋਤ ਦੀ ਅੱਖ ਖੁੱਲ੍ਹ ਗਈ। ਆਵਾਜ਼ ਏਨੀ ਉੱਚੀ ਸੀ ਕਿ ਪਰੀ ਵੀ ਉੱਠ ਕੇ ਬੈਠ ਗਈ। ਉਹ ਡੌਰ ਭੌਰਿਆਂ ਜਿਹੀ ਦੋਹਾਂ ਵੱਲ ਵੇਖਣ ਲੱਗੀ। ਡੈਡੀ ਨੂੰ ਉਸ ਨੇ ਪਹਿਲੀ ਵਾਰ ਰੋਂਦਿਆਂ ਵੇਖਿਆ ਸੀ –

"ਵੱਟਸ ਹੈਪਨ...!"

"ਤੇਰੇ ਦਾਦੀ...!" ਨਵਜੋਤ ਨੇ ਦੱਸਣ ਦਾ ਯਤਨ ਕੀਤਾ ਪਰ ਪਰੀ ਨੇ ਗੱਲ ਵੀ ਪੂਰੀ ਨਾ ਕਰਨ ਦਿੱਤੀ, "ਦਾਦੀ ਡਾਈ ਕਰਗੇ ...!"

ਦੋਹਾਂ ਨੇ ਪਰੀ ਵੱਲ ਖਾਲੀ-ਖਾਲੀ ਅੱਖਾਂ ਨਾਲ ਝਾਕਿਆ। ਨਵਜੋਤ ਨੇ ਪਰੀ ਨੂੰ ਕਲਾਵੇ ਵਿਚ ਲੈ ਲਿਆ। ਕਿੰਨੀ ਦੇਰ ਉਸ ਨੂੰ ਸਮਝਾਉਂਦੀ ਰਹੀ। ਹੀਟ ਚੱਲਣ ਦੇ ਬਾਵਜੂਦ ਬਾਹਰ ਦੀ ਬਰਫਬਾਰੀ ਦੀ ਠੰਢ ਬੇਸਮੈਂਟ ਦੇ ਅੰਦਰ ਪਤਾ ਨਹੀਂ ਕਿੱਥੋਂ ਦੀ ਲੰਘ ਆਈ ਸੀ। ਬੈੱਡ 'ਤੇ ਅਰਮਾਨ ਬਾਕੀ ਦੀ ਰਾਤ ਪਾਸੇ ਜਿਹੇ ਮਾਰਦਾ ਰਿਹਾ। ਠੰਢ ਵਿਚ ਠਰਦਾ ਰਿਹਾ। ਸਵੇਰੇ ਉੱਠਦਿਆਂ ਹੀ ਨਿਰਨੇ ਕਾਲਜੇ ਐਟੀਨੋਲ ਦੀਆਂ ਦੋ ਗੋਲੀਆਂ ਖਾਧੀਆਂ। ਫਿਰ ਵੀ ਮਨ ਨੂੰ ਅੱਚਵੀ ਜਿਹੀ ਲੱਗੀ ਰਹੀ। ਗੋਲੀਆਂ ਨੇ ਜਿਵੇਂ ਕੁਝ ਕੀਤਾ ਹੀ ਨਾ ਹੋਵੇ। ਕੰਮ 'ਤੇ ਸਿੱਕ ਕਾਲ ਕਰ ਦਿੱਤੀ। ਜੀਅ ਕਰੇ ਭੱਜ ਕੇ ਮੰਮੀ ਕੋਲ਼ ਜਾ ਪਹੁੰਚੇ। ਉਸ ਨਾਲ ਗੱਲਾਂ ਕਰੇ। ਮੰਮੀ ਨੂੰ ਉਸ ਨਾਲ ਬੋਲਣਾ ਹੀ ਪੈਣਾ ਸੀ। ਇਵੇਂ ਕਿਵੇਂ ਕਰ ਸਕਦੀ ਸੀ ਉਸ ਨਾਲ ਮੰਮੀ? ਸ਼ਾਮੀਂ ਨਵਜੋਤ ਕੰਮ ਤੋਂ ਪਰਤੀ ਤਾਂ ਅਰਮਾਨ ਨੇ ਦੁੱਖੜਾ ਰੋਇਆ, "ਦਿਲ ਬਹੁਤ ਉਦਾਸ ਐ!"

"ਮੈਂ ਵੀ ਬ੍ਰੇਕ 'ਚ ਕੀਤੀ ਸੀ ਗੱਲ। ਡੈਡੀ ਕਹਿੰਦੇ, "ਤੁਸੀਂ ਇੱਥੇ ਆ ਕੇ ਕੀ ਵੱਖਰਾ ਕਰ ਲੈਣਾ? ਨੌਕਰੀਆਂ ਤਾਂ ਜਾਂਦੀਆਂ ਲੱਗੀਆਂ! ਆ ਕੇ ਭੁੱਖੇ ਮਰਨਾ ਤਾਂ ਆ ਜਾਓ!"

ਗੱਲ ਦੱਸਦਿਆਂ ਨਵਜੋਤ ਦਾ ਗਲ਼ਾ ਭਰ ਆਇਆ। ਅਰਮਾਨ ਚੁੱਪ-ਚਾਪ ਸੁਣਦਾ ਰਿਹਾ। ਪਹਿਲਾਂ ਤੋਂ ਵੀ ਵੱਧ ਉਦਾਸ ਹੋ ਗਿਆ। ਇਕ ਛਿਲਤਰ ਜਿਹੀ ਜਿਵੇਂ ਦਿਲ ਅੰਦਰ ਖੁਭ ਗਈ ਹੋਵੇ। ਹਰ ਵੇਲ਼ੇ ਅੰਦਰ ਰੜਕਦੀ ਰਹਿੰਦੀ। ਨਾ ਇਹ ਬਾਹਰ ਨਿੱਕਲਦੀ ਨਾ ਪਿੱਛਾ ਛੱਡਦੀ। ਪੂਰੇ ਚਹੱਤਰ ਦਿਨ ਇਹ ਛਿਲਤਰ ਇਵੇਂ ਹੀ ਚੁਭਦੀ ਰਹੀ। ਪਝੱਤਰਵੇਂ ਦਿਨ ਕੋਮਲ ਦਾ ਫੂਨ ਆਇਆ। ਫੂਨ ਸੁਣਦੇ ਸਾਰ ਅਰਮਾਨ ਪੱਥਰ ਜਿਹਾ ਹੋ ਗਿਆ। ਇਵੇਂ ਜਿਵੇਂ ਇਸ ਫੂਨ ਦੀ ਉਹ

ਉਡੀਕ ਹੀ ਕਰ ਰਿਹਾ ਹੋਵੇ।

* * *

"ਤੇਰਾ ਮਾਨ...ਤੇਰਾ ਚਮਚਾ ਮੰਮੀ ...ਤੈਨੂੰ ਲੋੜ ਪੈਣ 'ਤੇ ਤੇਰੇ ਕਿਸੇ ਕੰਮ ਨੀ ਆਇਆ!" ਮੰਮੀ ਦੀ ਫੋਟੋ ਵੱਲ ਵੇਖਦਿਆਂ ਬੈੱਡ 'ਤੇ ਬੈਠੇ ਅਰਮਾਨ ਦੇ ਅੱਥਰੂਆਂ ਦੀ ਧਾਰਾ ਵਗ ਤੁਰੀ। ਮੰਮੀ ਦਾ ਹੱਸੂੰ-ਹੱਸੂੰ ਕਰਦਾ ਚਿਹਰਾ ਅਰਮਾਨ ਅੰਦਰਲੀ ਉਦਾਸੀ ਨੂੰ ਹੋਰ ਵੀ ਗੂਹੜਾ ਕਰ ਗਿਆ।

"ਅੰਦਰ ਵੜ ਕੇ ਰੋਈ ਜਾਣਾ ਹੁਣ! ਤਕੜੇ ਹੋਵੋ! ਅੱਗੇ ਦਾ ਸੋਚੀਏ!" ਅੰਦਰ ਆਈ ਨਵਜੋਤ ਦਾ ਅਰਮਾਨ ਨੂੰ ਪਤਾ ਹੀ ਨਹੀਂ ਸੀ ਲੱਗਿਆ। ਬਾਹਰ ਅਖੰਡ ਪਾਠ ਦੀ ਸਲਾਹ ਕਰਨ ਲਈ ਗੁਰਦੁਆਰੇ ਦਾ ਭਾਈ ਆਇਆ ਹੋਇਆ ਸੀ। ਅਰਮਾਨ ਭਾਈ ਕੋਲ ਆ ਗਿਆ। ਭਾਈ ਨੇ ਬੀੜ ਪ੍ਰਕਾਸ਼ ਕਰਨ ਵਾਲੇ ਕਮਰੇ ਦਾ ਹਿਸਾਬ-ਕਿਤਾਬ ਵੇਖਿਆ ਤੇ ਵਾਪਸ ਮੁੜ ਗਿਆ। ਸ਼ਰੀਕੇ ਭਾਈਚਾਰੇ ਦੇ ਮੁੰਡੇ ਭਾਈ ਦੇ ਮਗਰੇ ਮਗਰ ਬੀੜ ਲੈਣ ਗੁਰਦੁਆਰੇ ਜਾ ਪਹੁੰਚੇ। ਬੀੜ ਵਾਲਾ ਪੀੜ੍ਹਾ ਸਾਹਿਬ ਸਿਰ 'ਤੇ ਟਿਕਾ ਅਰਮਾਨ ਘਰ ਵੱਲ ਤੁਰ ਪਿਆ। ਧੀਮੇ ਬੋਲਾਂ ਨਾਲ ਸਤਿਨਾਮ ਵਾਹਿਗੁਰੂ ਦਾ ਜਾਪ ਕਰਦੇ ਉਹ ਘਰ ਵੱਲ ਤੁਰੇ ਆ ਰਹੇ ਸਨ। ਪਰ ਅਰਮਾਨ ਦਾ ਮਨ ਇਨ੍ਹਾਂ ਬੋਲਾਂ ਨਾਲ ਕਦਮ ਨਹੀਂ ਸੀ ਮਿਲਾ ਪਾ ਰਿਹਾ। ਉਹ ਡੈਡੀ ਦੀਆਂ ਯਾਦਾਂ ਵੱਲ ਭਟਕ ਰਿਹਾ ਸੀ। ਵਾਪਸ ਪਰਤਣ ਲਈ ਤਰ੍ਹਾਂ-ਤਰ੍ਹਾਂ ਦੇ ਬਹਾਨੇ ਬਣਾਉਂਦੇ ਡੈਡੀ ਵੱਲ। ਇਕ ਵਾਰ ਕੁਝ ਬਿਮਾਰ ਹੋਇਆ ਤਾਂ ਅਰਮਾਨ ਨੂੰ ਸੁਣਾ-ਸੁਣਾ ਕਹੀ ਜਾਵੇ, "ਉਥੇ ਈ ਫੂਕ ਨਿੱਕਲੇ ਤਾਂ ਚੰਗਾ! ਐਮੇਂ ਤੇਰੀ ਮੰਮੀ ਭਾਲ਼ਦੀ ਫਿਰੂ! ਵਿਚਾਰੀ ਦੀ ਗਤੀ ਨ੍ਹੀਂ ਹੋਣੀ ਮੈਥੋਂ ਬਗ਼ੈਰ!" ਫਿਰ ਆਪੇ ਹੀ ਉਦਾਸ ਜਿਹੇ ਬੈਠੇ ਅਰਮਾਨ ਨੂੰ ਹਸਾਉਣ ਲੱਗ ਪਿਆ, "ਪੁੜੀ ਕੁ ਸੁਆਹ ਬੌਕਸ'ਚ ਬੰਦ ਕਰਕੇ ਹੱਥ'ਚ ਫੜਾ ਦਿੰਦੇ ਨੇ! ਸਾਲਾ, ਏਥੇ ਤਾਂ ਮਰਨ ਦਾ ਵੀ ਸੁਆਦ ਨ੍ਹੀਂ!"

"ਸਾਰੀ ਉਮਰ ਸੁਆਦਲੀ ਜ਼ਿੰਦਗੀ ਭੋਗਦਾ ਰਿਹਾ ਡੈਡੀ ਮਰਨ ਵਿਚੋਂ ਵੀ ਸਵਾਦ ਭਾਲ਼ਦੈ!" ਸੋਚ ਕੇ ਅਰਮਾਨ ਦੇ ਬੁੱਲਾਂ 'ਤੇ ਹਲਕੀ ਮੁਸਕਾਨ ਆ ਗਈ। ਫਿਰ ਉਸ ਨੂੰ ਜਾਪਿਆ ਕਿ ਨਹੀਂ, ਸਾਰੀ ਉਮਰ ਉਹ ਕਿੱਥੇ ਸੁਆਦਲੀ ਜ਼ਿੰਦਗੀ ਭੋਗ ਸਕਿਆ ਸੀ। ਮੰਮੀ ਦੇ ਆਖਰੀ ਢਾਈ ਮਹੀਨਿਆਂ ਨੇ ਤਾਂ ਉਸਨੂੰ ਢਾਈ ਯੁੱਗਾਂ ਜਿੰਨਾ ਤੜਫਾ ਛੱਡਿਆ ਸੀ। ਉਹ ਹੱਸਣਾ ਹੀ ਭੁੱਲ ਗਿਆ ਸੀ। ਜਿਹੜੀ ਸ਼ਾਮ ਸ਼ੌਂਕ ਨਾਲ ਗੁਲਾਬੀ ਕਰਦਾ ਸੀ ਉਹੀ ਦੁੱਖ ਵਿਚ ਕਾਲੀ ਸ਼ਾਹ ਕਰਨ ਲੱਗ ਪਿਆ। ਆਸ-ਪਾਸ ਸਭ ਕੁਝ ਕਾਲ਼ਾ-ਕਾਲ਼ਾ ਹੀ ਤਾਂ ਸੀ। ਵੱਡੀ ਕੋਠੀ ਇਕੱਲਿਆਂ ਰਾਤ ਨੂੰ ਡਰਾਉਣੀ ਜਾਪਣ ਲੱਗ ਪੈਂਦੀ। ਅੱਧੀ ਰਾਤੇ ਅੱਖ ਖੁੱਲ੍ਹ ਜਾਂਦੀ। ਅੱਖ ਲਗਾਉਣ ਲਈ ਇਕ ਦੋ ਨੀਟ ਅੰਦਰ ਸੁੱਟ ਲੈਂਦਾ। ਨੀਂਦ ਫਿਰ ਵੀ ਮਨਮਰਜ਼ੀ ਨਾਲ ਨੇੜੇ ਆਉਂਦੀ। ਕੋਮਲ ਦੇ ਜ਼ੋਰ ਪਾਉਣ 'ਤੇ ਉਸ ਕੋਲ਼ ਰਿਹਾ ਤਾਂ ਤਿੰਨ ਕੁ ਦਿਨ ਔਖਿਆਂ ਸੌਖਿਆਂ ਕੱਟ ਕੇ ਜ਼ਿੱਦ ਕਰ ਵਾਪਸ ਆ ਗਿਆ। ਸੁਖ-ਸਾਂਦ ਪੁੱਛਣ ਆਏ ਵੱਡੇ ਭਰਾ ਨੇ ਪੁੱਛਿਆ ਤਾਂ ਬੋਲਿਆ, "ਉੱਥੇ ਧੀ ਦੇ ਘਰ ਪਿਆ ਚੰਗਾ ਲੱਗਨਾਂ? "

ਭਰਾ ਨੇ ਅੱਗਿਓ ਘੇਰਨ ਦਾ ਯਤਨ ਕੀਤਾ, "ਉੱਥੇ ਸ਼ਾਮੀਂ ਖੁੱਲ੍ਹ ਖੇਡਣ ਦੀ ਮੌਜ ਨ੍ਹੀਂ ਨਾ ਹੁੰਦੀ ਹੋਣੀ!"

"ਗੁਰਮੀਤ ਮਗਰੋਂ ਤਾਂ ਸਾਰੀਆਂ ਖੇਡਾਂ ਈ ਉਲਟ ਗਈਆਂ ਭਰਾਵਾ...!" ਡੈਡੀ ਨੇ ਹਉਕਾ ਜਿਹਾ ਲਿਆ ਤੇ ਕੰਧ ਵੱਲ ਵੇਖਣ ਲੱਗ ਪਿਆ। ਪੁੜਪੁੜੀ ਦੇ ਜ਼ਖ਼ਮ ਵਿਚ ਮੁੜ ਟੀਸ ਉੱਠੀ। ਚਾਰ ਦਿਨ ਬੀਤ ਜਾਣ 'ਤੇ ਵੀ ਟੀਸ ਅਜੇ ਖਤਮ ਨਹੀਂ ਸੀ ਹੋਈ। ਕੋਮਲ ਕੋਲ਼ ਵੀ ਇਸੇ ਪੰਗੇ ਕਾਰਣ ਜਾਣਾ ਪਿਆ ਸੀ। ਰਸੋਈ ਵਿਚ ਚਾਹ ਬਣਾਉਣ ਗਿਆ ਚੱਕਰ ਖਾ ਕੇ ਡਿੱਗ ਪਿਆ ਸੀ। ਝਾੜੂ ਪੋਚਾ ਕਰਨ ਵਾਲੀ ਕੁੜੀ ਘਰ ਵਿਚ ਨਾ ਹੁੰਦੀ ਤਾਂ ਪਤਾ ਨਹੀਂ ਉੱਥੇ ਕਿੰਨਾ ਚਿਰ ਇਵੇਂ ਹੀ ਡਿੱਗਿਆ ਪਿਆ ਰਹਿੰਦਾ। ਕੋਮਲ ਹੋਰੀਂ ਆਏ ਤੇ ਉਸ ਨੂੰ ਨਾਲ ਲੈ ਗਏ ਸਨ। ਟੈੱਸਟ ਕਰਾਏ ਤਾਂ ਡਾਕਟਰ ਨੇ ਜਿਗਰ ਦੀ ਸੋਜ਼ਿਸ਼ ਦੱਸੀ। ਡਾਕਟਰ ਵਾਕਿਫ ਸੀ ਇਸ ਲਈ ਖੁੱਲ੍ਹ ਕੇ ਦੱਸ ਗਿਆ –

"ਤੁਹਾਡਾ ਕੋਟਾ ਖਤਮ ਹੋਣ ਦੀ ਅਲਾਰਮਿੰਗ ਬੈੱਲ ਵੱਜੀ ਐ! ਅੱਗੇ ਤੋਂ ਸ਼ਾਮੀਂ ਨਿੰਬੂ ਪਾਣੀ

ਪੀ ਕੇ ਵਾਹਿਗੁਰੂ ਦਾ ਜਾਪ ਕਰਿਆ ਕਰੋ।" ਡਾਕਟਰ ਦੀ ਗੱਲ ਸੁਣ ਡੈਡੀ ਹੱਸ ਪਿਆ। ਪਰ ਕੋਮਲ ਪਹਿਲਾਂ ਤੋਂ ਵੀ ਵੱਧ ਸੀਰੀਅਸ ਹੋ ਗਈ। ਭਰੀ-ਪੀਤੀ ਨੇ ਸ਼ਾਮੀਂ ਅਰਮਾਨ ਨੂੰ ਫ਼ੂਨ ਕੀਤਾ – "ਹੁਣ ਡੈਡੀ ਦਾ ਵੀ ਮਰੇ ਦਾ ਮੂੰਹ ਵੇਖਣਾ ਏ! ਕੁਝ ਕਰੇਂਗਾ ਕਿ ਨਹੀਂ?"

"ਮੈਂ ਤਾਂ ਆ ਨਹੀਂ ਸਕਦਾ। ਡੈਡੀ ਨੂੰ ਜ਼ੋਰ ਪਾਓ, ਏਥੇ ਆ ਜਾਣ। ਮੇਰੀ ਤਾਂ ਸੁਣਦੇ ਨ੍ਹੀਂ।"

ਪਰ ਡੈਡੀ ਨੇ ਕੋਮਲ ਦੀ ਵੀ ਕਾਹਨੂੰ ਸੁਣੀ ਸੀ। ਨਹੀਂ ਸੀ ਮੰਨਿਆ ਜਾਣ ਨੂੰ। ਜੇ ਕੋਮਲ ਜ਼ਿਆਦਾ ਜ਼ੋਰ ਪਾਉਂਦੀ ਤਾਂ ਇਕੋ ਰਟਿਆ ਰਟਾਇਆ ਜਵਾਬ ਦਿੰਦਾ, "ਉਹ ਤਾਂ ਅਜੇ ਆਪ ਕੱਚੇ ਨੇ! ਪਤਾ ਨ੍ਹੀ ਆਪਣੀ ਗੱਡੀ ਕਿਵੇਂ ਰੇੜ੍ਹਦੇ ਹੋਣਗੇ! ਮੈਂ ਜਾ ਕੇ ਉਨ੍ਹਾਂ 'ਤੇ ਹੋਰ ਭਾਰ ਬਣਜਾਂ?"

ਨਹੀਂ ਸੀ ਮੰਨਿਆ ਡੈਡੀ। ਅਰਮਾਨ ਨੇ ਫ਼ੂਨ ਕਰਨਾ ਤਾਂ ਇਕੋ ਗੱਲ: "ਤੁਸੀਂ ਆਪਣਾ ਖਿਆਲ ਕਰੋ...ਆਪਣੀ ਤਾਂ ਕਾਟੋਂ ਫੁੱਲਾਂ 'ਤੇ ਖੇਡਦੀ ਪਈ ਐ!"

ਢਾਈ ਤਿੰਨ ਸਾਲ ਇਵੇਂ ਹੀ ਲੰਘ ਗਏ। ਡੈਡੀ ਆਪ ਫ਼ੂਨ ਕਰਨੋਂ ਬਿਲਕੁਲ ਹੀ ਹਟ ਗਿਆ। ਅਰਮਾਨ ਹੋਰੀਂ ਫ਼ੂਨ ਕਰਦੇ ਤਾਂ ਕਾਟੋ ਵਾਲੇ ਰਟੇ ਰਟਾਏ ਡਾਇਲਾਗ ਨਾਲ ਇਕ ਗੱਲ ਹੋਰ ਜੋੜਨ ਲੱਗ ਪਿਆ, "ਫੁੱਲ ਐਸ਼ਾਂ ਇੱਥੇ! ਵਿਚ ਵਾਰ ਤੇਰੀ ਮੰਮੀ ਵੀ ਆ ਜਾਂਦੀ ਆ ਮਿਲਣ!"

ਮੰਮੀ ਵਾਲੀ ਗੱਲ ਵਾਰ-ਵਾਰ ਸੁਣ ਕੇ ਅਰਮਾਨ ਹੋਰਾਂ ਨੂੰ ਚਿੰਤਾ ਹੋਣ ਲੱਗੀ। ਇਕ ਦੋ ਵਾਰ ਤਾਂ ਗੱਲ ਕਰਦਾ-ਕਰਦਾ ਰੋਣ ਲੱਗ ਪਿਆ। ਇਹੋ ਜਿਹਾ ਡੈਡੀ ਤਾਂ ਅਰਮਾਨ ਦੀ ਸੋਚ ਤੋਂ ਬਾਹਰ ਦੀ ਗੱਲ ਸੀ। ਡੈਡੀ ਨੂੰ ਕੋਲ਼ ਬੁਲਾਉਣ ਦੀ ਜੁਗਤ ਉਸ ਕੱਢ ਲਈ। ਪੰਜਾਬ ਗੇੜਾ ਮਾਰਨ ਜਾ ਰਹੇ ਆਪਣੇ ਸਾਂਢੂ ਨੂੰ ਹਰ ਹਾਲਤ ਵਿਚ ਡੈਡੀ ਨੂੰ ਆਪਣੇ ਨਾਲ ਲੈ ਕੇ ਆਉਣ ਲਈ ਕਹਿ ਦਿੱਤਾ। ਆਖਿਰ, ਡੈਡੀ ਆ ਗਿਆ। ਪਰ ਉਹ ਪਹਿਲੇ ਵਾਲਾ ਡੈਡੀ ਨਹੀਂ ਸੀ ਰਿਹਾ। ਰੰਗ ਜਮਾਂ ਕਾਲ਼ਾ ਹੋਇਆ ਹੋਇਆ। ਲੰਮ ਸਲੰਮੀ ਦੇਹ ਤੇ ਮੋਢੇ ਅੱਗੇ ਨੂੰ ਝਿਓਂ ਗਏ ਸਨ। ਵੇਖ ਕੇ ਅਰਮਾਨ ਦੀ ਆਹ ਨਿੱਕਲੀ, "ਕਿਸੇ ਅੱਗੇ ਨਾ ਲਿਫ਼ਣ ਵਾਲੇ ਡੈਡੀ ਦੇ ਪੱਕਾ ਹੀ ਕੁੱਬ ਪੈ ਗਿਆ!"

ਪਰ ਡੈਡੀ ਦੇ ਆਉਣ ਨਾਲ ਘਰ ਵਿਚ ਰੁੱਸੀ ਬਹਾਰ ਮੁੜ ਪਰਤ ਆਈ। ਇਤਫਾਕਨ ਬਾਹਰ ਫੁੱਲਾਂ ਦੇ ਖਿੜਨ ਦਾ ਮੌਸਮ ਵੀ ਆਇਆ ਪਿਆ ਸੀ। ਠੰਢ ਦੇ ਝੰਭਿਆਂ ਨੂੰ ਗਰਮੀਆਂ ਦੀ ਰੁੱਤ ਨੇ ਮਿੱਠੀ-ਮਿੱਠੀ ਟਕੋਰ ਕਰਨੀ ਸ਼ੁਰੂ ਕੀਤੀ ਹੋਈ ਸੀ। ਇਹ ਸ਼ਾਇਦ ਪਰਿਵਾਰ ਮਿਲਣ ਦੀ ਹੀ ਕੋਈ ਖੁਸ਼ੀ ਸੀ ਕਿ ਡੈਡੀ 'ਤੇ ਵੀ ਪਾਣੀ ਫਿਰਨਾ ਸ਼ੁਰੂ ਹੋ ਗਿਆ। ਕੈਨੇਡਾ ਆ ਕੇ ਬਦਲ ਗਿਆ ਸੀ ਉਹ। ਹੁਣ ਤਕ ਜਿਹੜੀ ਸ਼ਾਮ 'ਮੂੰਹ ਕਰਾਰਾ' ਕਰਨ ਦੇ ਲੇਖੇ ਲੱਗਦੀ ਰਹੀ ਸੀ, ਉਹੀ ਹੁਣ ਗੁਰੂ-ਘਰ ਜਾਣ ਦੇ ਲੇਖੇ ਲੱਗਣ ਲੱਗ ਪਈ। ਗੁਰੂ ਘਰ ਬੈਠਾ ਪਤਾ ਨਹੀਂ ਕੀ-ਕੀ ਅਰਜੋਈਆਂ ਕਰਦਾ ਰਹਿੰਦਾ। ਅਰਦਾਸਾਂ ਅਰਜੋਈਆਂ ਨੂੰ ਬੂਰ ਪੈ ਗਿਆ। ਅਰਮਾਨ ਹੋਰਾਂ ਦੇ ਕਾਗਜ਼ ਨਿੱਕਲ ਆਏ। ਅਰਮਾਨ ਨੇ ਡੈਡੀ ਨੂੰ 'ਲੱਕੀ ਚਾਰਮ' ਸਮਝਦਿਆਂ ਕਾਗਜ਼ ਉਸ ਕੋਲ਼ੋਂ ਹੀ ਭਰਾਏ। ਅਗਲੇ ਮਹੀਨੇ ਪੱਕੇ ਹੋਣ ਦਾ ਕੇਸ ਮਨਜ਼ੂਰ ਹੋ ਕੇ ਆ ਗਿਆ। ਜੁਲਾਈ ਵਿਚ ਹੀ ਕ੍ਰਿਸਮਿਸ ਬਣ ਗਈ। ਪਹਿਲੀ ਵਾਰ ਬੇਸਮੈਂਟ ਵਿਚ ਗਲਾਸ ਖੜਕੇ। ਡੈਡੀ ਨੇ ਵੀ ਚਾਅ-ਚਾਅ ਵਿਚ ਦੋ ਕੁ ਲੰਡੂ ਜਿਹੇ ਅੰਦਰ ਸੁੱਟ ਲਏ। ਸਿੱਧੂ ਮੂਸੇਵਾਲਾ ਬੇਸਮੈਂਟ ਅੰਦਰ ਗੂੰਜਣ ਲੱਗਾ। ਸਭ ਦੇ ਪੈਰ ਥਿਰਕਣ ਲੱਗੇ। ਪੱਕੇ ਹੋਣ ਦਾ ਚਾਅ ਬੋਲਟ ਕੀਤੇ ਦਰਵਾਜ਼ਿਆਂ ਨੂੰ ਉਲੰਘ ਟਿਕੀ ਹੋਈ ਰਾਤ ਵਿਚ ਸਾਰੀ ਪ੍ਰੋਪਰਟੀ ਉੱਪਰ ਫੈਲ ਗਿਆ।

ਰਾਤੀਂ ਸੁੱਤਿਆਂ ਡੈਡੀ ਦੇ ਸੀਨੇ 'ਚ ਅਚਾਨਕ ਪੀੜ ਉੱਠੀ। ਇਵੇਂ ਜਿਵੇਂ ਕੋਈ ਆਦਰਾਂ 'ਚ ਦਾਤਰੀ ਫੇਰ ਰਿਹਾ ਹੋਵੇ। ਫ਼ਲੈਸ਼ਰ ਨਾਲ ਸਾਇਰਨ ਵਜਾਉਂਦੀ ਐਂਬੂਲੈਂਸ ਆਈ ਤੇ ਡੈਡੀ ਨੂੰ ਲੈ ਕੇ ਔਹ ਗਈ ਔਹ ਗਈ। ਅਰਮਾਨ ਹੋਰਾਂ ਦੇ ਹਸਪਤਾਲ ਪਹੁੰਚਣ ਤਕ ਕਹਾਣੀ ਉਲਟੀ ਹੋਈ ਪਈ ਸੀ। ਬੈੱਡ ਨਾਲ ਟੰਗਿਆ ਡੈੱਡ ਬੌਡੀ ਵਾਲਾ ਟੈਗ ਮੱਥੇ ਨੂੰ ਫਨੀਅਰ ਵਾਂਗ ਡੰਗ ਗਿਆ। ਫੁੱਟ ਫੁੱਟ ਰੋਂਦਿਆਂ ਅਰਮਾਨ ਮੂੰਹੋਂ ਬੋਲ ਕਿਰੇ, "ਓਏ ਰੱਬਾ! ਸਾਡੇ ਕੋਲ਼ੋਂ ਕਿਹੜਾ ਪਾਪ ਹੋ ਗਿਆ! ਖੁਸ਼ੀ ਮਗਰੋਂ ਦਿੰਨਾਂ, ਰੋਣੇ ਪਹਿਲੋਂ ਪੱਲੇ ਪਾ ਦਿੰਨਾਂ!"

* * *

ਪੀੜ੍ਹਾ ਸਾਹਿਬ ਦੇ ਭਾਰ ਨਾਲ ਮੱਥੇ 'ਤੇ ਢਿਲਕ ਆਏ ਪਰਨੇ ਦੇ ਲੜ ਨਾਲ ਅਰਮਾਨ ਨੇ ਅੱਖਾਂ ਪੂੰਝੀਆਂ। ਡੈਡੀ ਦੀਆਂ ਯਾਦਾਂ ਅੱਖਾਂ ਥਾਣੀਂ ਵਹਿ ਤੁਰੀਆਂ ਸਨ। ਬਾਬਾ ਜੀ ਦਾ ਪਾਠ ਧਰਾਉਂਦਿਆਂ ਵੀ ਇਨ੍ਹਾਂ ਯਾਦਾਂ ਦੀਆਂ ਲਹਿਰਾਂ ਉੱਠਦੀਆਂ ਰਹੀਆਂ। ਪਾਠ ਸੁਣਦਿਆਂ ਵੀ ਮਨ ਚੁੰਗੀਆਂ ਭਰਦਿਆਂ ਦੂਰ-ਦੂਰ ਭਾਉਂਦਾ ਰਿਹਾ। ਸੱਤੀਂ ਸਾਲੀਂ ਜਹਾਜ਼ੇ ਚੜ੍ਹਨ ਲੱਗਿਆਂ ਪੁਰਾਣੇ ਘਰ ਮੁੜਨ ਦਾ ਅੰਦਰੇ ਅੰਦਰ ਚਾਅ ਸੀ ਪਰ ਇੱਥੇ ਆ ਕੇ ਅਜੇ ਤਕ ਮਨ ਬਿਲਕੁਲ ਨਹੀਂ ਸੀ ਟਿਕਿਆ। ਘਰ ਦੇ ਸਾਰੇ ਕੋਨੇ ਤਾਂ ਉਦਾਸੀ ਨੇ ਮੱਲੇ ਹੋਏ ਸਨ। ਖਾਲੀ ਜਿਹੇ ਘਰ ਵੱਲ ਵੇਖਦਿਆਂ ਮਨ ਨੂੰ ਕਾਹਲ਼ ਪੈਣ ਲੱਗ ਪੈਂਦੀ। ਜਿਹੜੀਆਂ ਕੰਧਾਂ 'ਤੇ ਡੈਡੀ ਮੰਮੀ ਨੇ ਕਦੇ ਨਿਸ਼ਾਨ ਨਹੀਂ ਸੀ ਪੈਣ ਦਿੱਤਾ ਉਨ੍ਹਾਂ ਦੇ ਖਲੇਪੜ ਲੱਥੇ ਪਏ ਸਨ। ਖਲੇਪੜ ਲੱਥੀਆਂ ਥਾਵਾਂ ਜ਼ਖ਼ਮਾਂ ਵਾਂਗ ਜਾਪਦੀਆਂ। ਉੱਤੋਂ ਨਵਜੋਤ ਦੇ ਜ਼ਖ਼ਮੀ ਕਰਦੇ ਬੋਲ– "ਹੋਰ ਕੋਈ ਪਿੱਛੋਂ ਨਵਾਂ ਚੰਦ ਚੜ੍ਹਦਾ ਹੋਵੇ! ਛੇਤੀ-ਛੇਤੀ ਮੁੜੀਏ ਵਾਪਸ ਘਰ ਆਪਣੇ।"

ਨਵਜੋਤ ਦੇ ਬੋਲਾਂ ਨੇ ਨਵੀਆਂ ਸੋਚਾਂ ਵਿਚ ਉਲਝਾ ਦਿੱਤਾ। ਉਹ ਤਾਂ ਇਕ ਪਾਸੇ ਦੀ ਟਿਕਟ ਲੈ ਪੂਰੀ ਪਲੈਨਿੰਗ ਨਾਲ ਆਏ ਸਨ। ਜਿੰਨਾ ਮਰਜ਼ੀ ਰੁਕਣਾ ਪੈ ਜਾਵੇ, ਜ਼ਮੀਨ ਅਤੇ ਸ਼ਹਿਰ ਦੇ ਪਲਾਟ ਦਾ ਸੌਦਾ ਕਰ ਕੇ ਹੀ ਜਾਣਗੇ। ਨਵਜੋਤ ਨਵੇਂ-ਨਵੇਂ ਪਲੈਨ ਦੱਸਦੀ ਰਹਿੰਦੀ ਸੀ, "ਨੌਕਰੀਆਂ ਤੇ ਬਥੇਰੇ ਹੱਡ ਗਾਲ਼ ਕੇ ਵੇਖ ਲਏ, ਕੁਝ ਨ੍ਹੀਂ ਬਣਦਾ। ਆਪਣਾ ਫੂਡ ਸਟੋਰ ਸ਼ੁਰੂ ਕਰੀਏ।"

"ਡਾਊਨ ਪੇਮੈਂਟ ਕਿੱਥੋਂ ਲਿਆਉਣੀ ਐ?" ਅਰਮਾਨ ਨੇ ਪੁੱਛਿਆ।

"ਉੱਥੋਂ ਵਾਲੀ ਜਾਇਦਾਦ ਕਦੋਂ ਕੰਮ ਆਉਣੀ ਐ?" ਨਵਜੋਤ ਨੇ ਸੋਚ ਦੀ ਨਵੀਂ ਖਿੜਕੀ ਖੋਲ੍ਹ ਦਿੱਤੀ। ਉਹ ਤਾਂ ਹੋਰ ਵੀ ਪਲੈਨੰਗਾਂ ਦੱਸਦੀ "ਇੱਕ ਹੋਰ ਘਰ ਦਾ ਜੁਗਾੜ ਕਰ ਕੇ ਆਪਾਂ ਰੈਂਟ ਕਰ ਦੇਣਾ। ਸਟੂਡੈਂਟਾਂ ਦਾ ਹੜ੍ਹ ਆਇਆ ਪਿਆ। ਘਰ ਆਪਣੀ ਪੇਮੈਂਟ ਆਪੇ ਕੱਢੀ ਜਾਏਗਾ।"

ਬੇਸਮੈਂਟ ਵਿੱਚ ਗੁਜ਼ਾਰੀ ਜ਼ਿੰਦਗੀ ਦੇ ਸਾਲ ਨਵਜੋਤ ਨੂੰ ਬਹੁਤ ਚੁਭਦੇ ਰਹੇ ਸਨ। ਇਵੇਂ ਜਿਵੇਂ ਉਸ ਨਾਲ ਧੋਖਾ ਜਿਹਾ ਹੋ ਗਿਆ ਹੋਵੇ। ਉਸ ਦਾ ਵੱਸ ਚੱਲਦਾ ਤਾਂ ਉਹ ਮੰਤਰ ਮਾਰ ਕੇ ਉਸੇ ਪਲ਼ ਘਰ ਖੜ੍ਹਾ ਕਰ ਲੈਂਦੀ। ਇਹ ਗੱਲ ਉਸ ਨੂੰ ਰੋਗ ਵਾਂਗ ਚੁੰਬੜੀ ਹੋਈ ਸੀ। ਪਤਾ ਨਹੀਂ ਕਿਹੜੀ ਘੁੰਢੀ ਸੀ, ਉਹ ਕਿਸੇ ਨਾਲ ਵੀ ਗੱਲ ਕਰਦਿਆਂ 'ਸਾਡਾ ਘਰ' ਵਾਲੀ ਗੱਲ ਵਿਚ ਜ਼ਰੂਰ ਘੁਸੇੜ ਦਿੰਦੀ। ਹੋਰ ਤਾਂ ਹੋਰ ਇਕ ਦਿਨ ਬੇਸਮੈਂਟ ਮਾਲਕ ਨਾਲ ਗੱਲੀਂ ਪਈ ਬੇਸਮੈਂਟ ਨੂੰ ਸਾਡਾ ਘਰ, ਸਾਡਾ ਘਰ ਆਖੀ ਜਾਵੇ। ਗੱਲਾਂ ਸੁਣ ਅਰਮਾਨ ਅੰਦਰੇ ਅੰਦਰ ਹੱਸ ਪਿਆ – "ਕਮਲ਼ੀ! ਇਕ ਕਮਰੇ ਵਾਲੀ ਬੇਗਾਨੀ ਬੇਸਮੈਂਟ ਨੂੰ ਘਰ ਕਹੀ ਜਾਂਦੀ ਐ!"

ਫਿਰ ਉਸ ਨੂੰ ਖਿਆਲ ਆਇਆ ਕਿ ਇਵੇਂ ਤਾਂ ਡੈਡੀ ਵੀ ਹੱਸਿਆ ਸੀ। ਪਰ ਅੰਦਰੇ ਅੰਦਰ ਨਹੀਂ ਉਨ੍ਹਾਂ ਨੂੰ ਸੁਣਾ ਕੇ– "ਐਸ ਖੁੱਡ ਜਿਹੀ ਲਈ ਮਰੀ ਜਾਂਦੇ ਸੀ ਉੱਥੇ? ਮਹਿਲ ਮੁਨਾਰੇ ਛੱਡ ਕੇ ਗੁਫਾ'ਚ ਆਣ ਵੜੇ ਓ!" ਬੇਸਮੈਂਟ ਵਿਚ ਡੈਡੀ ਦਾ ਚਾਰ ਕੁ ਦਿਨਾਂ ਵਿਚ ਹੀ ਦਮ ਘੁੱਟਣ ਲੱਗ ਪਿਆ ਸੀ। ਨਵਜੋਤ ਨੂੰ ਡੈਡੀ ਦੀ ਗੱਲ ਬੁਰੀ ਤਾਂ ਲੱਗੀ ਪਰ ਸਭ ਕੁਝ ਅੰਦਰੇ ਅੰਦਰ ਘੁੱਟਦਿਆਂ ਉਹ ਬੋਲੀ, "ਫਿਕਰ ਨਾ ਕਰੋ ਡੈਡੀ ਜੀ! ਪੱਕੇ ਹੋਣ ਦੀ ਦੇਰ ਐ, ਆਪਾਂ ਆਪਣੇ ਵੱਡੇ ਘਰ'ਚ ਮੂਵ ਕਰ ਜਾਣਾ!"

ਪਰ ਡੈਡੀ ਤਾਂ ਘਰ 'ਚ ਮੂਵ ਕਰਨ ਤੋਂ ਪਹਿਲਾਂ ਹੀ ਜਹਾਨੋਂ ਮੂਵ ਕਰ ਗਿਆ ਸੀ। ਅਰਮਾਨ ਹੋਰਾਂ ਦਾ ਨਵਾਂ ਘਰ ਵੇਖਣਾ ਨਸੀਬ ਨਹੀਂ ਸੀ ਹੋਇਆ। ਅਰਮਾਨ ਨੂੰ ਇਹ ਗੱਲ ਹੋਰ ਵੀ ਦੁੱਖ ਦਿੰਦੀ, "ਕਾਸ਼! ਤੁਸੀਂ ਸਾਨੂੰ ਆਪਣੇ ਘਰ 'ਚ ਵੇਖ ਜਾਂਦੇ ਡੈਡੀ!" ਖੁੱਲ੍ਹੇ-ਡੁੱਲ੍ਹੇ ਘਰ ਵਿਚ ਫਿਰਦਿਆਂ ਉਸਦਾ ਹਉਕਾ ਨਿੱਕਲ ਗਿਆ। ਇਸ ਘਰ ਨੂੰ ਵੇਖਣ ਲਈ ਹੁਣ ਖਾਲੀ ਕਮਰੇ ਦੇ ਵਾਲ ਸਟੈਂਡ ਉੱਤੇ ਇਕ ਛੋਟਾ ਜਿਹਾ ਬੌਕਸ ਰਹਿ ਗਿਆ ਸੀ। ਉਹ ਬੌਕਸ ਜਿਸ ਵਿਚਲੇ ਲਿਫਾਫੇ ਵਿਚ ਡੈਡੀ ਦੀ ਰਾਖ਼ ਪਈ ਸੀ। ਇਸ ਰਾਖ਼ ਨੂੰ ਉਹ ਡੈਡੀ ਦੇ ਫੁੱਲ ਕਹਿਣ ਲੱਗਦਾ ਤਾਂ ਉਸਨੂੰ ਆਪਣਾ ਆਪ ਝੂਠਾ- ਝੂਠਾ ਜਾਪਦਾ। ਉਹ ਅਕਸਰ ਸੋਚਦਾ, 'ਇਸ ਮੁਲਕ 'ਚ ਆ ਕੇ ਉਹ ਕਿੰਨਾ ਝੂਠਾ

ਹੋ ਗਿਆ ਸੀ? ਝੂਠੋ ਝੂਠ ਹੀ ਪੱਕੇ ਹੋਣ ਦੇ ਕਾਗ਼ਜ਼ ਭਰੇ ਸਨ। ਅਖੇ, 'ਸਾਨੂੰ ਆਪਣੇ ਮੁਲਕ ਵਿਚ ਖਤਰਾ! ਵਾਪਸ ਮੋੜ ਦਿੱਤਾ ਤਾਂ ਉੱਥੋਂ ਦੀ ਸਰਕਾਰ ਨੇ ਸਾਨੂੰ ਮਾਰ ਛੱਡਣਾ'!" ਪਰ ਇਹ ਵੀ ਸੱਚ ਸੀ ਕਿ ਇਸੇ ਝੂਠ ਨੇ ਹੀ ਉਨ੍ਹਾਂ ਨੂੰ ਆਖਿਰ ਪੱਕਾ ਕਰਾਇਆ ਸੀ। ਆਪਣੇ ਆਪ ਨੂੰ ਤਸੱਲੀ ਦੇਣ ਲਈ ਉਸ ਤਰਕ ਘੜ ਲਿਆ, "ਖਤਰਨਾਕ ਹੈ ਸਾਡਾ ਦੇਸ਼...ਬੰਦੇ ਨੂੰ ਰੋਟੀ ਨਾ ਦੇ ਕੇ ਉਸ ਨੂੰ ਹੌਲ਼ੀ ਹੌਲ਼ੀ ਟੇਢੇ ਢੰਗ ਨਾਲ ਮਾਰਦਾ!"

ਪਰ ਇਹ ਘੜਿਆ ਤਰਕ ਉਸ ਨੂੰ ਆਪੇ ਹੀ ਕਈ ਵਾਰ ਪੇਤਲਾ ਜਿਹਾ ਜਾਪਣ ਲੱਗ ਪੈਂਦਾ – 'ਰੋਟੀ ਖੁਣੋਂ ਤਾਂ ਉਹ ਜਾਂ ਉਸਦਾ ਟੱਬਰ ਨਹੀਂ ਸੀ ਮਰਨ ਲੱਗਾ'। ਫਿਰ ਆਪਣੀ ਹੀ ਗੱਲ ਮਨ ਵਿਚ ਲਿਸ਼ਕ ਉੱਠਦੀ, "...ਸਿਰਫ਼ ਖਾਣ-ਪੀਣ ਲਈ ਥੋੜ੍ਹਾ ਜਿਊਣਾ ਹੁੰਦੈ...ਹੋਰ ਵੀ ਬੜਾ ਕੁਝ ਕਰਨਾ ਹੁੰਦੈ!" ਘਰ ਦੀ ਖੁੱਲ੍ਹੀ ਲੌਣ ਵਿਚ ਡਰਾਈਵ ਵੇਅ ਤੇ ਫੋਰਡ ਦੀ ਐੱਸ.ਯੂ.ਵੀ. ਖੜ੍ਹੀ ਵੇਖ ਉਸਨੂੰ ਕੁਝ ਤਸੱਲੀ ਜਿਹੀ ਮਿਲਦੀ। ਪਰ ਇਹ ਤਸੱਲੀ ਅਜੇ ਕੱਚੇ ਪੈਰੀਂ ਸੀ। ਇਸ ਨੂੰ ਪੱਕੇ ਪੈਰੀਂ ਕਰਨ ਲਈ ਦੋਨਾਂ ਨੂੰ ਦੱਬ ਕੇ ਸ਼ਿਫਟਾਂ ਲਾਉਣ ਦੀ ਜ਼ਰੂਰਤ ਸੀ। ਘੱਟੋ ਘੱਟ ਇਕ ਜਣੇ ਨੂੰ ਤਾਂ ਡਬਲ ਸ਼ਿਫਟ ਕਰਨ ਦੀ ਜ਼ਰੂਰਤ ਹੈ ਹੀ ਸੀ। ਨਵਜੋਤ ਦੀ ਦੂਜੀ ਸ਼ਿਫ਼ਟ ਘਰ ਨੂੰ ਥਾਂ ਸਿਰ ਰੱਖਣ ਲਈ ਲੱਗ ਜਾਂਦੀ। ਡੈਡੀ ਵਾਲਾ ਬੌਕਸ ਕਲੌਜ਼ਟ ਦੇ ਖੂੰਜੇ ਜਾ ਲੱਗਿਆ। ਕੋਮਲ ਨੇ ਇਕ ਦਿਨ ਜ਼ਿਕਰ ਛੇੜਿਆ ਤਾਂ ਅਰਮਾਨ ਨੇ ਸਫਾਈ ਦਿੱਤੀ, "ਅਸੀਂ ਨਵੇਂ-ਨਵੇਂ ਪੱਕੇ ਹੋਏ ਆਂ। ਹੁਣੇ ਜਾਈਏ ਤਾਂ ਅਗਲਿਆਂ ਨੂੰ ਸ਼ੱਕ ਪੈ ਸਕਦਾ। ਵਕੀਲ ਨੇ ਵੀ ਨਾ ਜਾਣ ਦੀ ਸਲਾਹ ਦਿੱਤੀ ਐ।"

"ਚੰਗਾ ਭਰਾਵਾ! ਜਿਵੇਂ ਤੁਹਾਡੀ ਮਰਜ਼ੀ!" ਕੋਮਲ ਮਨ ਮਸੋਸ ਕੇ ਰਹਿ ਗਈ।

* * *

ਦੋ ਸਾਲ ਫੁਰਰ ਕਰਕੇ ਉੱਡ ਗਏ। ਕਿਸੇ ਕੋਲ ਕਿਸੇ ਵੱਲ ਵੇਖਣ ਦੀ ਵਿਹਲ ਹੀ ਕਿੱਥੇ ਸੀ। ਪਰ ਪਰੀ ਇਕ ਦਿਨ ਮਾਲ ਵਿਚ ਮੰਮੀ ਨੂੰ ਦਿਸ ਪਈ; ਲੋਫ਼ਰ ਜਿਹੇ ਜਾਪਦੇ ਮੁੰਡੇ ਨੂੰ ਕਿੱਸ ਕਰਦੀ। ਬੜੀ ਮੁਸ਼ਕਿਲ ਨਾਲ ਉੱਥੇ ਇਗਨੋਰ ਕੀਤਾ। ਪਰ ਉਸ ਦੇ ਘਰ ਵੜਦਿਆਂ ਹੀ ਨਵਜੋਤ ਬਿੱਫ਼ਰ ਪਈ, "ਸਾਡੇ ਸਾਰੇ ਸੈਕਰੀਫਾਇਸ ਦਾ ਚੰਗਾ ਮੁੱਲ ਤਾਰਨ ਲੱਗੀ ਏਂ...ਹਰਾਮਣੇ ਕੁਝ ਸ਼ਰਮ ਕਰ! ਬੰਦਾ, ਕੁਬੰਦਾ ਤਾਂ ਵੇਖੀਦਾ ਹੁੰਦਾ! "

"ਮਾਈਂਡ ਯੂਅਰ ਲੈਂਗੁਏਜ ਮੌਮ!" ਪਰੀ ਅੱਗਿਉਂ ਟੁੱਟ ਕੇ ਪਈ। ਉਸ ਦਾ ਪਾਰਾ ਵੀ ਸੱਤਵੇਂ ਅਸਮਾਨ ਚੜ੍ਹ ਗਿਆ – "ਵ੍ਹੱਟ ਸੈਕਰੀਫਾਇਸ? ਤੁਸੀਂ ਲੋਕ ਇੰਡੀਆ ਦਾ ਗਾਰਬੇਜ਼ ਚੁੱਕੀ ਫਿਰਦੇ ਓ ਏਥੇ!... ਮਾਈ ਫੱਕ...ਆਲ ਬੁੱਲਸ਼ਿੱਟ! "

"ਹਰਾਮਜਾਦੀਏ! ਤੇਰੀ ਲੈਂਗੁਏਜ ਬਹੁਤ ਚੰਗੀ ਏ?" ਅਰਮਾਨ ਦਾ ਥਾੜ੍ਹ ਕਰਦਾ ਥੱਪੜ ਪਰੀ ਦਾ ਮੂੰਹ ਲਾਲ ਕਰ ਗਿਆ। ਉਹ ਰੋਂਦੀ ਹੋਈ ਭੱਜ ਕੇ ਆਪਣੇ ਕਮਰੇ ਵਿਚ ਗਈ ਤੇ ਬੂਹਾ ਲੌਕ ਕਰ ਲਿਆ। ਅਰਮਾਨ ਨੂੰ ਅਗਲੇ ਪਲ਼ ਹੀ ਗ਼ਲਤੀ ਦਾ ਅਹਿਸਾਸ ਹੋ ਗਿਆ। ਦੋਨੋਂ ਜਾਣੇ ਫੁਰਤੀ ਨਾਲ ਪੌੜੀਆਂ ਚੜ੍ਹ ਪਰੀ ਦੇ ਬੂਹੇ ਅੱਗੇ ਪਹੁੰਚੇ। ਬਾਹਰ ਖੜ੍ਹੇ ਮਿੰਨਤਾਂ ਕਰਦੇ ਰਹੇ। ਪਰੀ ਅੰਦਰ ਪਿੱਲੋ ਵਿਚ ਸਿਰ ਦੇਈ ਰੋਂਦੀ ਰਹੀ। ਬੂਹਾ, ਨਾ ਖੁੱਲ੍ਹਣਾਂ ਸੀ ਨਾ ਖੁੱਲ੍ਹਿਆ। ਦੋਨੋ ਸਾਰੀ ਰਾਤ ਬੂਹੇ ਬਾਹਰ ਕਾਰਪੈੱਟ 'ਤੇ ਬੈਠੇ ਇਕ ਦੂਜੇ ਵੱਲ ਵੇਖ-ਵੇਖ ਝੂਰਦੇ ਰਹੇ, ਊਂਘਦੇ ਰਹੇ।

ਸਵੇਰੇ ਆਪਣੇ ਆਪ ਬੂਹਾ ਖੁੱਲ੍ਹਿਆ। ਦੋਨਾਂ ਨੂੰ ਲੱਗਾ ਕਿ ਪਰੀ ਉਨ੍ਹਾਂ ਨੂੰ ਉੱਥੇ ਬੈਠੇ ਵੇਖ ਕੇ ਪਿਘਲ ਜਾਵੇਗੀ। ਮਾਫੀ ਮੰਗਦਿਆਂ ਘੁੱਟ ਕੇ ਜੱਫੀ ਵਿਚ ਲੈ ਲਵੇਗੀ। ਪਰ ਉਸਦੇ ਤਾਂ ਤੇਵਰ ਈ ਹੋਰ ਸਨ,"ਡੈਡ ਨੇ ਮੈਨੂੰ ਫਿਜ਼ੀਕਲੀ ਅਸਾਲਟ ਕੀਤਾ। ਯੂ ਨੋਅ ਵ੍ਹੱਟ ਆਈ ਕੈਨ ਡੂ? ਬੱਟ ਆਇ'ਮ ਯੂਅਰ ਗੁੱਡ ਡਾਟਰ...ਯੂ ਨੋਅ ਇਸ ਯੀਅਰ ਮੈਂ ਫੁੱਲ ਅਡੱਲਟ ਹੋ ਜਾਣਾ?"

ਡੌਰ ਭੌਰੇ ਜਿਹੇ ਹੋਏ ਦੋਨੋਂ ਇਕ ਦੂਜੇ ਨੂੰ ਤੱਕਦੇ ਰਹੇ। ਪਰੀ ਠੱਪ-ਠੱਪ ਕਰਦੀ ਕੋਲੋਂ ਦੀ ਲੰਘ ਗਈ। ਕਾਰ ਦੇ ਸਟਾਰਟ ਹੋਣ ਦੀ ਖਰੜ-ਖਰੜ ਸਿਰ ਵਿਚ ਹੌੜਿਆਂ ਵਾਂਗ ਵੱਜਣ ਲੱਗੀ। ਧੀ ਵੱਲੋਂ ਟੁਰਿਆ ਹਰੀਕੇਨ ਘਰ ਦੀ ਛੱਤ ਉਡਾਉਂਦਾ ਜਾਪਿਆ। ਘਰ ਸੰਭਾਲਣ ਦੀ ਚਿੰਤਾ ਵੱਢ-ਵੱਢ ਖਾਣ ਲੱਗੀ।

ਰੁੱਸ ਕੇ ਗਈ ਪਰੀ ਨੂੰ ਉਹ ਮਨਾ ਕੇ ਲੈ ਆਏ। ਪਰ ਉਹ ਸਿਰਫ਼ ਇਸ ਸ਼ਰਤ 'ਤੇ ਮੰਨੀ ਕਿ ਉਹ ਗੈਵਿਨ ਨਾਲ ਉਸ ਨੂੰ ਮਿਲਣ ਤੋਂ ਮਨ੍ਹਾ ਨਹੀਂ ਕਰਨਗੇ। ਗੈਵਿਨ ਉਸਨੂੰ ਪਿੱਕ ਕਰਨ ਆਉਂਦਾ ਤਾਂ ਦੋਨਾਂ ਨੂੰ ਚੇਹ ਚੜ੍ਹਦੀ। ਇਕ ਦਿਨ ਹਰਖੀ ਜਿਹੀ ਬੈਠੀ ਨਵਜੋਤ ਨੇ ਕਹਿ ਦਿੱਤਾ, "ਇਹਦੇ ਮਾਂ ਬਾਪ ਦਾ ਥਹੁ ਟਿਕਾਣਾ ਪਤਾ ਕਰਕੇ ਦੱਸ।"

ਪੰਜਾਬ ਦੇ ਹੁਸ਼ਿਆਰਪੁਰ ਦਾ ਪਤਾ ਦੱਸਿਆ ਤਾਂ ਦੋ ਦਿਨਾਂ ਵਿਚ ਅਰਮਾਨ ਨੇ ਟੱਬਰ ਦੀ ਸੂਹ ਕੱਢ ਲਈ। ਪਰੀ ਵੱਲ ਵੇਖਦਿਆਂ ਉਸ ਨੂੰ ਫਿਰ ਗ਼ੁੱਸਾ ਚੜ੍ਹ ਗਿਆ, "ਤੈਨੂੰ ਇਕੋ ਗੱਲ ਕਹੀ ਸੀ; ਤੂੰ ਉਹ ਵੀ ਨ੍ਹੀਂ ਮੰਨੀ।"

"ਬਾਪ ਦੀ ਪੱਗ ਰੋਲਣ ਲੱਗਿਆਂ, ਕੰਜਰੀਏ ਕੁਝ ਤਾਂ ਸੋਚ ਲੈਣਾ ਸੀ!" ਨਵਜੋਤ ਦਾ ਗ਼ੁੱਸਾ ਦੱਬਦਿਆਂ ਦੱਬਦਿਆਂ ਵੀ ਬੇਕਾਬੂ ਹੋ ਗਿਆ। ਪਰੀ ਵੀ ਭੜਕ ਉੱਠੀ, "ਪੱਗ!...ਮਾਈ ਫੁੱਟ ...!" ਵੁਡਨ ਫਲੋਰ 'ਤੇ ਜ਼ੋਰ ਨਾਲ ਬੂਟ ਦੀ ਅੱਡੀ ਮਾਰ ਕੇ ਤੁਰਦੀ ਬਣੀ। ਪਟੜੀ 'ਤੇ ਆਈ ਗੱਲ ਫੇਰ ਡੀਰੇਲ ਹੋ ਗਈ। ਨਵਜੋਤ ਬੁਰੀ ਤਰ੍ਹਾਂ ਥਿੜਕ ਗਈ। ਗੁਰੂ ਘਰ ਨਿੱਤ-ਨੇਮ ਨਾਲ ਜਾਣ ਲੱਗ ਪਈ। ਪਤਾ ਨਹੀਂ ਕੀ ਭਾਣਾ ਵਾਪਰਿਆ, ਗੈਵਿਨ ਮਹੀਨੇ ਕੁ ਬਾਅਦ ਪਰੀ ਨੂੰ ਪਿੱਕ ਕਰਨ ਆਉਣੋ ਆਪੇ ਹਟ ਗਿਆ। ਪਰੀ ਨੇ ਵੀ ਇਕ ਦਿਨ ਕਹਿ ਦਿੱਤਾ, "ਬਹੁਤ ਮੀਨ ਐ ਗੈਵਿਨ! ਆਈ ਕਾਂਟ ਬੀਅਰ ਹਿਜ਼ ਬੁੱਲਸ਼ਿੱਟ!"

ਨਵਜੋਤ ਨੇ ਬਦਲੀ ਬਦਲੀ ਪਰੀ ਵੱਲ ਨਵੀਂ ਆਸ ਨਾਲ ਵੇਖਿਆ। ਉਹ ਹੋਰ ਵੀ ਜ਼ਿਆਦਾ ਗੁਰੂ ਘਰ ਦੀ ਸ਼ਰਧਾਲੂ ਬਣ ਗਈ। ਉਸ ਨੇ ਅਰਮਾਨ ਨੂੰ ਵੀ ਸ਼ਰਾਬ ਛੱਡਣ ਅਤੇ ਪੱਕੇ ਤੌਰ 'ਤੇ ਕੇਸ ਰੱਖਣ ਲਈ ਮਨਾ ਲਿਆ। ਅੰਦਰੇ ਅੰਦਰ ਅੰਮ੍ਰਿਤ ਛਕ ਲੈਣ ਬਾਰੇ ਵੀ ਸੋਚਣ ਲੱਗ ਪਈ। ਪਰੀ ਨੂੰ ਗੈਵਿਨ ਤੋਂ ਦੂਰ ਹੋਇਆਂ ਛੇ ਮਹੀਨੇ ਹੋ ਗਏ ਸਨ। ਇਨ੍ਹਾਂ ਛੇ ਮਹੀਨਿਆਂ ਵਿਚ ਨਵੀਆਂ -ਨਵੀਆਂ ਸਕੀਮਾਂ ਡਾਰ ਬੰਨ੍ਹੀ ਦਿਮਾਗ਼ ਦੀਆਂ ਖਿੜਕੀਆਂ ਟੱਪ ਮੋਕਲੇ ਅੰਬਰ ਭਾਲਣ ਲੱਗੀਆਂ ਸਨ। ਕਲੋਜ਼ਿਟ ਵਿਚ ਬੰਦ ਡੈਡੀ ਦਾ ਬੌਕਸ ਇਨ੍ਹਾਂ ਸਕੀਮਾਂ ਦੀ ਧੁਰੀ ਬਣਨ ਲੱਗ ਪਿਆ।

ਡੈਡੀ ਦੇ ਛੋਟੇ ਜਿਹੇ ਬੌਕਸ ਨਾਲ ਵੱਡੇ ਸੁਪਨਿਆਂ ਦੇ ਅਟੈਚੀ ਭਰ ਉਹ ਪਿੰਡ ਵਾਲੇ ਘਰ ਪਰਤੇ ਸਨ। ਪਰ ਪਰੀ ਦੇ ਫੂਨ ਨੇ ਸਭ ਸੁਪਨਿਆਂ ਨੂੰ ਮੁੜ ਫਰੀਜ਼ ਕਰ ਦਿੱਤਾ। ਅਰਮਾਨ ਨੇ ਕੁਝ ਢਿੱਲ ਵਿਖਾਈ ਤਾਂ ਨਵਜੋਤ ਟੁੱਟ ਕੇ ਪਈ, "ਜਿਹਦੀ ਖਾਤਰ ਦੇਸ਼ ਛੱਡਿਆ, ਜੇ ਉਹੀ ਨਾ ਰਹੀ ਤਾਂ ਫਿਰ ਕਿਹਦੇ ਲਈ ਸਭ ਧੰਦ ਪਿੱਟਣੈ?"

"ਉੱਥੇ ਗਿਆਂ ਰਹਿਜੂ?" ਅਰਮਾਨ ਨੇ ਪੁੱਛਣ ਦੀ ਖਾਤਰ ਹੀ ਪੁੱਛਿਆ। ਅੰਦਰੋਂ ਉਹ ਵੀ ਵਾਪਸੀ ਦੀਆਂ ਤਿਆਰੀਆਂ ਬਾਰੇ ਘੋੜੇ ਦੁੜਾਉਣ ਲੱਗ ਪਿਆ ਸੀ।

"ਮੈਨੂੰ ਨ੍ਹੀ ਪਤਾ...ਬੱਸ ਵਾਪਸ ਚੱਲੀਏ!" ਦੰਦਾਂ ਨਾਲ ਨਹੁੰ ਟੁੱਕਦਿਆਂ ਨਵਜੋਤ ਨੇ ਦੋ ਟੁੱਕ ਫੈਸਲਾ ਸੁਣਾ ਦਿੱਤਾ।

ਡੈਡੀ ਦਾ ਭੋਗ ਪੈਂਦਿਆਂ ਵੀ ਧਿਆਨ ਪਰੀ ਵੱਲ ਹੀ ਲੱਗਾ ਰਿਹਾ। ਭੋਗ ਪਿੱਛੋਂ ਦੂਜੇ ਦਿਨ ਦੀ ਵਾਪਸੀ ਟਿਕਟ ਮਿਲ ਗਈ। ਬੱਝੇ ਬਝਾਏ ਬੈਗ, ਉਵੇਂ ਹੀ ਮੁੜ ਲੱਦ ਲਏ। ਡੁਸਕਦੀ ਕੋਮਲ ਨੇ ਗਿਲਾ ਕੀਤਾ, "ਅਜੇ ਤਾਂ ਢਿੱਡ ਵੀ ਹੌਲ਼ਾ ਨੀ ਸੀ ਹੋਇਆ ਵੀਰੇ!...ਐਨੀ ਜਲਦੀ!... ਆਪਣੇ ਘਰ ਵੀ ਤੁਸੀਂ ਬੇਗਾਨਿਆਂ ਵਾਂਗ ਈ ਆਏ।"

ਕੋਮਲ ਨੂੰ ਘੁੱਟ ਕੇ ਮਿਲਦਿਆਂ ਅਰਮਾਨ ਨੂੰ ਆਪਣੇ ਅੰਦਰੋਂ ਕੁਝ ਕਿਰਦਾ ਜਾਪਿਆ। ਘਰ ਵੱਲ ਤੈਰਦੀ ਜਿਹੀ ਨਜ਼ਰ ਸੁੱਟੀ। ਘਰ ਬੁਝਿਆ ਜਿਹਾ ਜਾਪਿਆ। ਨਜ਼ਰ ਘੁਮਾਈ ਤਾਂ ਸਾਹਮਣੇ ਕਨੇਡਾ ਵਾਲਾ ਘਰ ਆਵਾਜ਼ਾਂ ਮਾਰਦਾ ਜਾਪਿਆ। ਅੱਧੀ ਰਾਤੇ ਜਦੋਂ ਪਿੰਡ ਵਿਚ ਸਭ ਸੁੱਤੇ ਪਏ ਸਨ, ਉਹ ਜਹਾਜ਼ ਵਿਚ ਜਾਗਦੇ, ਕੈਨੇਡਾ ਵਾਲੇ ਘਰ ਵੱਲ ਉੱਡੇ ਜਾ ਰਹੇ ਸਨ। 000

***(ਫੋਨ: +91-98885-21960 Email: sukhpalthind38@gmail.com)***

# ਰਿਸ਼ਤੇ ਇੰਝ ਮਰਦੇ ਹਨ: ਕਹਾਣੀ: ਜੋਗੇ ਭੰਗਲ

ਫੇ ਆਪਣੇ ਨਿਆਣੇ ਵੀ ਬਾਰ੍ਹ ਚਲੇ ਗਏ। ਅਸੀਂ ਵੀ ਮੁੱਛ ਨੂੰ ਵੱਟ ਦੇ ਕੇ ਦਿਖਾ ਤਾ। ਸਾਡੀ ਆਪਣੀ ਤਾਂ ਅੱਧ-ਪਚੱਧ ਉਮਰ 'ਹਾਏ ਬਾਰ੍ਹ-ਹਾਏ ਬਾਰ੍ਹ' ਕਰਦਿਆਂ ਦੀ ਲੰਘ ਗਈ। ਮਨ 'ਚ ਇਹੀ ਰਿਹਾ ਪਈ ਉੱਥੇ ਪਤਾ ਨਈਂ ਹੂਰਪਰੀਆਂ ਸੱਤਰੰਗੀਆਂ ਪੀਂਘਾਂ 'ਚ ਬਿਠਾ ਕੇ ਝੂਟੇ ਦਿੰਦੀਆਂ। ਬੇਸ਼ਕ ਸਾਡੇ ਬੜੇ ਭਾਈ ਸਾਬ੍ਹ ਅਤੇ ਚਾਚਾ ਜੀ ਬਾਰ੍ਹ ਈ ਸਨ। ਉਹ ਕਿਹੜਾ ਕੁਛ ਪੱਲੇ ਪਾਂਦੇ। ਨਾਲ਼ੇ ਕੋਈ ਪੱਲੇ ਪਾਏ ਵੀ ਤਾਂ ਵਿਸ਼ਵਾਸ ਕਦੋਂ ਹੁੰਦਾ। ਜਦ ਤਕ ਬਾਰ੍ਹ ਦਾ ਲੱਡੂ ਬੰਦਾ ਖ਼ੁਦ ਨਈਂ ਖਾਂਦਾ, ਉਦੋਂ ਤਕ ਕਿੱਥੇ ਸੁਆਦ ਆਂਦਾ। ਆਖਿਰ ਸੁਆਦ ਚਖਾਇਆ ਸਾਨੂੰ ਸਾਡੇ ਨਿਆਣਿਆਂ ਨੇ।

ਬੜੇ ਭਾਈ ਜਰਨੈਲ ਸੂੰਹ ਅਜੇ ਹੁਣੇ ਬਾਹਰੋਂ ਆਏ। ਉਹਦੀ ਘਰਆਲ਼ੀ ਅਤੇ ਨਿਆਣੇ ਨਾਲ਼ ਨਈਂ ਆਂਦੇ। ਦਸਾਂ-ਬਾਰ੍ਹਾਂ ਸਾਲਾਂ 'ਚ ਉਹ ਦੋ ਕੁ ਵਾਰ ਨਾਲ਼ ਆਏ ਹੁਣੇ। ਖ਼ੁਦ ਇਹਨੇ ਹਰ ਸਿਆਲ਼ ਲਗ-ਪਗ ਆਣਾ ਈ ਹੁੰਦਾ। ਚਾਚੇ ਦਵਿੰਦਰ ਸੂੰਹ ਦੇ ਆਣ-ਜਾਣ ਦਾ ਕੋਈ ਸਾਬ੍ਹ-ਕਿਤਾਬ ਨਈਂ। ਕਦੇ ਕਈ-ਕਈ ਸਾਲ ਬਾਅਦ ਮੁੜਦਾ। ਮਨ ਕੀਤਾ, ਸਾਲ 'ਚ ਤਿੰਨ ਗੇੜੇ ਵੀ ਮਾਰ ਜਾਂਦਾ। ਉਂਝ ਉਹ ਮਨ-ਮਤੀਆ ਪਰ ਸ਼ੈਤਾਨ ਪੁੱਜ ਕੇ। ਉਹਦੇ ਬੀਵੀ-ਨਿਆਣੇ ਤਾਂ ਕਦੇ ਉਹਦੇ ਨਾਲ਼ ਹੀ ਨਈਂ ਆਏ। ਇਹਦੇ ਨਾਲ਼ ਸੂਤ ਹਊ ਤਾਂ ਹੀਂ ਉਹ ਨਾਲ਼ ਆਣ। 'ਕੱਲੇ ਵੀ ਦਸਾਂ ਸਾਲਾਂ ਬਾਅਦ ਕਿਤੇ ਇਕ-ਅੱਧ ਗੇੜਾ ਮਾਰਦੇ।

ਮੈਂ ਅਤੇ ਘਰਆਲ਼ੀ, ਜਰਨੈਲ ਦੇ ਆਣ ਵਾਲ਼ੇ ਦਿਨ ਹੀ ਉਹਨੂੰ ਛੋਟੇ ਭਾਈ ਅਵਤਾਰ ਦੇ ਘਰ ਮਿਲ਼ ਕੇ ਆਏ। ਊਂ ਤਾਂ ਉਹ ਸਭ ਨੂੰ ਬੜੇ ਚਾਅ ਨਾਲ਼ ਮਿਲ਼ਿਆ। ਸਾਰਿਆਂ ਨੇ ਕੱਠਿਆਂ ਚਾਹ-ਪਾਣੀ ਪੀਤਾ।...ਫਿਰ ਇਕ ਦਿਨ ਲੰਘ, ਦੋ ਲੰਘ, ਇੰਝ ਹਫ਼ਤਾ ਲੰਘ ਗਿਆ। ਫੇਰ ਮਹੀਨਾ ਲੰਘਿਆ। ਆਖਿਰ ਦੋ ਮਹੀਨੇ ਹੀ ਲੰਘ ਗਏ। ਉਹਨੇ ਨਾ ਸਾਡੇ ਨਾ ਦੂਜੇ ਗਭਲੇ ਭਾਈ ਦੇ ਘਰ ਪੈਰ ਪਾਇਆ। ਪੈਰ ਛੱਡਿਆ, ਉਹਨੇ ਆਂਦਿਆਂ-ਜਾਂਦਿਆਂ ਸਾਡੇ ਘਰਾਂ ਵੱਲ ਝਾਕਿਆ ਤਕ ਵੀ ਨਾ। ਮਨੋਂ-ਮਨੀਂ ਸਾਨੂੰ ਗ਼ੁੱਸਾ ਬੜਾ ਉਹਦੇ ਨਾ ਆਣ ਦਾ। ਸੋਚਿਆ ਕਿ ਕਦੀ ਕੋਈ ਅੱਧੀ ਨਾ ਸਾਰੀ। ਕਿਸੇ ਨੇ ਕਦੀ 'ਉਏ' ਤਕ ਵੀ ਨਾ ਕਿਹਾ।...ਉਹਦੇ ਵਾਪਸ ਜਾਣ ਦਾ ਟੈਮ ਵੀ ਆ ਗਿਆ। ਦੋ ਮਹੀਨੇ ਰਹਿਣ ਦਾ ਉਹਦਾ ਪੱਕਾ ਹੁੰਦਾ। ਸਮਾਂ ਲੰਘੇ ਦਾ ਪਤਾ ਵੀ ਨਾ ਚੱਲਿਆ। ਜਾਣ ਲੱਗਿਆਂ ਉਹਨੇ ਬਾਰ੍ਹੋਂ ਬੈੱਲ ਵਜਾਈ। ਮੈਂ ਉਹਦੇ ਅੰਦਰ ਆਣ ਲਈ ਬੂਹਾ ਕਿੰਨਾ ਚਿਰ ਖੋਲ੍ਹ ਕੇ ਖੜ੍ਹਾ ਰਿਹਾ। ਉਹਨੇ ਨਈਂ ਅੱਗੇ ਪੈਰ ਵਧਾਇਆ ਜਿਮੇਂ ਮੈਂ ਕੋਈ ਲਛਮਣ ਰੇਖਾ ਖਿੱਚੀ ਹੁੰਦੀ। ਮੈਂ ਹੱਥ ਮਿਲਾਂਦਿਆਂ ਅੰਦਰ ਨੂੰ ਪੋਲਾ ਜਿਹਾ ਖਿੱਚਿਆ ਵੀ ਪਰ ਉਹਦੇ ਪੈਰ ਰੁਕ ਗਏ।

"ਨਹੀਂ, ਬੱਸ ਚਲੀਏ। ਏਅਰਪੋਰਟ 'ਤੇ ਪਹੁੰਚਣ ਲਈ ਟੈਮ ਵੀ ਸਾਮਾਂ ਜਿਹਾ। ਰਾਹ 'ਚ ਸੌ ਅੜਿੱਕੇ-ਫੜਿੱਕੇ ....।"

"ਹਾਂ, ਇਹ ਤਾਂ ਹੈ।" ਮੇਰੇ ਮੂੰਹੋਂ ਵੀ ਨਿਕਲ਼ ਗਿਆ। ਬੱਸ, ਉਹ ਦਰਵਾਜੇ 'ਚੋਂ ਹੀ ਟਾ-ਟਾ ਕਰ ਗਿਆ। ਖਿਝੇ ਜਿਹੇ ਤੋਂ ਮੈਥੋਂ ਵੀ ਮਨ 'ਚ ਸੋਚਿਆ ਗਿਆ- 'ਜਾਹ ਫੇ, ਏਹੀ-ਤੇਹੀ ਮਰਾ। ਮੈਂ ਕੀ ਤੈਥੋਂ ਪਿੰਨੀਆਂ ਲੈਣੀਆਂ।...ਅਖੇ ਟੈਮ ਸਾਮਾਂ ਜਿਹਾ। ਦੋ ਮਹੀਨੇ ਤੇਰੇ ਕੋ ਟੈਮ ਸਾਮਾਂ ਈ ਰਿਹਾ।'

ਗੱਡੀ ਤਾਂ ਪਹਿਲੋਂ ਸਟਾਰਟ ਖੜ੍ਹੀ ਸੀ। ਬੈਠਾ ਤਾਂ ਗੱਡੀ ਤੁਰ ਪਈ। ਬਾਰੀ 'ਚੋਂ ਹੀ ਉਹਨੇ ਫੇਰ ਹੱਥ ਹਿਲਾਇਆ। ਮੇਰਾ ਹੱਥ ਵੀ ਹਿਲ ਗਿਆ। 'ਚੰਗਾ ਹੋਇਆ, ਦਫ਼ਾ ਹੋਇਆ, ਰੋਜ਼ ਦੀ ਘੁਟਨ ਨਾਲ਼ੋਂ। ਨਹੀਂ ਤਾਂ ਉਹਦੇ ਹੁੰਦਿਆਂ ਬੰਦਾ ਇਹੀ ਸੋਚੀ ਜਾਂਦਾ- ਭਾਈ ਸਾਬ੍ਹ ਕਿਤੇ ਭੁੱਲ-

ਭੁਲੇਖੇ ਆ ਈ ਨਾ ਜਾਣ। ਸਾਥੋਂ ਕਿਤੇ ਕੋਈ ਗੁਸਤਾਖ਼ੀ ਨਾ ਹੋ ਜਏ। ਉਹ ਆਣ, ਸਾਨੂੰ ਪਤਾ ਈ ਨਾ ਲੱਗੇ। ਉਹਨਾਂ ਨੂੰ ਬਹਾਨਾ ਈ ਨਾ ਮਿਲ ਜਾਏ ਪਈ ਤੁਹੀਂ ਤਾਂ ਡੋਰ ਨ੍ਹੀਂ ਖੋਲ੍ਹਦੇ।...ਐਂ ਨਾ ਕਹਿ ਦਏ, ਔਂ ਨਾ ਸਮਝੇ।' ਇਹਨਾਂ ਉਧੇੜ-ਬੁਣਾਂ 'ਚ ਫਸਿਆ ਮਨ ਤੜਫੀ ਜਾਂਦਾ। ਉੱਧਰ ਆਣ ਆਲ਼ਾ ਪੱਥਰ, ਉਹਦੇ 'ਤੇ ਅਸਰ ਕੋਈ ਨਾ।

ਜਰਨੈਲ ਦੇ ਨੇੜੇ ਉਹਦੇ ਵਾਲ਼ੇ ਸ਼ਹਿਰ, ਇੰਗਲੈਂਡ ਵਿਚ ਈ ਰਹਿੰਦਾ ਸੀ ਦਵਿੰਦਰ ਚਾਚਾ। ਆਪਣੇ-ਆਪ ਨੂੰ ਮਾਰਕਸ ਤੋਂ ਘੱਟ ਨਾ ਸਮਝਦਾ। ਲੈਨਿਨ, ਮਾਓਵਾਦ ਜਦ ਉਹ ਛੇੜ ਲੈਂਦਾ ਤਾਂ ਉਹਦੇ ਚਿਹਰੇ ਦੇ ਰੰਗ ਦੇਖਣ ਵਾਲ਼ੇ ਹੁੰਦੇ। ਸੂਹਾ ਹੋਇਆ ਰੰਗ, ਚਿਹਰਾ, ਹੱਥਾਂ ਦੇ ਹਾਵ-ਭਾਵ ਝੂਲਦੇ ਲਾਲ ਫਰੇਰੇ ਦਾ ਭੁਲੇਖਾ ਪਾਂਦੇ। ਮਿਲਦਾ ਤਾਂ ਆਪਣੀ ਕਾਮਰੇਡੀ ਘੋਟਣ ਬਹਿ ਜਾਂਦਾ। ਅਖੇ ਜਿਹਦੇ ਚੁੱਲ੍ਹੇ 'ਚ ਡੀਲਾ ਉੱਗਿਆ ਹੋਵੇ, ਉਹ ਹੁੰਦਾ ਅਸਲ ਕਾਮਰੇਡ। ਉਂਝ ਤਾਂ ਉਹਦੇ ਇੱਥੇ ਪੁਰਾਣੇ ਘਰ ਦੇ ਚੁੱਲ੍ਹੇ 'ਚ ਡੀਲੇ, ਘਾਹ ਤੋਂ ਇਲਾਵਾ ਹੋਰ ਕਈ ਜੜੀ-ਬੂਟੀਆਂ ਲਹਿਰਾ ਰਹੀਆਂ। ਉਹਨੇ ਕਿਹੜਾ ਉਸ ਪੁਰਾਣੇ ਘਰ ਨੂੰ ਖੋਲ੍ਹਿਆ ਕਦੀ ਜਾ ਕੇ। ਉਹ ਪਤਾ ਨਈਂ ਕਾਮਰੇਡੀ ਦਿਖਾਣ ਲਈ ਕਾਮਰੇਡੀ-ਅਜਾਇਬ ਘਰ ਏ ਇਹਦਾ। ਇਹ ਸਮਾਜਵਾਦ ਦੀਆਂ ਗੱਲਾਂ ਕਰਨ ਵਾਲ਼ਾ ਵੀ ਸਾਡੇ ਘਰ ਕੋਲ਼ੋਂ ਪਿੱਠ ਮਰੋੜ ਕੇ ਲੰਘਦਾ। ਮੇਰੇ ਅੰਦਰੋਂ ਇਹਦੇ ਲਈ ਕਈ ਵਾਰ ਕੁਆਂਟਲ-ਕੁਆਂਟਲ ਦੀ ਗਾਲ਼ ਨਿਕਲ਼ਦੀ। ਉੱਥੇ ਬਲੈਤ 'ਚ ਨਾ ਇਹਨੂੰ ਇਹਦੀ ਘਰਆਲ਼ੀ ਮੂੰਹ ਲਾਉਂਦੀ ਨਾ ਨਿਆਣੇ। ਮੂੰਹ ਲਾਵੇ ਵੀ ਕਿੱਦਾਂ ਜਦ ਪੱਬਾਂ ' ਚ ਗੋਰੀਆਂ ਨਾਲ਼ ਡਾਂਸ ਕਰੀ ਜਾਣੇ। ਸ਼ਰਾਬਾਂ, ਕਬਾਬ ਉਡਾਣੇ। ਦੱਸਦੇ ਆ ਕਿ ਹਸਪਤਾਲ਼ 'ਚ ਕੈਂਸਰ-ਮਾਰੀ ਮੌਤ ਨਾਲ਼ ਲੜ ਰਹੀ ਘਰਆਲ਼ੀ ਦੇ ਨਿਆਣਿਆਂ ਦੇ ਚੋਰੀਉਂ ਉਹਦੇ ਬੈੱਡ 'ਤੇ ਪਈ ਦੇ ਗਹਿਣੇ ਲਾਹ ਲਿਆਇਆ। ਪਤਾ ਨਈਂ ਕਿੰਨੀਆਂ ਕੰਪਲੇਨਾਂ ਇਹਦੀਆਂ ਪੁਲਸ ਕੋਲ਼। ਇਹਦੀਆਂ ਘਟੀਆ ਹਰਕਤਾਂ ਕਰਕੇ ਲੇਬਰ ਪਾਰਟੀ ਆਲ਼ਿਆਂ ਨੇ ਇਹਨੂੰ ਪਾਰਟੀ 'ਚੋਂ ਛੇਕਿਆ ਹੋਇਆ। ਇੱਥੇ ਸਾਡੇ ਕੋ' ਆ ਕੇ ਹੀਰੋ ਬਣਨ ਡਿਹਾ। ਅਸੀਂ ਵੀ ਇਕ ਕੰਨੋਂ ਸੁਣ ਕੇ ਦੂਜੇ ਰਾਹੀਂ ਬਾਰ੍ਹ ਕੱਢੀ ਜਾਂਦੇ। ਇਹਦੇ ਡੀਲੇ-ਘਾਹ ਦੀ ਗੇਂਦ ਬਣਾ ਕੇ ਉਛਾਲ਼ਦੇ ਰਹਿੰਦੇ।

ਜਦ ਇਹ ਦੋਮੇਂ ਬਲੈਤੋਂ ਆਂਦੇ, ਸਾਡੇ ਲਈ ਇਕ ਹੋਰ ਪਰਾਬਲਮ ਖੜ੍ਹੀ ਕਰ ਦਿੰਦੇ। ਉਹ ਛੋਟੇ ਅਵਤਾਰ ਦੇ ਨਿਆਣਿਆਂ ਨੂੰ ਨਮੇਂ-ਨਮੇਂ ਕੱਪੜਿਆਂ, ਖਿਡੌਣਿਆਂ, ਰੰਗ-ਬਰੰਗੀਆਂ ਟਾਫ਼ੀਆਂ ਨਾਲ਼ ਨਿਹਾਲ ਕਰਦੇ। ਉਹਨਾਂ ਦੇ ਨਿਆਣੇ ਚਾਮ੍ਹਲ਼ੇ ਮੇਰੇ ਤੇ ਗਭਲੇ, ਦੋਹਾਂ ਦੇ ਨਿਆਣਿਆਂ ਨੂੰ ਦਿਖਾ-ਦਿਖਾ ਚਿੜਾਂਦੇ। ਸਾਡੇ ਨਿਆਣਿਆਂ ਦੇ ਚਿੱਬੇ ਹੋਏ ਰੋਂਦੂ ਜਿਹੇ ਮੂੰਹ, ਅੰਦਰੋ-ਅੰਦਰੀ ਸਾਡੇ ਅਰਾਟ ਪੁਵਾ ਦਿੰਦੇ। ਉੱਧਰ ਸਾਡੀਆਂ ਜ਼ਨਾਨੀਆਂ ਵੀ ਗੁੱਸੇ 'ਚ ਲਾਲ-ਪੀਲ਼ੀਆਂ ਹੋਈਆਂ ਪਾਟਣ ਨੂੰ ਫਿਰਦੀਆਂ। ਉਹ ਗੱਲਾਂ-ਗੱਲਾਂ 'ਚ ਭਰੀਆਂ-ਪੀਤੀਆਂ ਆਖਿਰ ਸਾਡੇ 'ਤੇ ਹੀ ਵਰਸ ਕੇ ਆਪਣੇ-ਆਪ ਨੂੰ ਹੌਲ਼ਾ ਕਰਦੀਆਂ। ਅਸੀਂ ਸਾਊ ਬਲ਼ਦਾਂ ਆਂਗ ਨੀਮੀਂ ਪਾਈ ਅਣਸੁਣਿਆਂ ਕਰਕੇ ਤੁਰੇ ਰਹਿੰਦੇ। ਕੁਛ ਕਹੀਏ ਤਾਂ ਆਪਣੇ ਘਰ 'ਚ ਲੜਾਈ ਪਾਈਏ। ਸਾਡੇ ਦੋਹਾਂ ਦੇ ਨਿਆਣੇ ਵੀ ਸੋਚਦੇ ਕਿ ਕੋਈ ਨਈਂ ਦਿਖਾ ਦਾਂਗੇ ਅਹੀਂ ਵੀ ਕਿਤੇ ਬਾਰ੍ਹ ਜਾ ਕੇ। ਮੇਰੇ ਛੋਟੇ ਮੁੰਡੇ ਨੇ ਤਾਂ ਜਿਮੇਂ ਮਨੋਂ-ਮਨੀਂ ਕਸਮ ਈ ਖਾ ਲਈ ਪਈ ਮੈਂ ਪੇ ਦਾ ਪੁੱਤ ਨਾ ਹਊਂ ਜੇ ਬਾਰ੍ਹ ਨਾ ਗਿਆ। ਉਦੋਂ ਤੋਂ ਲੈ ਕੇ ਬਾਰ੍ਹ ਜਾਣ ਤਕ ਉਹਨੇ ਬਾਰ੍ਹ-ਬਾਰ੍ਹ ਦੀ ਐਸੀ ਰੱਟ ਲਾਣੀ ਸ਼ੁਰੂ ਕੀਤੀ ਕਿ ਆਖਿਰ ਜਾ ਕੇ ਦਿਖਾ ਤਾ।

ਮੈਨੂੰ ਪਤਾ ਤਾਂ ਹੁੰਦਾ, ਇਹਨੇ ਆਣਾ ਨਈਂ। ਪਰ ਫੇਰ ਵੀ ਕਦੇ-ਕਦੇ ਵਿਅੰਗਮਈ ਸੁਲ੍ਹਾ ਮਾਰ ਲਈਦੀ- "ਆਉ ਚਾਚਾ ਜੀ ਮ੍ਹਾਰਾਜ ! ਸਾਡੇ ਘਰ ਨੂੰ ਵੀ ਥੋੜ੍ਹੀ ਲਾਲੀ ਬਖਸ਼ੋ।"

ਉਹ ਸ਼ਰਾਰਤੀ ਜਿਹਾ ਹਾਸਾ ਹੱਸਦਾ- "ਨਈਂ ਬਈ ਜੁਵਾਨਾ ! ਇਹ ਗੁਸਤਾਖ਼ੀ ਨਾ ਕਰਾਏਂ ਤਾਂ ਭਲ਼ਾ।...ਇਕੋ ਪਾਸੇ ਇਕ ਬੇੜੀ 'ਚ ਹੀ...। 'ਹੀਂ-ਹੀਂ, ਹਾਅ-ਹਾਅ' ਕਰਦਾ ਔਹ ਜਾਂਦਾ। ਮੈਂ ਮਨ 'ਚ ਸੋਚਦਾ- 'ਜਾਹ ਮਰ ਜਿੱਧਰ ਮਰਨਾ, ਮੈਂ ਤੈਥੋਂ ਡੀਲਾ ਲੈਣਾ।' ਮੇਰੀ ਬੀਵੀ ਨੇ ਤਾਂ ਉਹਦਾ ਨਾਂ ਈ ਡੀਲਾ ਰੱਖਿਆ ਹੋਇਆ। ਉਹ ਕਹੇ ਕਿ ਜਦੋਂ ਵੀ ਮਿਲ਼ੂ, ਚੁੱਲ੍ਹੇ ਪੈਣਾ, ਡੀਲੇ ਦੀ ਗੱਲ ਜ਼ਰੂਰ ਕਰੂ। ਘਰ ਦਾ ਡੀਲਾ ਇਹਤੋਂ ਸਾਫ਼ ਨੀ ਹੁੰਦਾ, ਚੱਕਿਆ ਡੀਲੇ ਦਾ।

ਫੇਰ ਚਾਚੇ ਦੀ ਘਰਆਲ਼ੀ ਮਤਲਬ ਸਾਡੀ ਚਾਚੀ ਦੀ ਡੈੱਥ ਹੋ ਗਈ। ਚਾਚੇ ਹੁਣਾਂ ਦੀਆਂ ਰਹਿੰਦੀਆਂ-ਖੂੰਦੀਆਂ ਬਾਗਾਂ ਵੀ ਖੁੱਲ੍ਹ ਗਈਆਂ। ਇਸ ਚੁਫੇਰਗੜ੍ਹੀਏ ਨੇ ਕਾਮਰੇਡੀ ਤੋਂ ਛਲਾਂਗ ਮਾਰ ਕੇ ਸਿੱਧੀ ਫਲਾਈਟ ਰਾਹੀਂ ਬਾਬਾਗਿਰੀ ਫੜ ਲਈ। ਜਦ ਆਇਆ, ਹੁਲੀਆ ਦੇਖ ਕੇ ਹਰ ਕੋਈ ਦੰਗ। ਬਿਲਕੁਲ ਬਾਬਾ ਰਾਮ ਰਹੀਮ ਲੱਗੇ। ਕੰਮ ਵੀ ਇਹਦੇ ਪੁੱਠੇ। ਪੁੱਠੇ ਬੰਦੇ ਮਗਰ ਸਿੱਧੇ ਬੰਦੇ ਉਹਨੂੰ ਮਿੱਠਾ ਸਮਝ ਕੇ ਝੱਟ ਚਿੰਬੜ ਜਾਂਦੇ। ਬਾਬਾ ਬਣ ਕੇ ਚਾਚਾ ਮਹਾਂਰਾਜ ਬਲੈਤ ਜਾਣਾ ਹੀ ਭੁੱਲ ਗਏ। ਦੂਰ ਕਿਤੇ ਆਪਣਾ ਡੇਰਾ ਜਮਾ ਕੇ ਬਹਿ ਗਏ। ਇਹਦੇ ਕੌਤਿਕ ਦੇਖਣ ਲਈ ਮੈਂ ਵੀ ਕਦੇ-ਕਦੇ ਗੇੜਾ ਮਾਰ ਆਂਦਾ। ਮੈਂ ਤਾਂ ਹੈਰਾਨ, ਇਹ ਤਾਂ ਜਨਾਨੀਆਂ ਦੇ ਹੱਥ ਹੌਲ਼ੇ ਕਰਦਾ-ਕਰਦਾ ਉਹਨਾਂ ਦੇ ਹੌਲ਼ੇ-ਹੌਲ਼ੇ ਹੱਥ ਵੀ ਫੇਰਨ ਲੱਗ ਪਿਆ। ਹੱਥ ਫਿਰਦਾ-ਫਿਰਦਾ ਉਹਨਾਂ ਦੇ ਖਾਜ ਕਰਨ ਲੱਗਾ। ਮੈਂਖਿਆ ਵਾਹ, ਮਾਉਵਾਦ ਤੋਂ ਰਾਮ ਰਹੀਮ, ਕਿਆ ਬਾਤਾਂ ਤੇਰੀਆਂ ਚਾਚਾ। ਉਹ ਕਿਤੇ ਪ੍ਰਚਾਰ ਕਰਦਾ, ਧੰਨ-ਧੰਨ ਕਰਵਾ ਦਿੰਦਾ। ਉਹਦੀ ਬਾਣੀ ਦਾ ਰਸ ਸ਼ੈਦ੍ਹ ਨੂੰ ਵੀ ਮਾਤ ਦਿੰਦਾ। ਲੀਡਰਾਂ ਆਲ਼ਾ ਉਹਦਾ ਬੋਲਣ ਦਾ ਸਟਾਈਲ। ਛੇਤੀਉਂ 'ਦਵਿੰਦਰ ਬਾਬਾ, ਦਵਿੰਦਰ ਬਾਬਾ' ਹੋਣ ਲੱਗ ਪਈ। ਖ਼ਾਸਕਰ ਜ਼ਨਾਨੀਆਂ ਤਾਂ ਉਹਦੇ ਪੈਰ ਧੋਣੋਂ ਨਾ ਹਟਣ। ਕਈ ਤਾਂ ਕਮਲ਼ਣੀਆਂ ਹੋਈਆਂ ਡੇਰੇ ਹੀ ਰਹਿਣ-ਸੌਣ ਲੱਗੀਆਂ।

ਫੇਰ ਇਕ ਦਿਨ ਬਾਬੇ ਦੇ ਕਿਸੇ ਸ਼ਰਧਾਲੂ ਨੇ ਬਾਬੇ ਰੰਗਰਲ਼ੀਆਂ ਮੰਨਾਂਦੇ ਦੇਖ ਲਏ। ਬਾਬਿਆਂ ਦੀ 'ਕਰਾਮਾਤ' ਦੇਖੋ। ਕੁਛ ਕੁ ਨੂੰ ਛੱਡ ਕੇ ਸਭ ਬਾਬੇ ਦੇ ਹੱਕ 'ਚ ਭੁਗਤ ਗਏ। ਦੇਖਣ ਆਲ਼ੇ ਸ਼ਰਧਾਲੂ ਦੀ ਸ਼ਰਧਾਲੂਆਂ ਕੋਲੋਂ ਹੀ ਉਹ ਦਸ਼ਾ ਕਰਵਾਈ ਜਿਹੜੀ ਰਹੇ ਰੱਬ ਦਾ ਨਾਂ। ਅਖੀਰ ਪਬਲਿਕ ਨੇ ਉਸ ਤੋਂ ਪਬਲਿਕ ਦੇ ਸਾਹਮਣੇ ਮਾਫ਼ੀ ਮੰਗਵਾਈ। ਨਾਲ਼ੇ ਇਕ ਮਹੀਨਾ ਸੰਗਤਾਂ ਦੀਆਂ ਟਾਇਲਟਾਂ ਸਾਫ਼ ਕਰਨ ਦੀ ਉਹਦੀ ਸੇਵਾ ਲੱਗੀ।

ਬਾਬਿਆਂ ਦੀ ਰਾਸ-ਲੀਲ੍ਹਾ ਸਿਖਰਾਂ ਛੋਹ ਗਈ। ਸਿਖਰ ਤੋਂ ਹੇਠਾਂ ਡਿੱਗਣ ਬਾਰੇ ਬਾਬਿਆਂ ਨੂੰ ਵੀ ਅੰਦਾਜ਼ਾ ਨਈਂ ਸੀ। ਖਜੂਰ ਤੋਂ ਹੇਠਾਂ ਵੀ ਬਾਬਿਆਂ ਨੂੰ ਬਾਬੀ ਨੇ ਸੁੱਟਿਆ। ਉਹਦੀ ਹੀ ਭਗਤਣੀ ਦੀ ਗੱਲ ਦਾ ਜਦ ਉਹਨੂੰ ਕੋਈ ਤੋੜ ਨਾ ਲੱਭਾ, ਪੂਰੇ ਚਿੱਠੇ ਖੁੱਲ੍ਹਣ ਤੋਂ ਪਹਿਲਾਂ ਹੀ ਬਾਬੇ ਲੰਡਨ ਲੈਂਡ ਕਰ ਗਏ। ਮਗਰੋਂ ਸ਼ਰਧਾਲੂ ਇਕ-ਦੂਜੇ ਦੇ ਸਿਰ ਪਾੜਦੇ ਫਿਰਨ। ਉਹਨੂੰ ਦੁੱਧ-ਧੋਤਾ ਸਿੱਧ ਕਰਨ ਲਈ ਆਪਸ 'ਚ ਸ਼ਰਤਾਂ ਲਾਂਦੇ ਨਾ ਥੱਕਣ। ਅਖੇ ਬਾਬਾ ਏਦਾਂ ਕਰ ਈ ਨਈਂ ਸਕਦਾ। ਉਹ ਕਹਿਣ ਜਿਹੜਾ ਇੰਗਲੈਂਡ ਦੀਆਂ ਮੇਮਾਂ ਛੱਡ ਕੇ ਸਾਡੇ ਭਲੇ ਵਾਸਤੇ ਤਿਆਗ ਕਰੀ ਬੈਠਾ, ਉਹਨਾਂ 'ਤੇ ਸ਼ੱਕ ਕੇਹੀ। ਉਹ ਤਾਂ ਸਭ ਨੂੰ ਆਪਣੇ ਬੱਚੇ-ਬੱਚੀਆਂ ਸਮਝ ਕੇ ਪਿਆਰ ਕਰਦੇ। ਉਹਨਾਂ ਦੇ ਪਿਆਰ 'ਚ ਖੋਏ, ਬੇਸੁੱਧ ਹੋਏ ਆਪਣੀ ਜੱਫ਼ੀ 'ਚ ਲੈਂਦੇ। ਜਿਵੇਂ ਮਾਂ ਨਿਆਣਿਆਂ ਨੂੰ ਚੱਟਦੀ, ਉਹ ਪਬਲਿਕ ਨੂੰ ਆਪਣੇ ਬੱਚੇ ਸਮਝ ਕੇ ਚੁੰਮਦੇ-ਚੱਟਦੇ। ਬਾਬੇ ਬਲੈਤ 'ਚ ਫੇਰ ਮੇਮਾਂ ਦੇ ਸਰ੍ਹਾਣੇ ਜਾ ਬੈਠੇ। ਸੰਗਤਾਂ ਡੇਰੇ ਬੈਠੀਆਂ ਉਹਦੀ ਯਾਦ 'ਚ ਝੂਮੀ ਗਈਆਂ।

ਇਕ ਮੇਰੇ ਦੋ ਮਾਮੇ, ਕੱਦ-ਕਾਠ, ਰੰਗ-ਰੂਪ ਦੇ ਵੀ ਇਕੋ ਜਿਹੇ। ਹੰਸਾਂ ਦੀ ਜੋੜੀ ਲਗਦੀ। 'ਕੱਠੇ ਆਂਦੇ-ਜਾਂਦੇ। ਯੂ.ਪੀ. ਸਸਤੇ ਵੇਲ਼ਿਆਂ 'ਚ ਸਸਤੀਆਂ ਜ਼ਮੀਨਾਂ ਨੂੰ ਹੱਥ ਪੈ ਗਿਆ। ਇੱਧਰ ਦੇ ਚਾਰ-ਚਾਰ ਘੁੰਮਾ ਵੇਚੇ, ਉੱਧਰ ਚਾਲ਼ੀ-ਚਾਲ਼ੀ ਨੂੰ ਹੱਥ ਜਾ ਪਾਇਆ। ਚਾਲ਼ੀਆਂ ਤੋਂ ਸੌ-ਸੌ ਘੁੰਮਾਵਾਂ ਦੇ ਮਾਲਕ ਬਣ ਗਏ। ਵੈਸੇ ਤਾਂ ਪਹਿਲਾਂ-ਪਹਿਲ ਮਿਹਨਤ ਵੀ ਬੌਤ੍ਹ ਕੀਤੀ। ਜੰਗਲ ਤੋਂ ਮੰਗਲ ਬਣਾਇਆ। ਮਿਹਨਤ ਰੰਗ ਲਿਆਈ, ਲਹਿਰਾਂ-ਬਹਿਰਾਂ ਹੋ ਗਈਆਂ। ਦੂਜੇ ਪਰਦੇਸ ਵਿਚ ਸਰਦਾਰੀਆਂ ਕਾਇਮ ਕਰ ਗਏ। ਉੱਥੇ ਛੰਨਾਂ ਤੋਂ ਸ਼ੁਰੂ ਕਰਕੇ ਪੱਕੇ ਘਰ ਹਵੇਲੀਆਂ ਬਣਾ ਕੇ ਉੱਥੇ ਪੱਕੇ ਹੀ ਜੰਮ ਗਏ।

ਅਗਾਂਹ ਫਿਰ ਉਹਨਾਂ ਦੇ ਨਿਆਣੇ ਉਡਾਰੂ ਹੋ ਗਏ। ਕੰਮਾਂ ਧੰਦਿਆਂ ਨੂੰ ਹੱਥ ਪਾਣ ਲੱਗ ਪਏ। ਉਦੋਂ ਉਹਨਾਂ ਕੰਮ-ਕਾਰ ਤੋਂ ਵਿਹਲੇ ਹੋਣ ਦਾ ਮਨ ਬਣਾ ਲਿਆ। ਨਿਆਣੇ ਵਿਆਹ ਕੇ ਨਜਿੱਠ ਲਏ। ਜ਼ਮੀਨਾਂ ਦੀਆਂ ਸਰਦਾਰੀਆਂ ਉਹਨਾਂ ਨੂੰ ਸੌਂਪ ਦਿੱਤੀਆਂ। ਆਪ ਮਾਮਿਆਂ ਨੇ ਗ੍ਰਹਿਸਤੀ ਜੀਵਨ ਤੋਂ ਅੱਗੇ ਸੰਤਾਂ ਦੇ ਡੇਰਿਆਂ ਵੱਲ ਨੂੰ ਚਾਲੇ ਪਾ ਲਏ। ਉੱਥੇ ਆਂਦੇ-ਜਾਂਦੇ ਉਹ

ਆਖਿਰ ਡੇਰਿਆ ਦੇ ਹੀ ਹੋ ਗਏ। ਆਪਣੇ ਨਿਆਣਿਆਂ ਕੋਲ਼ ਤਾਂ ਉਹਨਾਂ ਦਾ ਸਾਲ-ਛੇਈਂ ਮਹੀਨੀਂ ਹੀ ਗੇੜਾ ਵੱਜਦਾ। ਸੰਤਾਂ ਦੇ ਬੌਤੇ੍ ਪ੍ਰੋਗਰਾਮ ਇੱਧਰ ਪੰਜਾਬ, ਹਰਿਆਣੇ ਵਿਚ ਈ ਹੁੰਦੇ। ਉਹ ਅਟੈਂਡ ਕਰਨ ਇੱਧਰ ਆ ਜਾਂਦੇ। ਕਿਸੇ ਰਿਸ਼ਤੇਦਾਰ ਨੂੰ ਜਾਂ ਹੋਰ ਕਿਤੇ ਵੀ ਜਾਣਾ ਤਾਂ ਸੰਤਾਂ ਤੋਂ ਆਗਿਆ ਲੈ ਕੇ ਆਣਾ। ਜਦ ਵਾਪਸ ਜਾਣਾ ਤਾਂ ਹੱਥ ਜੋੜ ਦੱਸਣਾ- ਅਸੀਂ ਆ ਗਏ ਆਂ ਮ੍ਹਾਰਾਜ! ਹਾਜਰੀ ਕਬੂਲ ਕਰੋ। ਸੰਤਾਂ ਨੂੰ ਏਦਾਂ ਦੇ ਰਈਸ, ਗਊ ਭਗਤ ਸ਼ਰਧਾਲੂ ਮਸੀਂ ਮਿਲ਼ਦੇ ਜੋ ਖੁੱਲ੍ਹ ਕੇ ਦਾਨ-ਦਕਸ਼ਣਾ ਦਿੰਦੇ। ਉਹਨਾਂ ਦੀ ਹਰ ਗੱਲ ਦਾ ਹਾਂ-ਹਾਂ ਵਿਚ ਸਿਰ ਹਿਲਾਂਦੇ, ਧੰਨ-ਧੰਨ ਹੁੰਦੇ। ਸੰਤਾਂ ਨਾਲ਼ ਹੀ ਉੱਤਰ, ਦੱਖਣ-ਦਿੱਲੀ ਗਾਂਦ੍ਹੇ। ਉਹਨਾਂ ਦੀ ਸੇਵਾ 'ਚੋਂ ਸਕੂਨ ਭਾਲ਼ਦੇ।

ਪਹਿਲਾਂ-ਪਹਿਲ ਕੋਈ ਗੱਲ ਨਾ ਬਾਤ। ਬੜੇ ਸੋਹਣੇ ਆਂਦੇ-ਜਾਂਦੇ। ਹੌਲ਼ੀ-ਹੌਲ਼ੀ ਇੱਧਰ ਸਾਡੇ ਸਾਰਿਆਂ ਦੇ ਵਿਆਹ ਹੋ ਗਏ। 'ਗਾਂਹ ਨਿਆਣੇ-ਨਿੱਕੇ ਹੋ ਗਏ। ਆਪਣੇ-ਆਪਣੇ ਘਰ ਜੁਦੇ ਕਰ ਲਏ। ਸਾਡੇ ਮਾਂ-ਪਿਉ ਵੀ ਛੋਟੇ ਨਾਲ ਰਹਿਣ ਲੱਗ ਪਏ। ਇਹਨਾਂ ਲਾਟੀ ਬਣੇ ਮਾਮਿਆਂ ਨੇ ਵੀ ਬਾਰ੍ਹਲਿਆਂ ਆਂਗ ਸਾਡੇ ਘਰ ਹੌਲ਼ੀ-ਹੌਲ਼ੀ ਪੈਰ ਪਾਉਣਾ ਛੱਡ ਤਾ। ਬਿਨਾਂ ਕਿਸੇ ਗੱਲ ਤੋਂ ਉਹਨਾਂ ਨੂੰ ਪਤਾ ਨਈਂ ਕਿਉਂ ਸਾਥੋਂ ਮੁਸ਼ਕ ਆਣ ਲੱਗ ਪਿਆ। ਛੋਟੇ ਅਵਤਾਰ ਦੇ ਘਰ ਉਹਨਾਂ ਕੋਲ਼ ਆ ਕੇ ਰਹਿੰਦੇ। ਪਰ ਸਾਡੇ ਵੱਲ ਉਹਨਾਂ ਦੇ ਪੈਰ ਨਾ ਵਧਦੇ। ਸਾਡੇ ਘਰਾਂ ਕੋਲ਼ੋਂ ਛੂੰਅ ਕਰਕੇ ਲੰਘ ਜਾਂਦੇ। ਅਸੀਂ ਹੱਕੇ-ਬੱਕੇ ਹੋਏ ਦੇਖਦੇ ਰਹਿੰਦੇ। ਬੜਾ ਮਾਮਾ ਕਈ ਵਾਰ ਆਣ ਲਈ ਔਲ਼ਦਾ ਪਰ ਛੋਟਾ ਉਹਨੂੰ ਮੱਲੋ-ਮੱਲੀ ਖਿੱਚ ਕੇ ਲੈ ਜਾਂਦਾ। ਬੜਾ ਵਿਚਾਰਾ ਸ਼ਰੀਫ਼। ਛੋਟੇ ਦੀ ਚਲੰਤ ਅਤੇ ਉਹਦਾ ਬੜੇ 'ਤੇ ਪੂਰਾ ਰੋਬ੍ਹ। ਮੈਂ ਇਕ-ਦੋ ਵਾਰ ਆਣ ਲਈ ਬੇਨਤੀ ਕੀਤੀ, ਹੱਥ ਜੋੜੇ। ਛੋਟਾ ਮਾਮਾ ਬੜੇ ਦੇ ਬੋਲਣ ਤੋਂ ਪਹਿਲਾਂ ਹੀ ਮੋਹ੍ਰੇ ਹੋ ਜਾਂਦਾ- ਇਕੋ ਪਾਸੇ ਠੀਕ ਆ। ਸਾਰਿਆਂ ਦੀ ਇਕੋ ਮੁਹਾਰਨੀ। ਜਿੱਦਾਂ ਇਹਨਾਂ ਅੰਦਰਲੇ-ਬਾਰ੍ਹਲਿਆਂ ਨੇ 'ਕੱਠੇ ਬਹਿ ਕੇ ਕੋਈ ਮਤਾ ਪਕਾਇਆ ਹੁੰਦਾ ਪਈ ਇਹੀ ਕਹਿਣਾ- ਇਕੋ ਪਾਸੇ ਠੀਕ ਆ। ਪਤਾ ਨਈਂ, ਸਾਡੇ ਪਾਸੇ ਕਿਹੜਾ ਦਰਿਆ ਪੈਂਦਾ ਜਿਹੜਾ ਪਾਰ ਨਈਂ ਹੁੰਦਾ। ਜਾਂ ਕੋਈ ਇੰਡੀਆ-ਪਾਕ ਵਾਲ਼ਾ ਬਾੱਰਡਰ ਬਣ ਗਿਆ। ਜੇ ਪੁੱਛੋ ਪਈ ਸਾਡੇ ਕੋਲ਼ੋਂ ਕੋਈ ਗਲਤੀ ਹੋ ਗਈ ਤਾਂ ਮਾਫ਼ੀ ਮੰਗ ਲੈਨੇ ਆਂ। ਅਖੇ ਅਸੀਂ ਸੋਚਦੇ ਆਂ, ਸਾਰਿਆਂ ਦੇ ਕਿਹੜਾ ਤੁਰਿਆ ਫਿਰੇ। ਉੱਥੇ ਇਕ ਦੇ ਈ ਆ ਕੇ ਮਿਲ਼ ਲਿਆ ਕਰੋ, ਜੇ ਜੀਅ ਕਰੇ ਤਾਂ...। ਉਹਨਾਂ ਦੀ 'ਤਾਂ', ਸਾਡਾ ਗ਼ੁੱਸਾ ਉਤਾਂਹ ਲੈ ਜਾਂਦੀ।

ਉਹ ਸੰਤਾਂ ਦੇ ਡੇਰੇ ਤੋਂ ਸਾਡੇ ਕੋਲ਼ ਆਂਦੇ-ਜਾਂਦੇ ਰਹਿੰਦੇ। ਸਾਡੇ ਵੱਲ ਨੂੰ ਪਿੱਠਾਂ ਮਰੋੜਨੀਆਂ ਨਾ ਛੱਡੀਆਂ। ਸਗੋਂ ਕਦੇ-ਕਦੇ ਟਿੱਚਰ ਜਿਹੀ ਨਾਲ਼ ਕਹਿੰਦੇ- ਕਦੇ ਸਾਡੇ ਨਾਲ਼ ਚੱਲਿਉ। ਕੋਈ ਭਜਨ-ਬੰਦਗੀ, ਗਿਆਨ ਦੀ ਗੱਲ ਸ਼ੈਦ ਸੰਤਾਂ ਦੀ ਥੁਆਡੇ 'ਤੇ ਅਸਰ ਕਰ ਜਏ। ਥੁਆਨੂੰ ਵੀ ਦੂਜਿਆਂ ਨਾਲ਼ ਮਿਲ਼ਣਾ ਵਰਤਣਾ ਆ ਜਏ। ਮੈਨੂੰ ਸੁਣ ਕੇ ਹਾਸਾ ਆਂਦਾ। ਅਸੀਂ ਸਗੋਂ ਉਲਟ ਉਹਨਾਂ ਬਾਰੇ ਸੋਚਦੇ ਪਈ ਸ਼ੈਦ ਇਹਨਾਂ ਪੱਥਰਾਂ 'ਤੇ ਸੰਤਾਂ ਦੇ ਪਾਣੀ ਪਏ ਦਾ ਕੋਈ ਅਸਰ ਹੋਇਆ ਹਊ ਪਰ ਪੱਥਰ ਹੋਰ ਵਧੀ ਜਾਣ, ਸਾਨੂੰ ਨਸੀਹਤਾਂ ਦੇਈ ਜਾਣ। ਮੇਰੇ ਮੂੰਹੋਂ ਅੰਦਰੋ-ਅੰਦਰੀ ਗਾਲ਼ ਨਿਕਲ਼ ਜਾਂਦੀ- 'ਲਾਨ੍ਹਤ ਏ ਥੁਆਡੀ ਏਹੋ-ਜੇਹੀ ਸੰਤਾਂ ਦੀ ਸੰਗਤ, ਸੇਵਾ ਦੇ।'

ਮੇਰਾ ਦੂਜਾ ਵਿਚਕਾਰਲਾ ਭਾਈ ਬੜਾ ਕੋਰਾ-ਕਰਾਰਾ। ਉਹ ਤਾਂ ਆਖਿਰ ਖਿਝਿਆ, ਦੂਜੇ ਪਾਸੇ ਨੂੰ ਮੂੰਹ ਕਰਕੇ 'ਸਾਸ੍ਰੀਕਾਲ' ਵੀ ਉਹਨਾਂ ਦੇ ਗਿੱਟਿਆਂ 'ਚ ਮਾਰਨ ਲੱਗ ਪਿਆ। ਖ਼ੈਰ, ਮੈਂ ਫੇਰ ਵੀ ਹਊ-ਪਰੇ ਕਰ ਜਾਂਦਾ ਪਈ ਕਦੇ ਤਾਂ ਇਹਨਾਂ ਨੂੰ ਚਾਨਣ ਹੋਊ। ਪਰ ਉਹ ਨੇਰ੍ਹੇ 'ਚ ਭਟਕਦੇ ਸੰਤਾਂ ਕੋਲ਼ੋਂ ਆਂਦੇ। ਕੁਝ ਦਿਨ ਛੋਟੇ ਨਾਲ਼ ਗੱਡੀ 'ਚ ਘੁੰਮਦੇ-ਫਿਰਦੇ। ਉੱਧਰੋਂ ਹੀ ਦਫ਼ਾ ਹੁੰਦੇ।

ਸਾਨੂੰ ਦਿਲੋਂ ਦੁੱਖ ਬੜਾ। ਅਸੀਂ ਆਪਣਾ ਬਚਪਨ ਇਹਨਾਂ ਕੋਲ਼ ਗੁਜਾਰਿਆ। ਸਾਡੀਆਂ ਇਹਨਾਂ ਨਾਲ਼ ਯਾਦਾਂ ਜੁੜੀਆਂ, ਉਹ ਮਨੋਂ ਨਈਂ ਨਿਕਲ਼ਦੀਆਂ। ਪਰ ਉਹ ਕੱਢ ਕੇ ਬੈਠੇ। ...ਪਹਿਲਾਂ ਨਿਆਣੇ ਹੁੰਦਿਆਂ ਨਾਨਕੀਂ ਵੜੇ ਰਹਿਣਾ। ਉਹਨਾਂ ਸਾਡੇ ਲਈ ਘੋੜੇ, ਬੋਤੇ ਬਣ ਕੇ ਸਾਨੂੰ ਘੁੰਮਾਈ ਫਿਰਨਾ। ਆਪਣੇ ਪਿੰਡ ਨਾਲੋਂ ਸਾਡਾ ਚਿੱਤ ਉੱਥੇ ਜਿਆਦਾ ਲਗਣਾ। ਆਣ ਨੂੰ ਜੀਅ ਨਾ ਕਰਨਾ। ਜਦ ਘਰਦਿਆਂ ਨੇ ਲਿਆਣਾ, ਸਾਡੇ ਅੜਾਟ ਪੈਣੇ। ਜਵਾਨੀ ਵੇਲ਼ੇ ਦੀਆਂ ਗੱਲਾਂ, ਉੱਥੇ

ਪਸ਼ੂ ਚਾਰਿਉ, ਕੌਡੀਆਂ ਪਾਈਆਂ ਕਿੱਥੇ ਭੁੱਲਦੀਆਂ। ਮੁੜ-ਮੁੜ ਉਹ ਚਰਾਗਾਹਾਂ, ਮੈਦਾਨ ਚੇਤੇ ਆਂਦੇ। ਉਹਨਾਂ ਦੇ ਖੇਤਾਂ 'ਚ ਕੀਤੀਆਂ ਗੋਡੀਆਂ, ਨੱਕੇ ਮੋੜੇ ਨਾ ਭੁੱਲਦੇ। ਉਹ ਸਮਾਂ ਯਾਦ ਕਰ ਕੇ ਅੱਖਾਂ ਭਰ ਆਂਦੀਆਂ।

ਬਲੈਤੀਏ ਭਰਾ, ਚਾਚੇ ਦੀ ਜ਼ਮੀਨ ਵੀ ਛੋਟੇ ਅਵਤਾਰ ਕੋਲ਼। ਹੋਰ ਉਹਨਾਂ ਦੇ ਘਰ-ਅਬਾਦੀਆਂ ਦੇ ਮੁਖ਼ਤਿਆਰ ਵੀ ਓਹੀ। ਸਾਥੋਂ ਵੀ ਚਾਹੁਣ ਕਿ ਛੋਟੇ ਆਂਗ ਸਾਡੇ ਮਗਰ ਇਹ ਛੁਣਛਣੇ ਖੜਕਾਣ। ਪਰ ਆਪ ਅਸੀਂ ਕੰਨ ਬੰਦ ਕਰ ਕੇ ਇਹਨਾਂ ਦੇ ਘਰਾਂ ਕੋਲ਼ੋਂ ਲੰਘੀ ਜਾਈਏ। ਫੇਰ ਵੀ ਇਹ ਸਾਨੂੰ ਸਲਾਮਾਂ ਮਾਰਨੀਆਂ ਨਾ ਭੁੱਲਣ, ਕਿਉਂਕਿ ਅਸੀਂ ਬਲੈਤੀਏ ਆਂ।

ਸ਼ੁਰੂ ਤੋਂ ਛੋਟਾ ਸ਼ਾਤਰ ਸੀ। ਸਾਰਿਆਂ ਨੂੰ ਪੱਠੇ ਪਾਣੇ ਉਹਨੂੰ ਆਂਦੇ ਸੀ। ਅਸੀਂ ਦੋਮੇਂ ਭਰਾ ਇਸ ਗੱਲੋਂ ਕੱਚੇ। ਲੱਲੋ-ਪੱਪੋ ਕਰਨ ਦਾ ਬੱਲ ਨਾ। ਪਹਿਲਾਂ ਛੋਟੇ ਕੋਲ਼ ਇਕ ਟੁੱਟੀ ਜਿਹੀ ਗੱਡੀ ਹੁੰਦੀ ਸੀ। ਅਸੀਂ ਤਾਂ ਆਮ ਉਦੋਂ ਸੈਕਲਾਂ 'ਤੇ ਹੀ ਲੱਤਾਂ ਮਾਰਦੇ। ਵੈਸੇ ਉਂਝ ਮੈਂ ਤੇ ਦੂਜੇ ਭਰਾ ਨੇ ਵੀ ਘਰਆਲ਼ੀਆਂ ਨੂੰ ਖੁਸ਼ ਰੱਖਣ ਲਈ ਚਾਲੂ ਜਿਹੇ ਸਕੂਟਰ ਰੱਖੇ ਹੋਏ। ਪਰ ਕਿੱਥੇ ਗੱਡੀ, ਕਿੱਥੇ ਸਕੂਟਰ। ਉਹ ਤਾਂ ਫੇ ਗੱਡੀ ਦੀ ਸਵਾਰੀ ਕਰੂਗੇ। ਛੋਟੇ ਨੇ ਉਹਦੇ 'ਤੇ ਸਭ ਨੂੰ ਘੁੰਮਾਈ ਫਿਰਨਾ। ਉਦੋਂ ਓਹੋ ਬੋਤੂ ਬੜੀ ਚੀਜ਼ ਹੁੰਦੀ ਸੀ। ਫਿਰ ਇਹਨਾਂ ਦੇ ਹੀ ਸਿਰ 'ਤੇ ਅਲ਼ੀਸ਼ਾਨ ਗੱਡੀ ਲੈ ਕੇ ਘੁੰਮਾਣ ਲੱਗ ਪਿਆ।

ਉੱਧਰ ਮੇਰੀ ਘਰਆਲ਼ੀ ਵੀ ਉਂਝ ਤਾਂ ਸ਼ਾਤਰ ਬੜੀ ਪਰ ਉਹਦਾ ਉਲਾਂਭਾ ਇਹ ਕਿ ਮੈਂ ਉਹਦਾ ਸਾਥ ਨਈਂ ਦਿੰਦਾ। ਕਈ ਵਾਰ ਛੋਟੇ ਤੇ ਉਹਦੀ ਘਰਵਾਲ਼ੀ ਦੇ ਉੱਤੋਂ ਤੀਂ ਉਹ ਧੋਬੀ-ਪਲਟਾ ਮਾਰ ਕੇ ਵੀ ਦਿਖਾ ਦਿੰਦੀ। ਪਰ ਉਹਦੀ ਵਿਚਾਰੀ ਦੀ ਬੇੜੀ ਮੈਂ ਬਿਠਾ ਦਿੰਦਾ। ਉਹਨੂੰ ਸਾਰੀ ਉਮਰ ਮੇਰੇ 'ਤੇ ਇਹੀ ਗਿਲਾ ਰਿਹਾ। ਅਖੇ ਤੁਸੀਂ ਕਿਸੇ ਕਾਰੀ ਦੇ ਨਈਂ। ਕਹਿੰਦੀ ਬਲੈਤੀਏ, ਲਾਟ ਖਾਂ ਬਣੇ ਮਾਮੇ ਮੈਨੂੰ ਵੀ ਹੱਥ 'ਚ ਕਰਨੇ ਆਂਦੇ। ਪਰ ਮੈਂ ਜੁ ਆਪਣਾ ਹੱਥ ਪਿਛਾਂਹ ਖਿੱਚ ਲੈਂਦਾਂ। ਉਹ ਵਿਚਾਰੀ ਹਉਕਾ ਲੈ ਕੇ ਰਹਿ ਜਾਂਦੀ।

ਫੇਰ ਬਾਰ੍ਹ ਜਾਣ ਦਾ ਐਸਾ ਸਿਲਸਿਲਾ ਸ਼ੁਰੂ ਹੋਇਆ, ਘਰਾਂ ਦੇ ਘਰ ਖਾਲੀ ਹੋ ਗਏ। ਕੋਈ ਸਟੱਡੀ ਬੇਸ 'ਤੇ ਆਈਲੈਟਸ ਕਰਕੇ, ਕਿਸੇ ਨੇ ਕਿਸੇ ਤਰ੍ਹਾਂ ਵਿਆਹ ਦੇ ਸਿਰ 'ਤੇ ਜੁਗਾੜ ਲੜਾ ਲਿਆ। ਕੋਈ-ਕੋਈ ਪੁਆਂਇੰਟਾਂ 'ਤੇ ਵੀ ਮੱਲ ਮਾਰ ਗਿਆ। ਹੋਰ ਕੋਈ ਜ਼ਮੀਨਾਂ ਰੱਖ ਕੇ ਦੋ ਨੰਬਰ 'ਚ ਜਾਨ ਦੀ ਬਾਜੀ ਲਾ ਕੇ ਜਹਾਜ਼, ਸ਼ਿਪ ਜਾਂ ਕਿਸ਼ਤੀ 'ਚ ਜਾ ਚੜ੍ਹਿਆ।...ਉਂਝ ਸੋਚੀਏ ਤਾਂ ਬੰਦਾ ਕਰੂ ਵੀ ਕੀ। ਐਧਰ ਦੀਆਂ ਮਜਬੂਰੀਆਂ...। ਜਦ ਖੂਹ ਦੀ ਮਿੱਠੀ ਖੂਹ ਨੂੰ ਲੱਗੀ ਜਾਊ ਤਾਂ ਕੀ ਕਰੂ ਕੋਈ। ਇਕ ਸਰਕਾਰਾਂ ਦੀਆਂ ਬਦਨੀਤੀਆਂ...। ਦੂਜਾ ਸਾਨੂੰ ਇੱਥੇ ਮਿੱਟੀ ਨਾਲ਼ ਮਿੱਟੀ ਹੋਣਾ ਚੰਗਾ ਲੱਗਣੋਂ ਹਟ ਗਿਆ। ਨੌਕਰੀ, ਜਿਹੜੀ ਪਹਿਲਾਂ ਮਾੜੀ-ਮੋਟੀ ਮਿਲ਼ਦੀ ਸੀ, ਇਕ ਤਾਂ ਪ੍ਰਾਈਵੇਟੇਸ਼ਨ ਨੇ ਖੋਹ ਲਈ। ਦੂਜਾ ਭ੍ਰਿਸ਼ਟਾਚਾਰ ਦਾ ਦੈਂਤ ਖਾ ਗਿਆ।...ਫਿਰ ਉੱਪਰੋਂ ਰੀਸੋ-ਰੀਸੀ ਦੀ ਦੌੜ, ਬਾਰ੍ਹ ਦੀ ਚਕਾਚੌਂਧ, ਲਾਈਫ-ਸਟਾਈਲ, ਪੈਸਾ, ਸਹੂਲਤਾਂ, ਹੋਰ ਬੜਾ ਕੁਛ... ਕਾਹਨੂੰ ਟਿਕਣ ਦਿੰਦਾ ਕਿਸੇ ਨੂੰ ਇੱਧਰ। ਅਗਾਂਹ ਕੁੜੀਆਂ ਦੀ ਆਈਲੈਟਸ ਦੇ ਸਿਰ 'ਤੇ ਸਾਰਾ ਟੱਬਰ ਬਾਰ੍ਹ ਜਾਣ ਨੂੰ ਸਿਰ ਭਾਰ ਹੋਇਆ ਪਿਆ।...ਬਾਕੀ ਜਿਹੜਾ ਕੋਈ ਨਈਂ ਜੁਗਾੜ ਲੜਾ ਸਕਦਾ, ਉਹ ਮਾਨਸਿਕ ਰੋਗੀ ਬਣਿਆਂ ਨਸ਼ੇ ਦਾ ਗੁਲਾਮ ਹੋ ਗਿਆ। ਕੋਈ ਵਕਤ ਦਾ ਮਾਰਿਆ ਖ਼ੁਦਕਸ਼ੀ ਦੇ ਰਾਹ ਜਾ ਪਿਆ।

ਛੋਟੇ ਅਵਤਾਰ ਨੇ ਆਪਣੇ ਨਿਆਣੇ ਤਾਂ ਪਹਿਲੋਂ ਸੈਟ ਕੀਤੇ ਹੋਏ। ਕੁੜੀ ਨੂੰ ਬਲੈਤੀਏ ਭਰਾ ਜਰਨੈਲ ਨੇ ਅਡੌਪਟ ਕੀਤਾ ਹੋਇਆ। ਮੁੰਡਾ ਹੋਟਲ ਮੈਨੇਜਮੈਂਟ ਦੀ ਪੜ੍ਹਾਈ ਵੀ ਉੱਥੇ ਉਹਦੇ ਕੋਲ਼ ਈ ਕਰ ਰਿਹਾ। ਉਹ ਤਾਂ ਤੀਮੀਂ-ਆਦਮੀ 'ਕੱਲੇ ਕੱਛਾਂ ਵਜਾਂਦੇ ਫਿਰਦੇ। ਮੈਂ ਕਦੀ-ਕਦੀ ਸੋਚਦਾ-ਪੁੱਤ ਕੋਈ ਨਈਂ, ਇਹ ਨਿਆਣੇ ਈ ਥੁਆਨੂੰ ਤਾਰੇ ਦਿਖਾਊਗੇ। ਉਹਦੇ ਲੰਡਰ ਮੁੰਡੇ ਦੀ ਆਦਤ ਦਾ ਭੇਤ ਮੈਂ ਪਾਇਆ ਹੋਇਆ। ਮੈਨੂੰ ਛੋਟੇ ਦਾ ਧੁੰਦਲ਼ਾ ਭਵਿੱਖ ਸਾਫ਼-ਸਾਫ਼ ਦਿਸ ਰਿਹਾ। ਕੁੜੀ ਆ, ਉਹਦਾ ਜਰਨੈਲ ਨੂੰ ਤਾਇਆ ਜੀ-ਤਾਇਆ ਜੀ ਕਰਦੀ ਦਾ ਗਲ਼ਾ ਸੁੱਕਦਾ।

ਆਖਿਰ ਮੇਰਾ ਛੋਟਾ ਮੁੰਡਾ ਵੀ ਵਿਆਹ ਦੇ ਬੇਸ 'ਤੇ ਬਾਰ੍ਹ ਕੈਨੇਡੇ ਚਲੇ ਗਿਆ ਅਤੇ ਇਕ ਇੱਥੇ ਮੇਰੇ ਕੋਲ਼ ਖੇਤੀਬਾੜੀ ਦਾ ਕੰਮ ਕਰਨ ਲਈ ਰਹਿ ਗਿਆ। ਬਾਰ੍ਹਲਿਆਂ ਨਾਲ਼ ਹੁਣ ਸੱਟ ਬਰਾਬਰ ਦੀ ਹੋ ਗਈ। ਫੇਰ ਤੂੰ ਕੌਣ, ਤੇ ਮੈਂ ਕੌਣ ਆਲ਼ੀ ਗੱਲ ਹੋ ਗਈ। ਹੁਣ ਤਾਂ ਮੇਰੀ ਫੱਲ੍ਹੋ ਵੀ ਇਹਨਾਂ ਬਲੈਤੀਆਂ, ਮਾਮਿਆਂ ਕੋਲ਼ੋਂ ਨਿਹੋਰੇ ਨਾਲ਼ ਲੰਘਣ ਲੱਗ ਪਈ। ਮੈਂ ਤਾਂ ਫੇਰ ਵੀ ਖ਼ੈਰ ਕਰੀ ਜਾਂਦਾ। ਦੂਜੇ ਗਭਲੇ ਭਾਈ ਨੇ ਤਾਂ ਬਾਰ੍ਹਲੇ ਭਰਾ, ਚਾਚੇ ਤੇ ਮਾਮਿਆਂ ਨੂੰ ਹੁਣ 'ਸਾਸ਼੍ਰੀਕਾਲ' ਗਿੱਟਿਆਂ 'ਚ ਮਾਰਨੀ ਵੀ ਛੱਡ ਦਿੱਤੀ। ਅਗਲਾ ਕਹਿੰਦਾ, ਅਸੀਂ ਇਹਨਾਂ ਤੋਂ ਘੱਟ ਆਂ। ਅਖੇ ਸਾਡਾ ਇਕ ਕਨੇਡਾ, ਇਕ 'ਮਰੀਕਾ 'ਚ ਬੈਠਾ। ਇਕ ਵਾਰ ਉਹਨਾਂ ਕੋਲ਼ ਬਾਰ੍ਹ ਗੇੜਾ ਮਾਰ ਕੇ ਸੁਆਦ ਚਖ ਵੀ ਆਏ। ਹੁਣ ਇੱਥੇ ਰਹਿਣਾ ਹੀ ਉਹਨਾਂ ਨੂੰ ਭਲਾ ਲਗਦਾ। ਕਿਤੇ-ਕਿਤੇ ਗੁਰਦੁਆਰੇ ਜਾ ਆਂਦੇ ਜਾਂ ਕਿਤੇ ਸੜਕ 'ਤੇ ਰੱਖੇ ਪੰਚੈਤੀ ਬੈਂਚ 'ਤੇ ਬਹਿ ਕੇ ਉਹਨਾਂ ਨੂੰ ਬਾਰ੍ਹ ਨਾਲ਼ੋਂ ਵੱਧ ਅਨੰਦ ਆਂਦਾ। ਪਰ ਕਈ ਵਾਰ ਚੁਬਾਰੇ 'ਤੇ ਚੜ੍ਹੇ ਲੰਘਦੇ ਜਹਾਜ਼ਾਂ ਨੂੰ ਉਦਾਸ ਨਿਗਾਹਾਂ ਨਾਲ਼ ਵੇਂਹਦੇ ਨਿਆਣਿਆਂ ਨੂੰ ਯਾਦ ਕਰਦੇ।

000

ਇਹ ਵਾਰੀ ਤਾਂ ਹਰੇਕ 'ਤੇ ਆਣੀ। ਸਾਨੂੰ ਇਹ ਅਕਲ 'ਗਾਂਹ ਨਿਆਣਿਆਂ ਨੇ ਦੇ ਦਿੱਤੀ। ਆਪਣੀ ਬਾਰ੍ਹ ਦੀ ਇੱਛਾ ਪੂਰੀ ਕਰਨ ਲਈ, ਮੁੰਡੇ ਦੇ ਜਾਣ ਤੋਂ ਤਿੰਨ ਕੁ ਸਾਲ ਬਾਅਦ, ਬਾਰ੍ਹਲੇ ਹੋਰ ਰਿਸ਼ਤੇਦਾਰਾਂ ਨੂੰ ਕਹਿ ਸੁਣ ਕੇ ਉਹਤੋਂ ਆਪਣੀ ਪੀ.ਆਰ. ਲਈ ਮਸਾਂ ਅਪਲਾਈ ਕਰਵਾਇਆ। ਉਹ ਬਹਾਨੋਂ-ਬਹਾਨੀਂ ਆਪਣੀ ਮਜਬੂਰੀ ਦੱਸੀ ਜਾਵੇ ਕਿ ਇੱਥੇ ਖਰਚੇ ਬੌਤ੍ਹ ਆ। ਆਮਦਨ ਘੱਟ ਆ। ਮਹਿੰਗਾਈ ਨੇ ਸਾਹ ਕੱਢਿਆ ਪਿਆ। ਇਧਰਲੇ ਮੇਰੇ ਦੂਜੇ ਮੁੰਡੇ ਨੇ ਵੀ ਉਹਦੇ ਡੰਡਾ ਚਾੜ੍ਹਿਆ ਤਾਂ ਉਹ ਸਿੱਧਾ ਹੋਇਆ। ਫਿਰ ਵੀ ਕਈ ਸਾਲ ਬਾਅਦ ਜਾ ਕੇ ਪੀ.ਆਰ. ਦਾ ਨੰਬਰ ਲੱਗਾ।

ਉੱਥੇ ਗਏ-ਗਏ ਤਾਂ ਸਾਡਾ ਕੋਈ ਖਾਸ ਚਿੱਤ ਨਾ ਲੱਗਾ। ਜਾ ਕੇ ਮਹਿਸੂਸ ਹੋਇਆ ਪਈ ਇਹ ਜਵਾਨਾਂ, ਕੰਮ ਕਰਨ ਆਲ਼ਿਆਂ ਦੇ ਮੁਲਕ ਆ। ਸਾਡੇ ਅਰਗੇ ਇਸ ਉਮਰੇ ਤਾਂ ਪਾਰਕਾਂ 'ਚ ਬਹਿ ਕੇ ਡੈਂਬਰਿਆਂ ਆਂਗ ਦੇਖਣ ਜੋਗੇ ਈ ਆ। ਹਾਂ, ਇਹ ਆ ਕਿ ਕੁਝ ਚਿਰ ਘੁੰਮ-ਫਿਰ ਕੇ ਦੇਖ ਆਉ। ਮੁੰਡਾ, ਉਹਦੀ ਘਰਆਲ਼ੀ ਵੀ ਗੱਲੀਂ-ਬਾਤੀਂ ਇਹੀ ਜ਼ਾਹਿਰ ਕਰਨ ਕਿ ਥੁਆਡੇ ਲਈ ਇਸ ਉਮਰੇ ਇੱਥੇ ਰਹਿਣਾ ਔਖਾ। ਬਾਕੀ ਦੇਖ ਲਉ, ਜੇ ਥੁਆਡਾ ਮਨ ਲੱਗਦਾ। ਅਸੀਂ ਉਹਨਾਂ ਦੀਆਂ ਗੱਲਾਂ ਤੋਂ ਉਹਨਾਂ ਨੂੰ ਤੋਲਦੇ, ਪਰਖ਼ਦੇ ਰਹਿੰਦੇ।

ਇੱਧਰ ਇੰਡੀਆ ਆਲ਼ਾ ਮੁੰਡਾ ਆਪਣੀਆਂ ਦਲੀਲਾਂ ਦੇਈ ਜਾਵੇ। ਉਹ ਸਾਡਾ ਪਿਉ ਬਣਦਾ- "ਥੁਆਨੂੰ ਡੈਡੀ ਦਸਾਂ ਸਾਲਾਂ ਨੂੰ ਉੱਥੇ ਪੈਨਸ਼ਨ ਲੱਗ ਜਾਣੀ। ਆਪਣੀ ਐਸ਼ ਕਰਿਉ। ਜਿੱਥੇ, ਜਿਮੇਂ ਜੀਅ ਕੀਤਾ, ਘੁੰਮਿਉਂ-ਫਿਰਿਉ।"

ਮੇਰੇ ਦਿਮਾਗ਼ 'ਚ ਘੁੰਮੇ ਕਿ ਸਾਲ਼ੇ ਕਦੋਂ ਦਸ ਸਾਲ ਆਣੇ, ਕਦ ਪੈਨਸ਼ਨ ਲੱਗਣੀ। ਉਦੋਂ ਸਾਡੀ ਫੂਕ ਨਿਕਲ਼ਣ ਆਲ਼ੀ ਹੋ ਜਾਣੀ। ਨਾਲ਼ੇ ਪੈਨਸ਼ਨ ਈ ਹੱਲ ਥੋੜ੍ਹੀ ਆ ਸਭ ਕੁਛ ਦਾ। ਮੈਨੂੰ ਐਥੇ ਵਾਲ਼ੇ ਮੁੰਡੇ ਦੀਆਂ ਗੱਲਾਂ ਤੋਂ ਲੱਗੇ, ਉਹ ਸਾਨੂੰ ਆਪਣੇ 'ਤੇ ਕੋਈ ਬੋਝ ਸਮਝਦਾ। ਉਹ ਸੋਚਦਾ ਲੱਗੇ ਪਈ ਇਹ ਬੋਝ ਜਾ ਕੇ ਬਾਰ੍ਹਲੇ 'ਤੇ ਬਣਨ।

ਮੈਨੂੰ ਆਪਣੇ-ਆਪ ਨੂੰ ਹੁਣ ਐਂ ਲੱਗਦਾ ਜਿਮੇਂ ਅਸੀਂ ਮੀਆਂ-ਬੀਵੀ ਕੈਨੇਡਾ-ਇੰਡੀਆ ਵਿਚਕਾਰ ਦੋ ਬੇੜੀਆਂ 'ਚ ਝੂਲ ਰਹੇ ਹੋਈਏ ਤੇ ਦੋਵੇਂ ਬੇੜੀਆਂ ਸਾਨੂੰ ਹੁਝਕੇ ਦੇ-ਦੇ ਸੁੱਟ ਰਹੀਆਂ ਹੋਣ। 000

***(ਫੋਨ: +91-94659-52938***
***ਈਮੇਲ: bhangalys@gmail.com)***

# ਹਾਊਈ: ਰੈਜ਼ੀਡੈਂਸ਼ੀਅਲ ਸਕੂਲ ਦੀ ਗਾਥਾ: ਮਿਛਿਲ ਗੁੱਡ
## ਅਨੁਵਾਦ: ਸਾਧੂ ਬਿਨਿੰਗ

*(ਮਿਛਿਲ ਗੁੱਡ ਰੈੱਡ ਫੈਜ਼ੈਂਟ ਕਰੀਅ ਨੇਸ਼ਨ ਸਸਕੈਚਵਾਨ ਦੀ ਮੈਂਬਰ ਹੈ। ਉਸ ਦਾ ਇਹ ਨਾਵਲ 'ਫਾਈਵ ਲਿਟਲ ਇੰਡੀਅਨਜ਼' ਕੈਨੇਡਾ ਦੇ ਇਸਾਈਆਂ ਵੱਲੋਂ ਚਲਾਏ ਜਾਂਦੇ ਰਹੇ ਰੈਜ਼ੀਡੈਂਸ਼ੀਅਲ ਸਕੂਲਾਂ ਵਿਚ ਜਬਰੀ ਰੱਖੇ ਗਏ ਛੋਟੀ ਉਮਰ ਦੇ ਆਦਿਵਾਸੀ ਬੱਚਿਆਂ ਦੇ ਜੀਵਨ ਬਾਰੇ ਹੈ। ਜਿਸ ਤਰ੍ਹਾਂ ਇਨ੍ਹਾਂ ਬੱਚਿਆਂ ਨੂੰ ਉਨ੍ਹਾਂ ਦੇ ਆਪਣੇ ਸੱਭਿਆਚਾਰ ਤੇ ਬੋਲੀ ਨਾਲੋਂ ਸੋਚੀ ਸਮਝੀ ਯੋਜਨਾ ਅਧੀਨ ਤੋੜਿਆ ਗਿਆ ਅਤੇ ਜਿਸ ਤਰ੍ਹਾਂ ਉਨ੍ਹਾਂ ਨਾਲ਼ ਧਾਰਮਿਕ ਕੱਟੜਪੰਥੀਆਂ ਵੱਲੋਂ ਜਿਸਮਾਨੀ ਤੇ ਕਾਮੁਕ ਵਧੀਕੀਆਂ ਕੀਤੀਆਂ ਗਈਆਂ, ਉਹ ਹਰ ਕਿਸੇ ਨੂੰ ਹਿਲਾ ਕੇ ਰੱਖ ਦੇਣ ਵਾਲ਼ੀ ਦਾਸਤਾਨ ਹੈ। ਇਸ ਨਾਵਲ ਵਿਚ ਲੇਖਕ ਨੇ ਬੱਚਿਆਂ ਦੇ ਸਕੂਲ ਵਿਚ ਬਿਤਾਏ ਸਮੇਂ ਬਾਰੇ ਬਹੁਤ ਭਾਵਪੂਰਤ ਤਰੀਕੇ ਨਾਲ਼ ਚਾਨਣਾ ਪਾਇਆ ਹੈ। ਪਰ ਨਾਵਲ ਦਾ ਵੱਡਾ ਭਾਗ ਇਨ੍ਹਾਂ ਸਕੂਲਾਂ ਵਿਚੋਂ ਨਿਕਲੇ ਬੱਚਿਆਂ ਦੇ ਜੀਵਨ ਉੱਪਰ ਸਦਾ ਲਈ ਪਏ ਤਬਾਹੀਕੁਨ ਅਸਰਾਂ ਬਾਰੇ ਹੈ। ਇਹ ਬੱਚੇ, ਜੋ ਸਕੂਲ ਤੋਂ ਨਿਕਲਣ ਤਕ ਨੌਜਵਾਨ ਹੋ ਚੁੱਕੇ ਹੁੰਦੇ ਹਨ, ਕਿਸ ਤਰ੍ਹਾਂ ਵੈਨਕੂਵਰ ਸ਼ਹਿਰ ਦੇ ਪੂਰਬੀ ਇਲਾਕੇ, ਜੋ ਕਿ ਇਕ ਬਹੁਤ ਹੀ ਘਿਨਾਉਣੇ ਤੇ ਨਸਲਵਾਦੀ ਮਾਹੌਲ ਕਰਕੇ ਕਨੇਡਾ ਭਰ ਵਿਚ ਜਾਣਿਆਂ ਤੇ ਧਿਰਕਾਰਿਆ ਜਾਂਦਾ ਹੈ, ਵਿਚ ਰਹਿ ਕੇ ਆਪਣੇ ਜੀਵਨ ਨੂੰ ਜੀਣ ਜੋਗਾ ਬਣਾਉਣ ਦੀਆਂ ਕੋਸ਼ਸ਼ਾਂ ਕਰਦੇ ਹਨ। ਉਨ੍ਹਾਂ ਦੇ ਇਸ ਸੰਘਰਸ਼ ਦੀ ਪੇਸ਼ਕਾਰੀ ਇਸ ਨਾਵਲ ਦੀ ਨਿਵੇਕਲੀ ਵਿਸ਼ੇਸ਼ਤਾ ਹੈ। ਰੈਜ਼ੀਡੈਂਸ਼ੀਅਲ ਸਕੂਲਾਂ ਵਿਚੋਂ ਆਏ ਇਨ੍ਹਾਂ ਨੌਜਵਾਨਾਂ ਵਾਸਤੇ ਵੱਡੇ ਸਮਾਜ ਵਿਚ ਕੋਈ ਸਤਿਕਾਰ ਵਾਲਾ ਥਾਂ ਨਹੀਂ ਸੀ। ਵੈਨਕੂਵਰ ਦੇ ਇਸ ਇਲਾਕੇ ਵਿਚ ਇਨ੍ਹਾਂ ਨਾਲ਼ ਸ਼ਹਿਰ ਦੇ ਆਮ ਲੋਕਾਂ ਵੱਲੋਂ ਹਰ ਕਿਸਮ ਦਾ ਨਸਲੀ ਵਿਤਕਰਾ ਹੁੰਦਾ ਸੀ ਤੇ ਖਾਸ ਕਰ ਸ਼ਹਿਰ ਦੀ ਪੁਲਸ ਵੱਲੋਂ ਇਨ੍ਹਾਂ ਨਾਲ਼ ਹਰ ਤਰ੍ਹਾਂ ਦਾ ਬੁਰਾ ਵਰਤਾਵ ਕਿਸੇ ਨੂੰ ਵੀ ਹੈਰਾਨ ਨਹੀਂ ਸੀ ਕਰਦਾ। ਇਸ ਕਿਸਮ ਦੀਆਂ ਪੁੱਜ ਕੇ ਨਕਾਰਾਤਮਕ ਸਥਿਤੀਆਂ ਦਾ ਸਾਹਮਣਾ ਕਰਦੇ ਹੋਏ ਨੌਜਵਾਨਾਂ ਦੀ ਕਹਾਣੀ ਦੱਸਦਾ ਹੈ ਇਹ ਨਾਵਲ। ਹੋਰਨਾਂ ਦੇ ਨਾਲ਼ ਨਾਲ਼ ਇਸ ਨਾਵਲ ਵਿਚ ਲੇਖਕ ਨੇ ਕੈਨੀ, ਲੂਸੀ, ਮੇਸੀ, ਕਲਾਰਾ ਤੇ ਹਾਊਈ ਪਾਤਰਾਂ ਰਾਹੀਂ ਕੈਨੇਡਾ ਦੇ ਆਦਿਵਾਸੀਆਂ ਨਾਲ਼ ਹੋਏ ਇਸ ਘਿਨੌਣੇ ਵਰਤਾਰੇ ਦੀ ਬਾਤ ਪਾਈ ਹੈ। ਇਸ ਨਾਵਲ ਵਿਚੋਂ ਹਾਊਈ ਨਾਂ ਦਾ ਇਹ ਕਾਂਡ ਮਿਛਿਲ ਗੁੱਡ ਦੇ ਧੰਨਵਾਦ ਸਹਿਤ ਅਨੁਵਾਦ ਕੀਤਾ ਗਿਆ ਹੈ ਜਿਸ ਵਿਚ ਹਾਊਈ ਕਲਾਰਾ ਨੂੰ ਆਪਣੀ ਕਹਾਣੀ ਦੱਸਦਾ ਹੈ - ਅਨੁਵਾਦਕ)*

ਹਾਊਈ ਆਪਣੀ ਕੁਰਸੀ 'ਚ ਬੈਠਾ ਕੱਠਾ ਜਿਹਾ ਹੋ ਗਿਆ। "ਕੀ ਤੂੰ ਮੈਨੂੰ ਬਰੌਕਿੱਟ ਦੇ ਥਾਂ ਹਾਊਈ ਕਹਿ ਕੇ ਬੁਲਾ ਸਕਦੀ ਏਂ? ਮੈਨੂੰ ਪਤਾ ਹੈ ਕਿ ਪਹਿਲਾਂ ਮੈਂ ਹੀ ਤੈਨੂੰ ਕਿਹਾ ਸੀ ਕਿ ਮੈਨੂੰ ਬਰੌਕਿੱਟ ਕਹਿ।"

ਕਲਾਰਾ ਨੇ ਹਾਂ ਵਿੱਚ ਸਿਰ ਹਿਲਾਇਆ। "ਬਿਲਕੁਲ, ਕਿਉਂ ਨਹੀਂ?"

"ਗੱਲ ਇਹ ਹੈ ਕਿ ਜਦੋਂ ਦੀ ਮੇਰੀ ਮਾਂ ਮਰੀ ਹੈ ਕਿਸੇ ਨੇ ਮੈਨੂੰ ਹਾਊਈ ਦੇ ਨਾਂ ਨਾਲ਼ ਨਹੀਂ ਬੁਲਾਇਆ।" ਉਹਨੇ ਆਪਣੇ ਹੱਥਾਂ ਵੱਲ ਡੂੰਘੀਆਂ ਨਜ਼ਰਾਂ ਨਾਲ਼ ਦੇਖਿਆ। "ਜਿੱਦਾਂ ਇਹ ਮੇਰਾ ਆਪਣਾ ਹੀ ਨਾਂ ਮੈਨੂੰ ਮੁੜ ਕੇ ਉਸੇ ਥਾਂ ਲੈ ਜਾਂਦਾ ਹੈ, ਛੋਟਾ ਜਿਹਾ ਮੁੰਡਾ ਬਰੱਦਰ (ਰੈਜ਼ੀਡਿੰਸ਼ੀਅਲ ਸਕੂਲ ਦਾ ਧਾਰਮਿਕ ਕਰਿੰਦਾ) ਦੇ ਰਹਿਮ ਆਸਰੇ। ਇੱਦਾਂ ਲਗਦਾ ਹੈ ਕਿ ਜਿਵੇਂ ਮੇਰਾ ਇਕ ਹਿੱਸਾ ਮਰ ਗਿਆ ਹੋਵੇ, ਜਾਂ ਮੈਂ ਮਰ ਜਾਵਾਂਗਾ, ਜੇ ਮੈਂ ਖੁਦ ਨੂੰ ਇਹਦੇ ਬਾਰੇ ਸੋਚਣ ਦਿਆਂ ਤਾਂ।"

ਇਸ ਗੱਲ ਨੂੰ ਛੇ ਮਹੀਨੇ ਹੋ ਚੁੱਕੇ ਹਨ ਜਦੋਂ ਹਾਊਈ ਜੱਜ ਦੇ ਸਾਹਮਣੇ ਖੜ੍ਹਾ ਹੋਇਆ ਸੀ, ਸ਼ਰਮ 'ਚ ਡੁੱਬਿਆ ਤੇ ਖੁਦ ਪ੍ਰਤੀ ਨਫਰਤ ਨਾਲ਼ ਭਰਿਆ ਹੋਇਆ। ਕਲਾਰਾ ਦੀ ਦਖਲ ਅੰਦਾਜ਼ੀ

ਕਰਕੇ ਉਹਨੂੰ ਜੇਲ੍ਹ ਦੀ ਸਜ਼ਾ ਨਹੀਂ ਸੀ ਹੋਈ, ਸਗੋਂ ਉਸ ਨੂੰ ਛੇ ਮਹੀਨਿਆਂ ਵਾਸਤੇ ਹਫਤੇ ਵਿਚ ਇਕ ਵਾਰ ਕਲਾਰਾ ਕੋਲ਼ੋਂ ਕਾਉਂਸਲਿੰਗ ਲੈਣ ਦੀ ਆਗਿਆ ਮਿਲ਼ ਗਈ ਸੀ। ਅੱਜ ਉਹਦੀ ਅਖੀਰਲੀ ਅਪੁਆਇੰਟਮੈਂਟ) ਸੀ। ਇਸ ਸਮੇਂ ਦੌਰਾਨ ਦੋਵੇਂ ਇਕ ਦੂਜੇ ਦੇ ਕਾਫੀ ਨੇੜੇ ਆ ਗਏ ਸਨ, ਇਕ ਸਾਂਝੇ ਪਿਛੋਕੜ ਵਾਲ਼ੇ, ਜਿਹਦੇ ਬਾਰੇ ਪਹਿਲਾਂ ਉਹਨਾਂ ਨੂੰ ਪਤਾ ਨਹੀਂ ਸੀ। ਜਦੋਂ ਇਕ ਵਾਰ ਕਲਾਰਾ ਨੇ ਹਾਊਈ ਨੂੰ ਗੱਲੀਂ ਲਾ ਲਿਆ, ਤਾਂ ਉਹਨੇ ਮਿਸ਼ਨ (ਰੈਜ਼ੀਡਿੰਸ਼ੀਅਲ ਸਕੂਲ) ਬਾਰੇ ਦੱਸਿਆ ਤੇ ਉਹ ਆਪ ਹੈਰਾਨ ਰਹਿ ਗਿਆ ਜਦੋਂ ਕਲਾਰਾ ਨੇ ਵੀ ਇਹ ਭੇਦ ਸਾਂਝਾ ਕੀਤਾ ਕਿ ਉਹ ਵੀ ਉੱਥੇ ਹੀ ਰਹੀ ਸੀ।

"ਤੂੰ ਮਿਸ਼ਨ ਵਿਚ ਸੀ? ਜਿਹੜਾ ਐਰੋਹੈੱਡ ਬੇਅ ਦੇ ਦੂਜੇ ਪਾਸੇ ਹੈ?" ਇਸ ਗੱਲ ਦੀ ਉਹਨੂੰ ਕੋਈ ਏਡੀ ਵੱਡੀ ਹੈਰਾਨੀ ਨਹੀਂ ਸੀ ਹੋਈ ਕਿ ਉਹ ਕਦੇ ਸਕੂਲ ਵਿਚ ਮਿਲ਼ੇ ਨਹੀਂ ਸਨ, ਕਿਉਂਕਿ ਉੱਥੇ ਮੁੰਡਿਆਂ ਨੂੰ ਕਦੀ ਵੀ ਕੁੜੀਆਂ ਨਾਲ਼ ਗੱਲ ਨਹੀਂ ਸੀ ਕਰਨ ਦਿੱਤੀ ਜਾਂਦੀ ਅਤੇ ਉਹਨਾਂ ਦੀਆਂ ਜ਼ਿੰਦਗੀਆਂ ਪੂਰੀ ਤਰ੍ਹਾਂ ਇਕ ਦੂਜੇ ਤੋਂ ਵੱਖ ਰੱਖੀਆਂ ਜਾਂਦੀਆਂ ਸਨ।

"ਹਾਂ ਮੈਂ ਵੀ ਉੱਥੇ ਦਸ ਸਾਲ ਰਹੀ ਹਾਂ। ਦਸਾਂ ਸਾਲਾਂ ਬਾਅਦ ਉਹਨਾਂ ਨੇ ਮੈਨੂੰ ਜਾਣ ਦੀ ਆਗਿਆ ਦਿੱਤੀ ਸੀ।"

ਉਨ੍ਹਾਂ ਲਈ ਇਕ ਦੂਜੇ ਵੱਲ ਦੇਖਣਾ ਔਖਾ ਹੋ ਗਿਆ, ਉਸ ਥਾਂ ਬਾਰੇ ਸੋਚਦਿਆਂ, ਮਾਹੌਲ ਭਾਰਾ ਹੋ ਗਿਆ ਸੀ ਤੇ ਚੁੱਪ ਝੱਲਣੀ ਔਖੀ।

ਗੱਲਬਾਤ ਦਾ ਰੁੱਖ ਬਦਲਣ ਲਈ, ਹਾਊਈ ਨੇ ਉਹਦੇ ਮੂੰਹ ਵੱਲ ਦੇਖਿਆ ਤੇ ਉਹਦੇ ਆਪਣੇ ਚਿਹਰੇ 'ਤੇ ਹੌਲ਼ੀ ਹੌਲ਼ੀ ਮੁਸਕਾਨ ਖਿਲਰ ਗਈ। "ਸੋ ਕਲਾਰਾ, ਇਹ ਆਪਣੀ ਅਖੀਰਲੀ ਡੇਟ (ਮੁਲਾਕਾਤ) ਹੈ।"

"ਕੀ ਤੂੰ ਸੋਚਦਾ ਏਂ ਕਿ ਤੂੰ ਮੁਸ਼ਕਲਾਂ ਤੋਂ ਬਚਿਆ ਰਹੇਂਗਾ?"

"ਬਿਲਕੁਲ। ਤੇਰੀ ਮਿਹਰਬਾਨੀ ਸਦਕਾ। ਮੇਰਾ ਨਹੀਂ ਖਿਆਲ ਕਿ ਤੇਰੀ ਮੱਦਦ ਬਿਨਾਂ ਮੈਨੂੰ ਕੋਈ ਕੰਮ ਮਿਲ਼ ਸਕਦਾ ਸੀ। ਮੇਰਾ ਸਿਰ ਤਾਂ ਅਜੇ ਵੀ ਜੇਲ ਵਿਚ ਹੀ ਫਸਿਆ ਹੋਇਆ ਸੀ। ਮੈਂ ਬਹੁਤ ਹੀ ਘਬਰਾਇਆ ਤੇ ਗੁਆਚਿਆ ਹੋਇਆ ਮਹਿਸੂਸ ਕਰ ਰਿਹਾ ਸੀ ਜਦ ਕਿ ਮੈਨੂੰ ਏਦਾਂ ਸੋਚਣ ਦੀ ਲੋੜ ਨਹੀਂ ਸੀ।"

ਕਲਾਰਾ ਨੇ ਨਿਗਾਹ ਉਠਾ ਕੇ ਉਹਦੇ ਵੱਲ ਦੇਖਿਆ। "ਦੋਸਤਾ ਆਪਾਂ ਆਜ਼ਾਦ ਹਾਂ। ਹੁਣ ਏਦਾਂ ਹੀ ਰਹੀਏ। ਆਪਾਂ ਆਪਣੇ ਜੀਵਨ ਦਾ ਬਹੁਤ ਹਿੱਸਾ ਗੰਵਾ ਦਿੱਤਾ ਜਦੋਂ ਹੋਰ ਲੋਕ ਸਾਡੇ ਜੀਵਨਾਂ ਦੇ ਮਾਲਕ ਸਨ।"

"ਧੰਨਵਾਦ, ਕਲਾਰਾ। ਤੇਰੀ ਮਦਦ ਬਿਨਾਂ ਮੈਂ ਤਾਂ ਮੁੜ ਕੇ ਫੇਰ ਜੇਲ੍ਹ ਵਿਚ ਹੀ ਹੋਣਾ ਸੀ।"

ਉਹ ਬਾਹਰਲੇ ਦਰਵਾਜ਼ੇ ਤਕ ਇਕੱਠੇ ਤੁਰ ਕੇ ਗਏ ਤੇ ਉੱਥੇ ਪਲ ਕੁ ਖੜ੍ਹੇ ਰਹੇ, ਦੋਵਾਂ ਨੂੰ ਹੀ ਪਤਾ ਨਹੀਂ ਸੀ ਲੱਗ ਰਿਹਾ ਕਿ ਕੀ ਗੱਲ ਕੀਤੀ ਜਾਵੇ। ਕਲਾਰਾ ਨੇ ਅੱਗੇ ਵਧ ਕੇ ਉਹਦੇ ਮੋਢੇ 'ਤੇ ਹੱਥ ਰੱਖਿਆ। ਹਾਊਈ ਨੇ ਕੋਸ਼ਿਸ਼ ਕੀਤੀ ਕਿ ਉਹਨੂੰ ਕਲਾਵੇ ਵਿਚ ਲੈ ਲਵੇ ਜਦੋਂ ਉਹਨੇ ਜਾਣ ਵਾਸਤੇ ਪਾਸਾ ਪਰਤਿਆ, ਇਸ ਭੁਲੇਖੇ ਵਿਚ ਉਹ ਦੋਵੇਂ ਇਕ ਦੂਜੇ ਨਾਲ਼ ਟਕਰਾਅ ਗਏ ਤੇ ਦੋਵਾਂ ਦੇ ਨੱਕ ਇਕ ਦੂਜੇ ਵਿਚ ਜਾ ਵੱਜੇ। ਦੋਵੇਂ ਹੱਸ ਪਏ। ਹਾਊਈ ਦਰਵਾਜ਼ੇ ਤੋਂ ਬਾਹਰ ਨਿਕਲ ਗਿਆ, ਇਕ ਵਾਰ ਫੇਰ ਆਜ਼ਾਦ।

ਉਹ ਵਾਈਨ ਸਟਰੀਟ 'ਤੇ ਸਮੁੰਦਰ ਵੱਲ ਨੂੰ ਤੁਰ ਪਿਆ, ਕਲਾਰਾ ਦੇ ਮਿਸ਼ਨ ਵਿਚ ਹੋਣ ਬਾਰੇ ਸੋਚਦਾ ਹੋਇਆ ਤੇ ਇਹ ਅੰਦਾਜ਼ਾ ਲਾਉਣ ਦੀ ਕੋਸ਼ਸ਼ ਨਾ ਕਰਦਾ ਹੋਇਆ ਕਿ ਕਲਾਰਾ ਨਾਲ਼ ਮਿਸ਼ਨ ਵਿਚ ਕੀ ਕੀ ਭਾਣਾ ਵਰਤਿਆ ਹੋਵੇਗਾ। ਇਹ ਤੱਥ ਕਿ ਉਹ ਉੱਥੇ ਰਿਹਾ ਸੀ ਅਤੇ ਉਹਦੀਆਂ ਗੱਲਾਂ ਵਿਚ ਬਰੱਦਰ ਬਾਰੇ ਕੀਤੇ ਇਸ਼ਾਰਿਆਂ ਤੋਂ ਬਿਨਾਂ ਉਨ੍ਹਾਂ ਨੇ ਕਦੇ ਵੀ ਉਹਦੇ ਮਿਸ਼ਨ ਵਿਚ ਬਿਤਾਏ ਸਮੇਂ ਬਾਰੇ ਕੋਈ ਗੱਲਬਾਤ ਨਹੀਂ ਸੀ ਸਾਂਝੀ ਕੀਤੀ। ਕਲਾਰਾ ਨੇ ਵੀ ਕਦੇ ਕੋਈ ਵਿਸਥਾਰ ਦੱਸਣ ਦੀ ਪੇਸ਼ਕਸ਼ ਨਹੀਂ ਸੀ ਕੀਤੀ। ਉਹ ਆਸ ਕਰਦਾ ਸੀ ਕਿ ਕਲਾਰਾ ਨੇ ਉੱਥੇ ਦਾ

ਬੁਰਾ ਸਮਾਂ ਨਾ ਦੇਖਿਆ ਹੋਵੇ। ਉਹ ਬੀਚ ’ਤੇ ਪਈ ਇਕ ਸ਼ਤੀਰੀ (ਲੌਗ) ’ਤੇ ਬੈਠ ਗਿਆ ਅਤੇ ਇੰਗਲਿਸ਼ ਬੇਅ ਵਿਚ ਖੜ੍ਹੇ ਦਿਓਕੱਦ ਸਮੁੰਦਰੀ ਜਹਾਜ਼ਾਂ ਨੂੰ ਦੇਖਣ ਲੱਗਾ ਜਿਨ੍ਹਾਂ ਦੁਆਲ਼ੇ ਘੁੰਮਦੀਆਂ ਛੋਟੀਆਂ ਛੋਟੀਆਂ ਸਮੁੰਦਰੀ ਕਿਸ਼ਤੀਆਂ ਰੰਗ ਬਰੰਗੀਆਂ ਤਿਤਲੀਆਂ ਵਾਂਗ ਲੱਗਦੀਆਂ ਸਨ।

ਅਗਲੇ ਦਿਨ, ਕੰਮ ਤੋਂ ਬਾਅਦ, ਹਾਊਈ ਵਾਈਨ ਸਟਰੀਟ ਵਾਲ਼ੇ ਫਰਿੰਡਸ਼ਿੱਪ ਸੈਂਟਰ ਵੱਲ ਨੂੰ ਤੁਰ ਪਿਆ ਜਿੱਥੇ ਕਲਾਰਾ ਕੰਮ ਕਰਦੀ ਸੀ। ਉਹ ਆਪਣੇ ਲਈ ਚਾਹ ਦਾ ਕੱਪ ਬਣਾ ਰਹੀ ਸੀ, ਹੱਥ ’ਚ ਫੜੀ ਚਾਹ ਦੀ ਪੁੜੀ ਕੱਪ ਦੇ ਉੱਪਰ ਹਵਾ ਵਿਚ ਲਟਕ ਰਹੀ ਸੀ, ਹਾਊਈ ਨੂੰ ਦਰਵਾਜ਼ੇ ਥਾਣੀ ਅੰਦਰ ਆਉਂਦਿਆਂ ਦੇਖ ਉਹਦੇ ਚਿਹਰੇ ’ਤੇ ਹੈਰਾਨੀ ਛਾਈ ਹੋਈ ਸੀ। ਹੈਰਾਨੀ ਨੇ ਛੇਤੀ ਹੀ ਫਿਕਰ ਦਾ ਰੂਪ ਧਾਰ ਲਿਆ।

“ਸਭ ਠੀਕ ਠਾਕ ਹੈ?”

“ਹਾਂ, ਬਿਲਕੁਲ।” ਉਹਨੇ ਫੁੱਲਾਂ ਦਾ ਇਕ ਛੋਟਾ ਜਿਹਾ ਗੁਲਦਸਤਾ ਆਪਣੀ ਪਿੱਠ ਪਿੱਛਿਓਂ ਸਾਹਮਣੇ ਲਿਆਂਦਾ, ਜਿਹੜਾ ਉਹਨੇ ਚਾਰ ਐਵਿਨਊ ਵਾਲ਼ੀ ਗਰੋਸਰੀ ਦੀ ਦੁਕਾਨ ਤੋਂ ਖੁਦ ਚੁਣਿਆ ਸੀ। ਹਾਊਈ ਨੇ ਚਿਹਰੇ ’ਤੇ ਮੁਸਕਾਨ ਲਿਆ ਕੇ ਕਿਹਾ, “ਠੀਕ ਹੈ ਕਿ ਹੁਣ ਮੇਰਾ ਤੈਨੂੰ ਦੇਖਣਾ ਕਾਨੂੰਨੀ ਤੌਰ ’ਤੇ ਜ਼ਰੂਰੀ ਨਹੀਂ, ਪਰ ਮੈਂ ਤੈਨੂੰ ਮਿਲ਼ਣਾ ਜ਼ਰੂਰ ਚਾਹੁੰਦਾ ਹਾਂ।” ਉਹਨੇ ਫੁੱਲ ਉਹਨੂੰ ਫੜਾ ਦਿੱਤੇ। “ਕੀ ਤੂੰ ਕੰਮ ਬਾਅਦ ਮੇਰੇ ਨਾਲ਼ ਖਾਣੇ ਲਈ ਜਾਣਾ ਪਸੰਦ ਕਰੇਂਗੀ?”

ਕਲਾਰਾ ਘਬਰਾਹਟ ਜਿਹੀ ਵਿਚ ਹੱਸੀ। “ਠੀਕ ਹੈ, ਕਿਉਂ ਨਹੀਂ। ਮੇਰੇ ਏਥੇ ਥੋੜ੍ਹੇ ਜਿਹੇ ਕੰਮ ਕਰਨ ਵਾਲ਼ੇ ਰਹਿੰਦੇ ਹਨ।” ਉਹਨੇ ਆਖਰ ਨੂੰ ਚਾਹ ਦੀ ਪੁੜੀ ਕੱਪ ਵਿਚ ਪਾ ਦਿੱਤੀ। “ਪਰ ਪਹਿਲਾਂ ਮੈਂ ਆਪਣੇ ਘਰ ਜਾਣਾ ਚਾਹਾਂਗੀ।”

“ਓਕੇ। ਠੀਕ ਹੈ, ਮੈਨੂੰ ਤੂੰ ਓਨਲੀ ’ਤੇ ਕਿਉਂ ਨਹੀਂ ਮਿਲ਼ ਲੈਂਦੀ। ਉਹ ਤੇਰੇ ਘਰ ਦੇ ਨਜ਼ਦੀਕ ਹੀ ਹੈ, ਹੈ ਨਾ?”

“ਸਭ ਤੋਂ ਵਧੀਆ ਸੂਪ ਹੈ ਉਨ੍ਹਾਂ ਦਾ। ਉੱਥੇ ਮਿਲ਼ਦੇ ਹਾਂ। ਛੇ ਵਜੇ ਠੀਕ ਹੈ?”

“ਛੇ ਵਜੇ ਠੀਕ।” ਇਕ ਹੱਥ ਵਿਚ ਫੁੱਲ ਤੇ ਦੂਜੇ ਵਿਚ ਚਾਹ ਦਾ ਕੱਪ ਫੜੀ, ਚਿਹਰੇ ’ਤੇ ਥੋੜ੍ਹੀ ਜਿਹੀ ਉਲਝਣ ਦਾ ਝਲਕਾਰਾ ਮਾਰਦੀ ਖੜ੍ਹੀ ਕਲਾਰਾ ਵੱਲ ਦੇਖ ਕੇ ਮੁਸਕਰਾਉਂਦਾ ਹੋਇਆ ਹਾਊਈ ਚਲੇ ਗਿਆ।

ਉਸ ਰਾਤ ਜਦੋਂ ਉਹ ਓਨਲੀ ਦੇ ਅੰਦਰ ਆਈ, ਉਹ ਬੇਹੱਦ ਸੋਹਣੀ ਲੱਗਦੀ ਸੀ। ਉਹਦੇ ਲੰਮੇ ਕਾਲ਼ੇ ਵਾਲ਼ ਸੰਵਾਰ ਕੇ ਬੰਨ੍ਹੇ ਹੋਏ ਸਨ, ਉਹਦੇ ਕੰਮ ਵਾਲ਼ੇ ਕੱਪੜਿਆਂ ਦੀ ਥਾਂ ਹੁਣ ਜੀਨ ਤੇ ਇਕ ਸੰਘਣੇ ਬੁਣੇ ਹੋਏ ਸਵੈਟਰ ਥੱਲੇ ਸੋਹਣੀ ਬਲਾਊਜ਼ ਪਾਈ ਹੋਈ ਸੀ। ਉਹਨੇ ਮੁਸਕਰਾ ਕੇ ਉਹਦੀ ਵੱਲ ਹੱਥ ਹਿਲਾਇਆ। ਉਹ ਉਹਦੇ ਵਾਂਗ ਹੀ ਮੁਸਕਰਾਉਂਦੀ ਆ ਕੇ ਉਹਦੇ ਸਾਹਮਣੇ ਬੈਠ ਗਈ। “ਪਹੁੰਚ ਹੀ ਗਏ ਆਪਾਂ।”

“ਹਾਂ, ਲੱਗਦਾ ਹੈ ਕਿ ਆਪਾਂ ਪਹੁੰਚ ਹੀ ਗਏ ਹਾਂ।”

ਉਨ੍ਹਾਂ ਨੇ ਜੋ ਖਾਣਾ ਸੀ ਵਰਤਾਵੇ ਨੂੰ ਦੱਸਿਆ ਅਤੇ ਹਵਾ ਵਿਚ ਵੱਧ ਰਹੀ ਠੰਡ ਬਾਰੇ ਗੱਲਾਂ ਕੀਤੀਆਂ ਜਿਹੜੀ ਕਿ ਇਸ ਵੇਲੇ ਸ਼ਹਿਰ ਲਈ ਕੁਝ ਕੁਝ ਅਜੀਬ ਸੀ, ਹਾਊਈ ਦਾ ਕੰਮ ਕਿਵੇਂ ਚੱਲ ਰਿਹਾ ਸੀ, ਕਲਾਰਾ ਨੂੰ ਫਰਿੰਡਸ਼ਿੱਪ ਸੈਂਟਰ ਵਿਚ ਨੌਕਰੀ ਕਿੱਦਾਂ ਮਿਲ਼ੀ, ਤੇ ਫੇਰ ਅਖੀਰ ਵਿਚ ਉਹਨੀ ਮਿਸ਼ਨ ਦੀ ਗੱਲ ਛੇੜੀ। ਇਹ ਉਹਨਾਂ ਵਿਚਕਾਰ ਅਦਾਲਤ ਵੱਲੋਂ ਕੀਤੇ ਹੁਕਮਾਂ ਅਧੀਨ ਕੀਤੀ ਜਾਣ ਵਾਲੀ ਗੱਲਬਾਤ ਦੀ ਥਾਂ ਇਕ ਵਿਅਕਤੀਗਤ ਗੱਲਬਾਤ ਸੀ। ਇਸ ਗੱਲ ਨੇ ਉਨ੍ਹਾਂ ਦੋਵਾਂ ਨੂੰ ਅਜ਼ਾਦ ਕਰ ਦਿੱਤਾ ਸੀ, ਅਤੇ ਉਹ ਦੋਵੇਂ ਆਲ਼ੇ ਦੁਆਲ਼ੇ ਬਾਰੇ ਕਾਫੀ ਸਹਿਜ ਦਾ ਅਨੁਭਵ ਕਰ ਰਹੇ ਸਨ।

“ਇਕ ਗੱਲ ਦੀ ਮੈਨੂੰ ਸਮਝ ਨਹੀਂ ਆਉਂਦੀ ਕਿ ਤੂੰ ਇਕ ਕਰੀਅ ਹੋਣ ਦੇ ਬਾਵਜੂਦ ਬੀ ਸੀ ਕੋਸਟ ਦੇ ਰੈਜ਼ੀਡੈਂਸ਼ੀਅਲ ਸਕੂਲ ਵਿਚ ਕਿਸ ਤਰ੍ਹਾਂ ਆ ਫਸਿਆ।”

ਹਾਊਈ ਨੇ ਤਾਕੀ ਥਾਣੀ ਬਾਹਰ ਹੇਸਟਿੰਗ ਸਟਰੀਟ ਵੱਲ ਦੇਖਿਆ। “ਦੋਸਤ ਇਹ ਇਕ

ਲੰਮੀ ਕਹਾਣੀ ਹੈ। ”

ਕਲਾਰਾ ਨੇ ਆਪਣਾ ਹੱਥ ਉਹਦੇ ਹੱਥ ’ਤੇ ਰੱਖਿਆ, “ਮੈਂ ਸਭ ਸੁਣਨ ਲਈ ਤਿਆਰ ਹਾਂ। ”

ਹਾਊਈ ਨੇ ਚਾਹ ਦਾ ਇਕ ਲੰਮਾ ਘੁੱਟ ਭਰਿਆ, ਕੁਰਸੀ ਵਿਚ ਠੀਕ ਤਰ੍ਹਾਂ ਹੋ ਕੇ ਬੈਠ ਗਿਆ ਤੇ ਆਪਣੀ ਗੱਲ ਸ਼ੁਰੂ ਕੀਤੀ –

ਜਿਹੜੀਆਂ ਗਰਮੀਆਂ ਵਿਚ ਮੇਰੀ ਮਾਂ ਨੇ ਪੱਛਮ ਵੱਲ ਜਾਣ ਲਈ ਗੱਡੀ ਫੜੀ ਸੀ ਉਹ ਮੇਰੇ ਜੀਵਨ ਦੀਆਂ ਸਭ ਤੋਂ ਵਧੀਆ ਗਰਮੀਆਂ ਸਨ। ਮੈਂ ਪੰਜ ਸਾਲ ਦਾ ਸੀ, ਛੇਆਂ ਦਾ ਹੋਣ ਵਾਲ਼ਾ ਹੀ ਸੀ। ਮੈਂ ਪਹਿਲੀ ਵਾਰੀ ਗੱਡੀ ਵਿਚ ਬੈਠਣਾ ਸੀ ਅਤੇ ਸਾਡੇ ਜਾਣ ਤੋਂ ਕਈ ਹਫਤੇ ਪਹਿਲਾਂ ਹੀ ਮੈਂ ਆਪਣੀ ਮਾਂ ਨੂੰ ਹਰ ਕਿਸਮ ਦੇ ਸਵਾਲ ਪੁੱਛ ਪੁੱਛ ਕੇ ਤੰਗ ਕਰ ਰੱਖਿਆ ਸੀ: ਆਪਾਂ ਸੌਂਵਾਂਗੇ ਕਿੱਥੇ? ਆਪਾਂ ਨੂੰ ਆਪਣਾ ਖਾਣਾ ਨਾਲ਼ ਲੈ ਕੇ ਜਾਣਾ ਪਵੇਗਾ? ਉੱਥੇ ਪਹੁੰਚਣ ਲਈ ਕਿੰਨਾ ਚਿਰ ਲੱਗੇਗਾ? ਜੇ ਮੈਨੂੰ ਪਿਸ਼ਾਬ ਆ ਗਿਆ ਤਾਂ ਕਿੱਥੇ ਕਰਾਂਗਾ? ਮੇਰੀ ਮਾਂ ਨੇ ਮੇਰੀਆਂ ਗੱਲਾਂ ਨੂੰ ਹਮੇਸ਼ਾ ਦੀ ਤਰ੍ਹਾਂ ਸਹਿਜ ਨਾਲ਼ ਹੀ ਲਿਆ। ਮੁੜ ਮੁੜ ਉਨ੍ਹਾਂ ਹੀ ਸਵਾਲਾਂ ਦੇ ਜਵਾਬ ਦਿੰਦੀ ਰਹੀ, ਰਸੋਈ ਦੀ ਕੁਰਸੀ ’ਤੇ ਮੈਨੂੰ ਠੀਕ ਤਰ੍ਹਾਂ ਖੜ੍ਹਾ ਹੋਣ ਵਿਚ ਮਦਦ ਕਰਦੀ, ਜਦੋਂ ਮੈਂ ਕੰਧ ’ਤੇ ਟੰਗੇ ਕਲੰਡਰ ’ਤੇ ਦਿਨ ’ਤੇ ਨਿਸ਼ਾਨੀ ਲਾਉਣੀ ਚਾਹੁੰਦਾ। ਜਦੋਂ ਮੈਂ ਉਤਾਵਲਾ ਹੋਇਆ ਰਾਤ ਨੂੰ ਸੌਂਦਾ ਨਾ ਤਾਂ ਉਹ ਵਾਰ ਵਾਰ ਮੇਰੇ ਦੁਆਲ਼ੇ ਕੱਪੜੇ ਠੀਕ ਕਰਦੀ।

ਅਸੀਂ ਮੇਰੀ ਮਾਂ ਦੀ ਭੈਣ ਮਾਏ ਨੂੰ ਮਿਲ਼ਣ ਜਾਣਾ ਸੀ। ਮੇਰੀ ਮਾਂ ਕਦੇ ਸਸਕੈਚਵਾਨ ਤੋਂ ਬਾਹਰ ਨਹੀਂ ਸੀ ਗਈ ਤੇ ਰੀਜ਼ਰਵ ਵਿਚੋਂ ਕਦੇ ਕਦਾਈਂ ਹੀ ਬਾਹਰ ਗਈ ਸੀ। ਉਹਨੂੰ ਕਿਤੇ ਹੋਰ ਜਾਣ ਦੀ ਲੋੜ ਹੀ ਨਹੀਂ ਸੀ। ਉਹ ਉਹਦਾ ਘਰ ਸੀ ਤੇ ਉਹਦੇ ਮਾਪਿਆਂ ਦਾ ਤੇ ਦਾਦਿਆਂ ਪੜਦਾਦਿਆਂ ਦਾ ਵੀ, ਜਦੋਂ ਉਹਦੇ ਪੜਦਾਦੇ ਪਿਹਿਊ–ਕਾਮੀਖੋਸਿਟ ਵੱਲੋਂ ਛੇਵੇਂ ਸਮਝੌਤੇ (ਟਰੀਟੀ ਸਿਕਸ) ’ਤੇ ਦਸਤਖਤ ਕੀਤੇ ਗਏ ਸਨ, ਜਿਹਦੇ ਨਾਂਅ ’ਤੇ ਸਾਡੀ ਰੀਜ਼ਰਵ ਦਾ ਨਾਂ ਰੈੱਡ ਫੈਜ਼ੈਂਟ ਰੱਖਿਆ ਗਿਆ ਸੀ। ਪਰ ਉਹਦੀ ਭੈਣ ਬਾਰੇ ਇਹ ਗੱਲ ਨਹੀਂ ਸੀ ਕਹੀ ਜਾ ਸਕਦੀ। ਮਾਏ ਨੇ ਇਕ ਗ਼ੈਰ-ਇੰਡੀਅਨ ਨਾਲ਼ ਵਿਆਹ ਕਰਵਾਇਆ ਸੀ। ਲਾਲ ਵਾਲਾਂ ਵਾਲ਼ਾ ਉਹਦਾ ਖਾਵੰਦ ਉਹਨੂੰ ਹਜ਼ਾਰ ਮੀਲ ਦੂਰ ਬ੍ਰਿਟਿਸ਼ ਕੋਲੰਬੀਆ ਦੇ ਸੈਂਟਰਲ ਕੋਸਟ ’ਤੇ ਇਕ ਲਾਗਿੰਗ ਟਾਊਨ ਵਿਚ ਲੈ ਗਿਆ। ਮਾਸੀ ਮਾਏ ਅਕਸਰ ਕੱਲੀ ਹੁੰਦੀ ਜਦੋਂ ਉਹਦਾ ਪਤੀ ਕਈ ਵਾਰੀ ਲੰਮੇ ਸਮੇਂ ਲਈ ਦੂਰ ਦੇ ਲਾਗਿੰਗ ਕੈਂਪਾਂ ਵਿਚ ਕੰਮ ਕਰਨ ਗਿਆ ਹੁੰਦਾ। ਆਪਣੀ ਭੈਣ ਨੂੰ ਮਿਲ਼ਣ ਦੀ ਤਾਂਘ ਅਤੇ ਆਪਣੀ ਬੋਲੀ ਬੋਲਣ ਦੀ ਇੱਛਾ ਕਰਕੇ ਉਹਨੇ ਆਪਣੇ ਪਤੀ ਨੂੰ ਮਨਾ ਲਿਆ ਕਿ ਉਹ ਮੇਰੀ ਮਾਂ ਨੂੰ ਗੱਡੀ ਦੇ ਟਿਕਟ ਲਈ ਪੈਸੇ ਭੇਜੇ। ਅਸੀਂ ਉਹ ਸਾਰੀਆਂ ਗਰਮੀਆਂ ਉੱਥੇ ਬਿਤਾਉਣੀਆਂ ਸਨ ਜੋ ਕਿ ਮੇਰੇ ਸਕੂਲ ਸ਼ੁਰੂ ਕਰਨ ਤੋਂ ਪਹਿਲਾਂ ਅਖੀਰਲੀਆਂ ਗਰਮੀਆਂ ਸਨ।

ਪੂਰੀ ਤਰ੍ਹਾਂ ਕੱਪੜੇ ਪਾ ਕੇ ਅਸੀਂ ਜਾਣ ਲਈ ਤਿਆਰ ਸਾਂ। ਸਾਡੇ ਜਾਣ ਵਾਲ਼ੇ ਦਿਨ ਦੀ ਸਵੇਰ ਦੀ ਪਹਿਲੀ ਕਿਰਨ ਨਾਲ਼ ਹੀ ਮੈਂ ਉੱਠ ਕੇ ਖਾਣੇ ਵਾਲ਼ੇ ਮੇਜ਼ ’ਤੇ ਪਹੁੰਚ ਗਿਆ ਸੀ।

ਮੇਰੀ ਮਾਂ ਲੱਕੜੀ ਵਾਲ਼ੇ ਸਟੋਵ ਵਿਚ ਬਾਲਣ ਲਈ ਪਾਪਲਰ ਦਰੱਖਤ ਦੇ ਗੋਲ਼ ਗੋਲ਼ ਟੁੱਕੜੇ ਚੁੱਕੀ ਘਰ ਦੇ ਮੋਹਰਲੇ ਦਰਵਾਜ਼ੇ ਰਾਹੀਂ ਅੰਦਰ ਵੜਦੀ ਮੈਨੂੰ ਦੇਖ ਕੇ ਉੱਚੀ ਉੱਚੀ ਹੱਸੀ। “ਤੂੰ ਸੁੱਤਾ ਵੀ ਹੈਂ ਕਿ ਨਹੀਂ?”

“ਜਾਣ ਦਾ ਟਾਇਮ ਹੋਇਆ ਕਿ ਨਹੀਂ ਅਜੇ?” ਮੇਰੇ ਕੋਲੋਂ ਟਿਕ ਕੇ ਬੈਠ ਹੀ ਨਹੀਂ ਸੀ ਹੋ ਰਿਹਾ, ਮੈਂ ਏਨਾ ਉਤਾਵਲਾ ਸੀ।

“ਰਾਮ ਨਾਲ਼ ਸਾਹ ਲੈ *ਨਾਪੇਸਿਸ* (ਨਿੱਕਿਆ)। ਮੈਂ ਚਾਹੁੰਦੀ ਹਾਂ ਕਿ ਜਾਣ ਤੋਂ ਪਹਿਲਾਂ ਤੂੰ ਚੰਗੀ ਤਰ੍ਹਾਂ ਰੱਜ ਕੇ ਗਰਮ ਗਰਮ ਖਾਣਾ ਖਾ ਲਵੇਂ। ਫੇਰ ਆਪਾਂ ਨੂੰ ਉੱਥੇ ਪਹੁੰਚਣ ਤਕ ਸਿਰਫ ਸੁੱਕੀ ਡਬਲ ਰੋਟੀ, ਬੇਰੀਆਂ ਤੇ ਸੁੱਕਾ ਮੀਟ ਹੀ ਖਾਣ ਨੂੰ ਮਿਲ਼ਣਾ ਹੈ।

ਏਦਾਂ ਜਦੋਂ ਕਦੇ ਮੇਰੀ ਮਾਂ ਮੈਨੂੰ ਪਿਆਰ ਨਾਲ਼ “ਨਿੱਕਾ” ਕਹਿੰਦੀ ਤਾਂ ਮੈਨੂੰ ਬਹੁਤ ਚੰਗਾ

ਲੱਗਦਾ ਸੀ। ਉਹਨੇ ਲੱਕੜੀਆਂ ਚੁੱਲ੍ਹੇ ਵਿਚ ਰੱਖ ਦਿੱਤੀਆਂ ਤੇ ਮੈਂ ਸਟੋਵ ਖੋਲ੍ਹ ਕੇ ਅੱਗ ਬਾਲਣ ਲਈ ਤੀਲੇ ਠੀਕ ਤਰ੍ਹਾਂ ਕਰ ਕੇ ਰੱਖ ਦਿੱਤੇ ਅਤੇ ਤੀਲੀ ਬਾਲ਼ ਕੇ ਉਨ੍ਹਾਂ ਨੂੰ ਲਾ ਦਿੱਤੀ ਜਿੱਦਾਂ ਮੇਰੀ ਮਾਂ ਨੇ ਮੈਨੂੰ ਕਰਨਾ ਸਿਖਾਇਆ ਸੀ। ਮੈਂ ਮੇਜ਼ 'ਤੇ ਪਿੱਛੇ ਨੂੰ ਹੋ ਕੇ ਬੈਠ ਗਿਆ ਜਦੋਂ ਉਹਨੇ ਅੱਗ ਨੂੰ ਧਿਆਨ ਨਾਲ਼ ਬਾਲ਼ਿਆ ਤੇ ਲੋਹੇ ਦੇ ਚੁੱਲ੍ਹੇ 'ਤੇ ਪਤੀਲੀ ਵਿਚ ਦਲ਼ੀਆ ਉਬਲਣ ਲਈ ਰੱਖ ਦਿੱਤਾ।

"ਮਾਂ ਮੈਨੂੰ ਇਕ ਵਾਰ ਫੇਰ ਦੱਸ, ਸਮੁੰਦਰ ਕੀ ਹੁੰਦਾ ਹੈ?"

"ਜਿੱਥੇ ਦੂਰ ਤਕ ਤੁਹਾਡੀ ਅੱਖ ਦੇਖ ਸਕਦੀ ਹੋਵੇ ਖੁੱਲ੍ਹਾ ਲੂਣਾ ਪਾਣੀ। ਤੇ ਕੰਢਿਆਂ 'ਤੇ ਚੰਦ ਪਾਣੀ ਨੂੰ ਕਦੇ ਡੂੰਘਾ ਕਰ ਦਿੰਦਾ ਹੈ ਤੇ ਕਦੇ ਘੱਟ ਡੂੰਘਾ।"

"ਸੱਚੀਂ? ਚੰਦ ਕਿੱਦਾਂ ਏਦਾਂ ਕਰ ਸਕਦਾ ਹੈ?"

"ਇਹ ਦੇਖਣ ਲਈ ਤਾਂ ਤੈਨੂੰ ਉਡੀਕ ਕਰਨੀ ਪੈਣੀ ਹੈ।"

ਮੈਂ ਨਾਸ਼ਤੇ ਦੀ ਉਡੀਕ ਵਿਚ ਬੈਠਾ ਮੇਜ਼ ਥੱਲੇ ਆਪਣੀਆਂ ਲੱਤਾਂ ਹਿਲਾਈ ਜਾਂਦਾ ਸੀ, ਤੇ ਮੇਰੇ ਖਿਆਲਾਂ ਵਿਚ ਵੱਡੀਆਂ ਪਾਣੀ ਦੀਆਂ ਝੀਲਾਂ ਚੰਦ ਦੀ ਮਰਜ਼ੀ ਨਾਲ ਕਦੇ ਭਰ ਜਾਂਦੀਆਂ ਸਨ ਤੇ ਕਦੇ ਖਾਲੀ ਹੋ ਜਾਂਦੀਆਂ ਸਨ।

ਨਾਸ਼ਤਾ ਕਰਨ ਬਾਅਦ ਅਸੀਂ ਸਫਾਈ ਕੀਤੀ ਅਤੇ ਮੈਂ ਆਪਣੀ ਮਾਂ ਨੂੰ ਦਿਖਾਇਆ ਕਿ ਮੈਂ ਆਪਣਾ ਬਿਸਤਰਾ ਵੀ ਠੀਕ ਕਰ ਦਿੱਤਾ ਹੋਇਆ ਸੀ। ਫੇਰ ਅਸੀਂ ਘਰ ਦਾ ਦਰਵਾਜ਼ਾ ਬੰਦ ਕਰ ਕੇ ਬਾਹਰ ਬਰਾਂਡੇ ਵਿਚ ਬੈਠ ਕੇ ਉਡੀਕ ਕਰਨ ਲੱਗੇ। ਮੇਰੀ ਮਾਂ ਨੇ ਰਾਤ ਨੂੰ ਖਾਣਾ ਬਣਾਉਣ ਵਾਲ਼ੇ ਚੁੱਲ੍ਹੇ 'ਤੇ ਪਾਣੀ ਗਰਮ ਕਰ ਕੇ ਵੱਡੇ ਟੱਬ ਵਿਚ ਪਾ ਕੇ ਮੈਨੂੰ ਚੰਗੀ ਤਰ੍ਹਾਂ ਮਲ਼ ਮਲ਼ ਕੇ ਨੁਹਾ ਦਿੱਤਾ ਸੀ। ਮੇਰੇ *ਮੋਸ਼ੋਮ* (ਦਾਦੇ) ਨੇ ਸਾਨੂੰ ਗੱਡੀ ਤਕ ਛੱਡਣ ਜਾਣਾ ਸੀ ਤੇ ਸਾਨੂੰ ਉਹਦੀ ਬਹੁਤਾ ਚਿਰ ਉਡੀਕ ਨਹੀਂ ਸੀ ਕਰਨੀ ਪਈ, ਜਦੋਂ ਉਹ ਆਪਣੇ ਪੁਰਾਣੇ ਪਿਕਅੱਪ ਟਰੱਕ ਨਾਲ਼ ਸਾਡੇ ਘਰ ਦੇ ਬਾਹਰ ਪਹੁੰਚ ਗਿਆ। ਉਹ ਘਰ ਤੋਂ ਵੀਹ ਕੁ ਫੁੱਟ ਪਰ੍ਹਾਂ ਹੀ ਰੁਕ ਗਿਆ ਸੀ ਤਾਂ ਕਿ ਸਾਡੇ ਉੱਪਰ ਤੇ ਸਾਡੇ ਸਭ ਤੋਂ ਸੋਹਣੇ ਪਾਏ ਕੱਪੜਿਆਂ ਉੱਪਰ ਧੂੜ ਨਾ ਪਵੇ। ਮੋਸ਼ੋਮ ਨੇ ਸਾਡੇ ਬੈਗ ਟਰੱਕ ਦੇ ਪਿੱਛੇ ਰੱਖ ਦਿੱਤੇ ਤੇ ਅਸੀਂ ਸ਼ਹਿਰ ਵੱਲ ਨੂੰ ਚੱਲ ਪਏ। ਮੈਂ ਟਰੱਕ ਦੀ ਪਿਛਲੀ ਸੀਟ 'ਤੇ ਗੋਡਿਆਂ ਭਰਨੇ ਹੋ ਕੇ ਪਿਛਲੀ ਤਾਕੀ ਰਾਹੀਂ ਪਿਛਾਂਹ ਨੂੰ ਦੇਖ ਰਿਹਾ ਸੀ। ਇਕ ਪਲ ਲਈ ਮੇਰੇ ਢਿੱਡ ਵਿਚ ਗੱਠ ਜਿਹੀ ਪੈਂਦੀ ਮਹਿਸੂਸ ਹੋਈ ਤੇ ਮੇਰਾ ਜੀਅ ਕਰਦਾ ਸੀ ਕਿ ਟਰੱਕ ਖੜ੍ਹਾ ਹੋ ਜਾਵੇ ਤੇ ਮੈਂ ਮੁੜ ਕੇ ਆਪਣੇ ਘਰ ਨੂੰ ਚਲੇ ਜਾਵਾਂ। ਸ਼ਾਇਦ ਮੇਰੇ ਅੰਦਰ ਨੂੰ ਕਿਸੇ ਤਰ੍ਹਾਂ ਪਤਾ ਸੀ ਕਿ ਮੈਂ ਕਦੇ ਮੁੜ ਕੇ ਉਸ ਘਰ ਨੂੰ ਦੇਖ ਨਹੀਂ ਸਕਾਂਗਾ।

ਮੈਂ ਕਦੇ ਵੀ ਪਹਿਲਾਂ ਪਹਾੜ ਨਹੀਂ ਸੀ ਦੇਖੇ ਤੇ ਜਦੋਂ ਗੱਡੀ ਉੱਚੀਆਂ ਉੱਚੀਆਂ ਪਹਾੜੀ ਚੋਟੀਆਂ ਤੇ ਡੂੰਘੀਆਂ ਖਾਈਆਂ ਕੋਲ਼ ਦੀ ਲੰਘ ਰਹੀ ਸੀ ਤੇ ਥੱਲੇ ਠਾਠਾਂ ਮਾਰਦਾ ਪਾਣੀ ਵਗਦਾ ਸੀ ਤਾਂ ਮੈਂ ਡਰ ਨਾਲ਼ ਮਾਂ ਦੀ ਧੌਣ ਪਿੱਛੇ ਆਪਣਾ ਮੂੰਹ ਲੁਕੋ ਲਿਆ ਸੀ। ਸੰਘਣੇ ਜੰਗਲਾਂ ਨੇ ਮੇਰਾ ਸਾਹ ਸੁਕਾ ਦਿੱਤਾ ਸੀ ਤੇ ਤਿੱਖੀਆਂ ਚੋਟੀਆਂ ਲੱਗਦਾ ਸੀ ਜਿੱਦਾਂ ਸਾਡੇ ਉੱਤੇ ਚੜ੍ਹਦੀਆਂ ਆ ਰਹੀਆਂ ਹੋਣ। ਜਿਸ ਤਰ੍ਹਾਂ ਤੇਜ਼ੀ ਨਾਲ਼ ਸਭ ਕੁਝ ਸਾਡੇ ਕੋਲ਼ ਦੀ ਲੰਘ ਰਿਹਾ ਸੀ ਮੈਂ ਹੈਰਾਨ ਹੋਇਆ ਬੈਠਾ ਆਪਣੀਆਂ ਅੱਖਾਂ ਨੂੰ ਇਸ ਅਨੋਖੇ ਸੰਸਾਰ ਤੋਂ ਪਲ ਲਈ ਵੀ ਪਾਸੇ ਨਹੀਂ ਸੀ ਕਰਦਾ।

ਸਾਡੇ ਉੱਥੇ ਪਹੁੰਚਣ 'ਤੇ ਮਾਸੀ ਮਾਏ ਆ ਕੇ ਸਾਨੂੰ ਮਿਲ਼ੀ। ਸਟੇਸ਼ਨ ਤੋਂ ਆ ਰਹੀਆਂ ਉੱਚੀਆਂ ਉੱਚੀਆਂ ਸ਼ਿਸ਼ਕਾਰਨ ਵਰਗੀਆਂ ਆਵਾਜ਼ਾਂ ਵਿਚੋਂ ਹੀ ਮੈਨੂੰ ਆਪਣੀ ਮਾਂ ਤੇ ਮਾਸੀ ਦੇ ਹਾਸੇ ਦੀ ਆਵਾਜ਼ ਸੁਣਦੀ ਜਦੋਂ ਉਹ ਇਕ ਦੂਜੀ ਦੇ ਕਲ਼ਾਵੇ ਭਰ ਰਹੀਆਂ ਸਨ। ਜਦੋਂ ਅਸੀਂ ਉਸ ਛੋਟੇ ਜਿਹੇ ਸ਼ਹਿਰ ਵਿਚ ਦੀ ਲੰਘ ਕੇ ਮਾਸੀ ਮਾਏ ਦੇ ਘਰ ਨੂੰ ਜਾ ਰਹੇ ਸੀ ਤਾਂ ਉਹ ਮੇਰੀ ਵੱਲ ਦੇਖ ਕੇ ਹੈਰਾਨ ਹੋ ਰਹੀ ਸੀ ਪਈ ਮੈਂ ਕਿੰਨਾ ਵੱਡਾ ਹੋ ਗਿਆ ਸੀ।

ਜਦੋਂ ਮੈਂ ਮਾਸੀ ਮਾਏ ਦੇ ਘਰ ਨੂੰ ਫਿਰ-ਤੁਰ ਕੇ ਘੋਖ ਨਾਲ਼ ਦੇਖਣਾ ਸ਼ੁਰੂ ਕੀਤਾ ਤਾਂ ਗੱਡੀ ਦੇ ਸਫਰ ਦੀ ਸਾਰੀ ਹੈਰਾਨੀ ਗੁੰਮ ਸੁੰਮ ਹੋ ਗਈ। ਉਹਦੀ ਰਸੋਈ ਵਿਚ ਟੂਟੀਆਂ 'ਚੋਂ ਪਾਣੀ ਆਉਂਦਾ ਸੀ, ਬਿਜਲੀ ਨਾਲ਼ ਜਗਦੀਆਂ ਬੱਤੀਆਂ ਅਤੇ ਵਗਦੇ ਪਾਣੀ ਵਾਲ਼ਾ ਗੁਸਲਖਾਨਾ। ਮੇਰੇ ਲਈ ਤਾਂ

ਇਹ ਇਕ ਅਜੀਬ ਤੇ ਉਤਸੁਕਤਾ ਭਰੀ ਨਵੀਂ ਦੁਨੀਆਂ ਸੀ। ਉਹਦੇ ਕੋਲ਼ ਤਾਂ ਟੀਵੀ ਵੀ ਸੀ। ਸਾਡੇ ਰੈੱਡ ਫੈਜ਼ੈਂਟ ਵਿਚ ਤਾਂ ਕਿਸੇ ਕੋਲ਼ ਵੀ ਟੀਵੀ ਨਹੀਂ ਸੀ।

"ਸਾਗਾਸਤਿਸ, ਉਹ ਤਾਂ ਫੇਰ ਟੁਆਇਲਿੱਟ ਦਾ ਪਾਣੀ ਛੱਡਣ ਡਿਹਾ ਆ।" ਮਾਸੀ ਮਾਏ ਘੁੰਮਦੇ ਪਾਣੀ ਨੂੰ ਦੇਖਣ ਦੀ ਮੇਰੀ ਦਿਲਚਸਪੀ ਨੂੰ ਦੇਖ ਦੇਖ ਹੱਸੀ ਜਾ ਰਹੀ ਸੀ। ਜੇ ਮੈਂ ਗ਼ੁਸਲਖਾਨੇ ਦਾ ਪਾਣੀ ਨਾ ਛੱਡ ਰਿਹਾ ਹੁੰਦਾ ਤਾਂ ਮੈਂ ਬੱਤੀਆਂ ਜਗਾ ਬੁਝਾ ਰਿਹਾ ਹੁੰਦਾ।

"ਹੁਣ ਬਸ ਵੀ ਕਰ ਨਾਪੇਸਿਸ!" ਮੇਰੀ ਮਾਂ ਨੇ ਸਹਿਜ ਨਾਲ਼ ਮੇਰਾ ਹੱਥ ਬਿਜਲੀ ਦੇ ਸਵਿੱਚ ਤੋਂ ਖਿੱਚ ਲਿਆ।

"ਕੀ ਇਹ ਜਾਦੂ ਹੈ?"

ਮੇਰੀ ਮਾਂ ਨੇ ਹੱਸਦੀ ਨੇ ਆਪਣਾ ਸਿਰ ਹਿਲਾਇਆ। "ਨਹੀਂ, ਪੁੱਤ, ਇਹ ਬਿਜਲੀ ਹੈ।"

"ਬਿਜਲੀ ਕੀ ਹੁੰਦੀ ਹੈ?"

"ਜਿੱਦਾਂ ਬੱਦਲ਼ਾਂ 'ਚ ਬਿਜਲੀ ਲਿਸ਼ਕਦੀ ਹੁੰਦੀ ਹੈ, ਪਰ ਇਹ ਤਾਰਾਂ ਵਿਚ ਹੈ।"

"ਹੈਰਾਨੀ ਨਾਲ਼ ਮੇਰੀਆਂ ਅੱਖਾਂ ਚੌੜੀਆਂ ਹੋ ਗਈਆਂ, ਮੈਂ ਕਿਆਸ ਕਰਨ ਲੱਗਾ ਪਈ ਮਾਸੀ ਮਾਏ ਦੀਆਂ ਕੰਧਾਂ ਦੇ ਪਿੱਛੇ ਤਾਰਾਂ ਵਿਚ ਬਿਜਲੀ ਲਿਸ਼ਕ ਰਹੀ ਸੀ। ਮੈਂ ਹੈਰਾਨ ਹੋਇਆ ਰਸੋਈ ਦੇ ਮੇਜ਼ 'ਤੇ ਬੈਠ ਗਿਆ। "ਕੀ ਮੈਨੂੰ ਪੀਣ ਲਈ ਪਾਣੀ ਮਿਲ਼ ਸਕਦਾ ਹੈ।"

"ਹਾਊਈ", ਮੇਰੀ ਮਾਸੀ ਹੱਸ ਰਹੀ ਸੀ। "ਤੈਨੂੰ ਪਿਆਸ ਨਹੀਂ ਲੱਗੀ ਹੋਈ।"

ਉਹਨੂੰ ਪਤਾ ਸੀ ਕਿ ਮੈਂ ਸਿਰਫ ਰਸੋਈ ਵਿਚ ਟੂਟੀ ਵਿਚੋਂ ਡਿਗਦਾ ਪਾਣੀ ਦੇਖਣਾ ਚਾਹੁੰਦਾ ਸੀ। ਏਥੇ ਕੋਈ ਵੀ ਬਾਹਰ ਪਾਣੀ ਲਈ ਵਰਤਣ ਵਾਲ਼ਾ ਢੋਲ ਨਹੀਂ ਸੀ; ਨਾ ਹੀ ਕੋਈ ਮਿੱਟੀ ਦੇ ਤੇਲ ਨਾਲ਼ ਜਗਣ ਵਾਲ਼ੀਆਂ ਲੈਂਪਾਂ। ਇਸ ਤੋਂ ਵੀ ਵਧੀਆ ਗੱਲ ਤੁਹਾਨੂੰ ਅੱਧੀ ਰਾਤ ਨੂੰ ਜੰਗਲਪਾਣੀ ਜਾਣ ਲਈ ਬਾਹਰ ਦੇ ਚੱਕਰ ਨਹੀਂ ਸੀ ਲਾਉਣੇ ਪੈਂਦੇ। ਸਾਡੇ ਘਰ ਵਿਚ ਤਾਂ ਰਾਤ ਨੂੰ ਬਾਹਰ ਪਖਾਨੇ (ਆਊਟਹਾਊਸ) ਜਾਣਾ ਏਨਾ ਬੁਰਾ ਨਹੀਂ ਸੀ ਹੁੰਦਾ ਕਿਉਂਕਿ ਘਰ ਦੇ ਆਲ਼ੇ ਦੁਆਲ਼ੇ ਕਾਲ਼ੇ ਪੋਪਲਰ ਦਰੱਖਤ ਸਨ ਤੇ ਕਈ ਕਿਸਮ ਦੇ ਝਾੜੀਦਾਰ ਦਰੱਖਤ ਸਨ ਜਿਹੜੇ ਹਵਾ ਨੂੰ ਰੋਕ ਲੈਂਦੇ ਸਨ। ਮਾਏ ਦੇ ਘਰ ਦੁਆਲ਼ੇ ਦੇ ਵੱਡੇ ਵੱਡੇ ਉੱਚੇ ਉੱਚੇ ਹਵਾ ਵਿਚ ਝੂਮਦੇ ਦਿਆਰ ਦੇ ਦਰੱਖਤਾਂ ਵਰਗਾ ਤਾਂ ਕੁਝ ਵੀ ਨਹੀਂ ਸੀ ਸਾਡੇ। ਉਨ੍ਹਾਂ ਦੀਆਂ ਟਾਹਣੀਆਂ ਜਿਵੇਂ ਕਾਲ਼ੇ ਖੰਭ ਤੇ ਪੰਜੇ ਹੋਣ ਜਿਹੜੇ ਮੇਰੇ ਕਮਰੇ ਦੀਆਂ ਕੰਧਾਂ 'ਤੇ ਮੈਨੂੰ ਰਾਤ ਨੂੰ ਨੱਚਦੇ ਦਿਸਦੇ, ਮੈਨੂੰ ਪਏ ਨੂੰ ਡਰਾ ਜਾਂਦੇ। ਮੈਨੂੰ ਲਗਦਾ ਕਿ ਕੋਈ ਭੂਤ (ਵਾਈਟੀਕਾਓ) ਮੈਨੂੰ ਖਾਣ ਲਈ ਆ ਰਿਹਾ ਹੋਵੇ।

ਗਰਮੀਆਂ ਦੇ ਉਹ ਲੰਮੇ ਲੰਮੇ ਨਿੱਘੇ ਦਿਨ ਇਕ ਇਕ ਕਰਕੇ ਲੰਘ ਰਹੇ ਸਨ ਅਤੇ ਸਾਡੇ ਉੱਪਰ ਦੀ ਸੁਖਾਲ਼ੇ ਦਿਨਾਂ ਦੀ ਤਸੱਲੀ ਵਾਲ਼ੀ ਹਵਾ ਲੰਘਦੀ ਗਈ ਜਿੱਦਾਂ ਲਾਗਲੇ ਸਮੁੰਦਰ ਵਿਚ ਆਉਂਦੇ ਜਵਾਰ-ਭਾਟੇ ਦਾ ਪਾਣੀ ਆਉਂਦਾ ਸੀ, ਜੋ ਮਾਸੀ ਮਾਏ ਦੇ ਘਰ ਦੇ ਬਹੁਤ ਲਾਗੇ ਸੀ ਜਿਸ ਨੂੰ ਅਸੀਂ ਰਸੋਈ ਦੀ ਤਾਕੀ ਥਾਣੀ ਦੇਖ ਸਕਦੇ ਸਾਂ। ਰੋਜ਼ ਦਿਨ ਦਾ ਕੁਝ ਨਾ ਕੁਝ ਹਿੱਸਾ ਬੀਚ 'ਤੇ ਬਿਤਾਇਆ ਜਾਂਦਾ, ਰੇਤੇ ਵਿਚੋਂ ਬੰਦ ਸਿੱਪੀਆਂ ਪੁੱਟਣ ਲਈ ਜਾਂ ਤਰਨ ਲਈ। ਮਾਏ ਤੇ ਮੇਰੀ ਮਾਂ ਦੋਵੇਂ ਜਣੀਆਂ ਆਪਣੀ ਬੋਲੀ ਕਰੀਅ ਵਿਚ ਗੱਲਾਂ ਕਰਦੀਆਂ ਤੁਫਾਨ ਲਿਆ ਦਿੰਦੀਆਂ। ਮੈਂ ਸਮੁੰਦਰੀ ਬੂਟੀਆਂ, ਕੇਕੜੇ ਅਤੇ ਸਮੁੰਦਰੀ ਪੰਛੀਆਂ (ਸੀ-ਗੁੱਲ) ਵੱਲੋਂ ਸਿੱਪੀਆਂ ਤੇ ਘੋਗਿਆਂ ਨੂੰ ਪੱਥਰਾਂ 'ਤੇ ਸੁੱਟ ਕੇ ਉਨ੍ਹਾਂ ਵਿੱਚੋਂ ਮੀਟ ਕੱਢ ਕੇ ਖਾਣ ਨੂੰ ਦੇਖ ਦੇਖ ਹੈਰਾਨ ਹੁੰਦਾ। ਆਖਰ ਮੈਨੂੰ ਸਮੁੰਦਰ ਬਾਰੇ ਪੂਰੀ ਸਮਝ ਲੱਗ ਗਈ ਜਦੋਂ ਮੈਂ ਪੂਰੇ ਚੰਦ ਵਾਲ਼ੀ ਰਾਤ ਨੂੰ ਪਾਣੀ ਨੂੰ ਕੰਢੇ ਵੱਲ ਆਉਂਦਾ ਦੇਖਿਆ (ਹਾਈਟਾਈਡ ਆਉਂਦੀ ਦੇਖੀ)। ਰਿੱਛਾਂ ਅਤੇ ਚੀਤਿਆਂ ਦੇ ਖਤਰੇ ਸਹੇੜ ਕੇ ਹਕਲਬੇਰੀ, ਬਲੂਬੇਰੀ ਤੇ ਸਾਲਮਨਬੇਰੀ ਤੋੜਨ ਦੇ ਲਾਲਚ ਅਸੀਂ ਸੰਘਣੀਆਂ ਝਾੜੀਆਂ ਵਾਲ਼ੀਆਂ ਪਹਾੜੀਆਂ 'ਤੇ ਜਾ ਚੜ੍ਹਦੇ। ਸਾਡੇ ਲਈ ਇਹ ਸਮੁੰਦਰ ਤੇ ਮੀਂਹ ਵਾਲ਼ੇ ਜੰਗਲ (ਰੇਨਫੌਰਿਸਟ) ਸਾਡੇ ਪੱਧਰੀ ਧਰਤੀ ਵਾਲ਼ੇ ਆਰਬੋਰੀਅਲ ਜੰਗਲਾਂ ਤੋਂ ਭਾਵੇਂ ਕਿੰਨੇ ਵੀ ਓਪਰੇ ਸਨ ਸਾਡੇ ਲਈ ਇਹ ਦਿਨ ਬਹੁਤ ਹੀ ਸ਼ਾਂਤੀ ਭਰੇ ਸਨ। ਮੈਨੂੰ ਇਸ ਗੱਲ ਨੇ ਵੀ ਕਦੇ ਤੰਗ ਨਾ ਕੀਤਾ ਕਿ ਗੁਆਂਢ ਦੇ ਬੱਚੇ

ਮੇਰੇ ਨਾਲ਼ ਖੇਡਣਾ ਜਾਂ ਮਿਲਣਾ ਗਿਲਣਾ ਪਸੰਦ ਨਹੀਂ ਸੀ ਕਰਦੇ। ਮਾਏ ਨੇ ਸਾਨੂੰ ਦੱਸਿਆ ਸੀ ਕਿ ਉਨ੍ਹਾਂ ਬੱਚਿਆਂ ਦੇ ਮਾਪੇ ਵੀ ਉਹਦੇ ਨਾਲ਼ ਕੋਈ ਵਾਸਤਾ ਨਹੀਂ ਸੀ ਰੱਖਣਾ ਚਾਹੁੰਦੇ। ਇਹਦੇ ਨਾਲ਼ ਸਗੋਂ ਅਸੀਂ ਤਿੰਨੋ ਜਣੇ ਇਕ ਦੂਜੇ ਦੇ ਹੋਰ ਨਜ਼ਦੀਕ ਆ ਗਏ ਸਾਂ।

ਸ਼ਾਮਾਂ ਨੂੰ ਹੁਣ ਕੁਝ ਕੁਝ ਠੰਢ ਹੋਣੀ ਸ਼ੁਰੂ ਹੋ ਗਈ ਸੀ ਜਦੋਂ ਮੇਰੀ ਮਾਂ ਨੇ ਮੈਨੂੰ ਦੱਸਿਆ ਕਿ ਮੇਰੇ ਜਨਮ ਦਿਨ ਦੀ ਮੈਨੂੰ ਹੁਣ ਸਿਰਫ ਚਾਰ ਦਿਨ ਹੋਰ ਉਡੀਕ ਕਰਨੀ ਪੈਣੀ ਸੀ। ਮੇਰੇ ਜਨਮ ਦਿਨ ਉੱਤੇ ਸੱਦਣ ਲਈ ਹੋਰ ਕੋਈ ਤਾਂ ਹੈ ਨਹੀਂ ਸੀ, ਇਸ ਕਰਕੇ ਮੇਰੀ ਮਾਂ ਤੇ ਮਾਸੀ ਦੋਵਾਂ ਨੇ ਇਸ ਮੌਕੇ ਨੂੰ ਖਾਸ ਬਣਾਉਣ ਲਈ ਆਪਣਾ ਪੂਰਾ ਜ਼ੋਰ ਲਾ ਦਿੱਤਾ। ਉਨ੍ਹਾਂ ਨੇ ਭੂੰਪੜੇ, ਨੀਲੇ ਤੇ ਹਰੇ ਰੰਗ ਬਰੰਗੇ ਕਾਗਜ਼ ਵਾਲ਼ੇ ਬੈਨਰ ਖਰੀਦੇ: *ਛੇਵੇਂ ਸਾਲ ਦੇ ਜਨਮ ਦਿਨ ਦੀਆਂ ਵਧਾਈਆਂ ਅਤੇ ਜਨਮ ਦਿਨ ਵਾਲ਼ੇ ਮੁੰਡਿਆ ਇਹ ਤੇਰਾ ਵਿਸ਼ੇਸ਼ ਦਿਨ ਹੈ।* ਘਰ ਦਾ ਸਾਰਾ ਮੂਹਰਲਾ ਹਿੱਸਾ ਬੈਨਰਾਂ ਤੇ ਰਿਬਨਾਂ ਨਾਲ਼ ਢਕਿਆ ਪਿਆ ਸੀ। ਬਹਿਣ ਵਾਲ਼ਾ ਕਮਰਾ ਸਾਰੇ ਦਾ ਸਾਰਾ ਕਈ ਗਜ਼ ਕਰੇਪੀ ਪੇਪਰਾਂ ਨਾਲ਼ ਭਰਿਆ ਪਿਆ ਸੀ – ਕੁਝ ਤਾਕੀਆਂ ਦੁਆਲ਼ੇ ਵਲ਼ੇ ਹੋਏ ਸਨ ਤੇ ਕੁਝ ਛੱਤ ਤਕ ਟੰਗੇ ਹੋਏ ਸਨ। ਹਰ ਪਾਸੇ ਭੂੰਪੜੇ ਹੀ ਭੂੰਪੜੇ ਦਿਸਦੇ ਸਨ ਪਰ ਸਭ ਤੋਂ ਵਧੀਆ ਚੀਜ਼ ਅਸਲ ਵਿਚ ਕੇਕ ਉੱਪਰਲੀ ਮਿੱਠੀ ਲਹਿਰ ਯਾਨੀ ਆਈਸਿੰਗ ਹੀ ਸੀ। ਮੈਨੂੰ ਲੱਗਾ ਸੀ ਕਿ ਮੈਂ ਸ਼ਾਇਦ ਬੇਹੋਸ਼ ਹੀ ਹੋ ਜਾਵਾਂਗਾ ਜਦੋਂ ਮਾਏ ਜਨਮ ਦਿਨ ਲਈ ਸਟੋਰੋਂ ਖਰੀਦੇ ਕੇਕ ਸਣੇ ਸੌਣ ਵਾਲ਼ੇ ਕਮਰੇ ਵਿਚੋਂ ਨਿਕਲੀ। ਮੈਨੂੰ ਜੀਵਨ ਵਿਚ ਅਜਿਹੀ ਸ਼ੈਅ ਚੱਖਣ ਦਾ ਕਦੇ ਮੌਕਾ ਹੀ ਨਹੀਂ ਸੀ ਮਿਲ਼ਿਆ। ਸਾਰੀ ਚੀਜ਼ ਮੇਰੇ ਲਈ ਹੀ ਹੋਵੇ, ਇਹ ਤਾਂ ਸੁਪਨਿਆਂ ਤੋਂ ਵੀ ਪਰੇ ਦੀ ਗੱਲ ਸੀ।

"ਆਪਣੀ ਮਾਸੀ ਦੇ ਨਾਲ਼ ਖੜ੍ਹਾ ਹੋ ਜਾਅ ਤੇ ਕੇਕ 'ਤੇ ਲੱਗੀਆਂ ਮੋਮਬੱਤੀਆਂ ਬੁਝਾਅ।"

ਮੇਰੀ ਮਾਂ ਨੇ ਸਾਡੀ ਇਕ ਤਸਵੀਰ ਖਿੱਚੀ।

"ਮਾਏ ਸਾਡੀ ਵੀ ਇਕ ਤਸਵੀਰ ਖਿੱਚ।"

ਉਹ ਤਸਵੀਰਾਂ ਕਈ ਵਰ੍ਹੇ ਸਾਂਭੀਆਂ ਰਹੀਆਂ। ਇਕ ਮੇਰੀ ਆਪਣੀ ਮਾਂ ਨਾਲ਼, ਉਹਦੀਆਂ ਬਾਹਾਂ ਘੁੱਟ ਕੇ ਮੇਰੇ ਦੁਆਲ਼ੇ ਵਲ਼ੀਆਂ ਹੋਈਆਂ, ਕੈਮਰੇ ਵਿਚ ਪੂਰੀ ਮੁਸਕਾਨ ਨਾਲ਼ ਝਾਕਦਾ ਮੈਂ ਹੈਰਾਨੀ 'ਚ ਚੌੜੀਆਂ ਹੋਈਆਂ ਅੱਖਾਂ, ਤੇ ਕੇਕ ਵੱਲ ਨੂੰ ਇਸ਼ਾਰਾ ਕਰਦਾ ਹੋਇਆ। ਇਕ ਹੋਰ ਜਿਹਦੇ ਵਿਚ ਮਾਏ ਮੇਰੇ ਪਿੱਛੇ ਖੜ੍ਹੀ ਸੀ, ਮੇਰੇ ਮੋਢਿਆਂ 'ਤੇ ਹੱਥ ਰੱਖ ਕੇ, ਅੱਗੇ ਨੂੰ ਝੁਕੀ ਹੋਈ ਆਪਣੀ ਗਲ੍ਹ ਮੇਰੀ ਗੱਲ੍ਹ ਨਾਲ਼ ਲਾਉਂਦੀ ਹੋਈ, ਅਸੀਂ ਦੋਵੇਂ ਕੇਕ ਵੱਲ ਦੇਖ ਕੇ ਮੁਸਕਰਾਉਂਦੇ ਹੋਏ, ਮੋਮਬੱਤੀਆਂ 'ਚੋਂ ਨਿਕਲਦੇ ਧੂੰਏ ਦੀ ਧਾਰ ਜਿਹੀ ਵੀ ਤਸਵੀਰ ਵਿਚ ਦਿਸਦੀ ਸੀ।

ਮਾਏ ਨੇ ਮੈਨੂੰ ਘੁਟਦਿਆਂ ਕਿਹਾ, "ਕੀ ਤੂੰ ਕੋਈ ਮੰਗ ਵੀ ਮੰਗੀ?"

ਮੈਂ ਉਹਨੂੰ ਆਪਣੀ ਮੰਗ ਬਾਰੇ ਨਹੀਂ ਸੀ ਦੱਸਣਾ ਤੇ ਨਾ ਹੀ ਦੱਸਿਆ। ਮੈਂ ਚਾਹੁੰਦਾ ਸੀ ਕਿ ਉਹ ਸੱਚੀ ਹੋ ਜਾਵੇ। ਮੇਰੀ ਮੰਗ ਸੀ ਕਿ ਅਸੀਂ ਤਿੰਨੋ ਜਣੇ ਸਦਾ ਉਸ ਤਰ੍ਹਾਂ ਹੀ ਰਹੀਏ, ਕਦੇ ਨਾ ਮੁੱਕਣ ਵਾਲ਼ੀਆਂ ਗਰਮੀਆਂ ਜਿੱਥੇ ਅਸੀਂ ਇਕ ਦੂਜੇ ਦੇ ਏਨੇ ਨੇੜੇ ਤੇ ਸੁਰੱਖਿਅਤ ਮਹਿਸੂਸ ਕਰਦੇ ਸੀ, ਜੋ ਵੀ ਸਾਡੇ ਮਨ ਵਿਚ ਆਉਂਦਾ ਉਹ ਖੇਡਾਂ ਖੇਡਦੇ। ਮੇਰੇ ਜਨਮ ਦਿਨ ਦੀਆਂ ਸੁਗਾਤਾਂ ਵਿਚ ਸਕੂਲ ਪਾਉਣ ਵਾਲ਼ੇ ਕੱਪੜੇ ਹੋ ਸਕਦੇ ਸਨ, ਪਰ ਹੁਣ ਉਹ ਇਕ ਸਕੂਲ ਜਾਣ ਵਾਲ਼ੇ ਮੁੰਡੇ ਦੇ ਕੱਪੜੇ ਸਨ। ਮੈਂ ਹੁਣ ਛੋਟਾ ਜਿਹਾ ਬੱਚਾ ਨਹੀਂ ਸੀ ਰਿਹਾ। ਮੈਂ ਖੁਦ ਨੂੰ ਆਪਣੇ ਘਰ ਨੇੜਲੇ ਸਕੂਲ ਵਿਚ ਜਾਂਦਿਆਂ ਦੇਖ ਸਕਦਾ ਸੀ ਜਿੱਦਾਂ ਹੋਰ ਵੱਡੇ ਮੁੰਡੇ ਜਾਂਦੇ ਸਨ। ਮਾਸੀ ਮਾਏ ਨੇ ਮੈਨੂੰ ਕਈ ਰੰਗਾਂ ਦੀਆਂ ਛੋਟੀਆਂ ਛੋਟੀਆਂ ਕਾਰਾਂ ਦਿੱਤੀਆਂ। ਮੇਰੇ ਜਨਮ ਦਿਨ ਨੂੰ ਰਾਤ ਦੇ ਖਾਣੇ ਸਮੇਂ ਅਸੀਂ ਘਰ ਦੇ ਪਿਛਵਾੜੇ ਮੀਟ ਭੁੰਨ ਕੇ ਖਾਧਾ, ਜਦ ਤਕ ਅਸੀਂ ਖਾਣ ਤਕ ਪਹੁੰਚੇ, ਮੈਂ ਤਾਂ ਆਪਣੇ ਆਪ ਨੂੰ ਮੀਟ ਨਾਲ਼, ਮਿੱਠੀਆਂ ਗੋਲ਼ੀਆਂ ਨਾਲ਼, ਚਿਪਸ ਨਾਲ਼, ਏਥੋਂ ਤਕ ਕਿ ਮਿੱਠੇ ਸੋਡੇ (ਪੌਪ) ਨਾਲ਼ ਵੀ, ਜਿਹੜਾ ਮੇਰੀ ਮਾਂ ਨੇ ਮੈਨੂੰ ਕਦੇ ਵੀ ਪੀਣ ਨਹੀਂ ਸੀ ਦਿੱਤਾ, ਪੂਰੀ ਤਰ੍ਹਾਂ ਤੁੰਨ ਲਿਆ ਸੀ। ਮੈਂ ਤਾਂ ਖਾਣੇ ਅਤੇ ਜਸ਼ਨਾਂ ਨਾਲ਼ ਸ਼ਰਾਬੀ ਹੋਇਆ ਪਿਆ ਸੀ।

ਜਦੋਂ ਅਸੀਂ ਆਪਣੀ ਮੀਟ ਭੁੰਨਣ ਲਈ ਬਾਲ਼ੀ ਹੋਈ ਅੱਗ ਬੁਝਾ ਰਹੇ ਸਾਂ ਤਾਂ ਇਕ ਚਰਚ ਦਾ

ਪਾਦਰੀ ਮਾਏ ਦੇ ਘਰ ਦੇ ਪਿਛਲੇ ਰਾਹ ਟਹਿਲਕਦਮੀ ਕਰਦਾ ਹੋਇਆ ਆਇਆ। ਮੈਨੂੰ ਉਹਦੇ ਪਾਇਆ ਹੋਇਆ ਕਾਲ਼ਾ ਚੋਲ਼ਾ ਆਮ ਆਦਮੀ ਦੇ ਪਾਏ ਹੋਏ ਕੱਪੜਿਆਂ ਵਰਗਾ ਲੱਗਾ ਅਤੇ ਮੈਂ ਕੋਸ਼ਿਸ਼ ਕੀਤੀ ਕਿ ਹੱਸਾਂ ਨਾ। ਮੈਨੂੰ ਚੇਤਾ ਸੀ ਕਿ ਜਦੋਂ ਅਸੀਂ ਗੱਡੀ ਦੇ ਸਟੇਸ਼ਨ ਤੋਂ ਤੁਰ ਕੇ ਘਰ ਨੂੰ ਆਏ ਸੀ ਤਾਂ ਮੈਂ ਉਹਨੂੰ ਚਰਚ ਦੀਆਂ ਪੌੜੀਆਂ 'ਤੇ ਖੜ੍ਹੇ ਨੂੰ ਦੇਖਿਆ ਸੀ ਇਕ ਬੰਦੇ ਨਾਲ਼ ਗੱਲਾਂ ਕਰਦਿਆਂ, ਜਿਹੜਾ ਇਕ ਤਾਕੀ ਦੀ ਮੁਰੰਮਤ ਕਰ ਰਿਹਾ ਸੀ। ਮਾਸੀ ਮਾਏ ਨੇ ਉਹਦੇ ਅੱਗੇ ਸ਼ਰਧਾ ਨਾਲ਼ ਸਿਰ ਝੁਕਾਇਆ ਸੀ। ਮੇਰੀ ਮਾਂ ਨੇ ਆਪਣੀ ਨਿਗਾਹ ਪਾਸੇ ਨੂੰ ਕਰ ਲਈ ਸੀ।

"ਹੈਲੋ ਫਾਦਰ।" ਮਾਸੀ ਮਾਏ ਨੇ ਚਿਹਰੇ 'ਤੇ ਮੁਸਕਰਾਹਟ ਲਿਆ ਕੇ ਕਿਹਾ, ਜਦੋਂ ਉਹ ਖਾਣੇ ਤੋਂ ਬਚ ਗਈਆਂ ਖੁੰਭਾਂ ਸਾਂਭ ਰਹੀ ਸੀ।

"ਹੈਲੋ ਮਾਏ। ਤੇ ਇਹ ਜਨਮ ਦਿਨ ਵਾਲ਼ਾ ਮੁੰਡਾ ਕੌਣ ਹੈ?" ਮੈਂ ਇਸ ਗੱਲ 'ਤੇ ਥੋੜ੍ਹਾ ਹੈਰਾਨ ਹੋਇਆ ਜਦੋਂ ਉਹਨੇ ਮੇਰੇ ਵਾਲ਼ਾਂ ਵਿਚ ਹੱਥ ਫੇਰਿਆ।

"ਇਹ ਮੇਰੀ ਭੈਣ ਦਾ ਬੇਟਾ ਹੈ। ਤੁਹਾਨੂੰ ਯਾਦ ਹੋਣਾ ਮੈਂ ਦੱਸਿਆ ਸੀ ਕਿ ਉਹ ਇਨ੍ਹਾਂ ਗਰਮੀਆਂ ਵਿਚ ਮੈਨੂੰ ਮਿਲ਼ਣ ਆ ਰਹੇ ਸਨ।"

"ਹਾਂ, ਬਿਲਕੁਲ ਠੀਕ। ਕਿੱਦਾਂ ਬੇਟਾ ਕਿੰਨੇ ਸਾਲਾਂ ਦਾ ਹੋ ਗਿਆ ਏਂ ਤੂੰ ਅੱਜ?"

"ਛੇ" , ਮੈਂ ਮਾਣ ਨਾਲ਼ ਕਿਹਾ ਪਰ ਅੱਧਾ ਕੁ ਆਪਣੀ ਮਾਂ ਦੇ ਪਿੱਛੇ ਛੁਪ ਕੇ।

"ਹੁਣ ਤਾਂ ਫੇਰ ਕਾਫੀ ਜੁਆਨ ਹੋ ਗਿਆਂ।" ਉਹ ਮਾਸੀ ਮਾਏ ਤੇ ਮੇਰੀ ਮਾਂ ਵੱਲ ਨੂੰ ਮੁੜਿਆ ਤੇ ਕਿਹਾ, "ਸ਼ੁੱਭ ਸ਼ਾਮ ਸੁਆਣੀਓ (ਗੁੱਡ ਈਵਨਿੰਗ ਲੇਡੀਜ਼)।"

"ਸ਼ੁੱਭ ਰਾਤਰੀ ਫਾਦਰ।" ਮੇਰੀ ਮਾਸੀ ਨੇ ਮੁਸਕਰਾਉਂਦਿਆਂ ਕਿਹਾ। ਮੇਰੀ ਮਾਂ ਥੋੜ੍ਹੀ ਅਸਹਿ ਜਿਹੀ ਸੀ। ਅਸੀਂ ਚਰਚ ਜਾਣ ਵਾਲ਼ੇ ਲੋਕ ਨਹੀਂ ਸਾਂ।

ਉਹ ਸ਼ਾਨਦਾਰ ਜਨਮ ਦਿਨ ਪਾਰਟੀ ਕਿੰਨੇ ਦਿਨ ਮੇਰੇ ਮਨ ਵਿਚ ਰਹੀ, ਖਾਸ ਕਰ ਇਸ ਲਈ ਕਿ ਉਹ ਕੇਕ ਜਿਹੜਾ ਮਾਸੀ ਮਾਏ ਨੇ ਬਚਾ ਕੇ ਰੱਖ ਲਿਆ ਸੀ, ਉਸ ਦਾ ਇਕ ਨਿੱਕਾ ਜਿਹਾ ਟੁਕੜਾ ਮੈਨੂੰ ਹਰ ਰੋਜ਼ ਖਾਣ ਲਈ ਮਿਲ਼ ਜਾਂਦਾ ਸੀ। ਮੇਰੀ ਮਾਂ ਤੇ ਮਾਸੀ ਮੇਰਾ ਹਰ ਪਲ ਖਿਆਲ ਰੱਖਦੀਆਂ ਪਰ ਮੈਨੂੰ ਖੇਡਣ ਤੋਂ ਬਿਨਾਂ ਹੋਰ ਕਿਸੇ ਚੀਜ਼ ਦੀ ਸੁਰਤ ਨਹੀਂ ਸੀ। ਉਹ ਛੋਟੀਆਂ ਕਾਰਾਂ ਦੇ ਬੇੜੇ ਨੇ ਸਾਰੀਆਂ ਗਰਮੀਆਂ ਮੈਨੂੰ ਪੂਰੀ ਤਰ੍ਹਾਂ ਮਸਰੂਫ ਰੱਖਿਆ। ਮੈਂ ਰੇਤ ਵਿਚ ਸੜਕਾਂ ਬਣਾਉਂਦਾ, ਬੀਚ 'ਤੇ ਜਾਂ ਮਾਸੀ ਦੇ ਘਰ ਅਗਲੇ ਵਿਹੜੇ ਦੇ ਸਾਹਮਣੇ ਪੱਥਰਾਂ ਦੇ ਬੰਨ੍ਹ ਬਣਾਉਂਦਾ ਜਿਨ੍ਹਾਂ ਨੂੰ ਮੈਂ ਪਹਾੜੀ ਸੜਕਾਂ ਖਿਆਲਦਾ।

ਸਾਡੇ ਵਾਪਸ ਜਾਣ ਵਾਲ਼ੇ ਦਿਨ ਤੋਂ ਪਹਿਲੀ ਸ਼ਾਮ ਨੂੰ ਮਾਏ ਸਾਡਾ ਸਮਾਨ ਬੰਨ੍ਹਣ ਵਿਚ ਮਦਦ ਕਰਦੀ ਕਰਦੀ ਰੋਈ ਜਾਂਦੀ ਸੀ।

"ਮਾਏ ਰੋ ਨਾ। *ਕੀ ਸਗਾਹੀਤਿਨ, ਨਿਸੀਮ*।" ਮਾਂ ਨੇ ਆਪਣੀ ਭੈਣ ਨੂੰ ਕਲਾਵੇ ਵਿਚ ਲਿਆ।

"ਮੈਂ ਵੀ ਤੈਨੂੰ ਬਹੁਤ ਪਿਆਰ ਕਰਦੀ ਹਾਂ। ਸਾਗਾਸਤਿਸ, ਮੈਂ ਤੁਹਾਨੂੰ ਦੋਵਾਂ ਨੂੰ ਹਰ ਪਲ ਯਾਦ ਕਰਾਂਗੀ।"

"ਮੈਂ ਚਾਹ ਬਣਾਉਂਦੀ ਹਾਂ।"

"ਹਾਂ, ਚਾਹ ਤਾਂ ਹਮੇਸ਼ਾ ਮਦਦ ਕਰਦੀ ਹੈ।" ਮਾਏ ਨੇ ਆਪਣੇ ਹੰਝੂ ਆਪਣੇ ਐਪਰਨ ਨਾਲ਼ ਪੂੰਝੇ।

"*ਤਾਪਵੇਅ ਚੀ*। ਇਹ ਸੱਚ ਹੈ।" ਮੇਰੀ ਮਾਂ ਉੱਠ ਕੇ ਖੜ੍ਹੀ ਹੋਈ ਤੇ ਉਹਨੇ ਕੇਟਲੀ ਤਵੇ 'ਤੇ ਰੱਖ ਦਿੱਤੀ।

"ਮੈਂ ਤੁਹਾਡੇ ਦੋਵਾਂ ਲਈ ਏਨਾ ਸੋਹਣਾ ਖਾਣਾ ਬਣਾਵਾਂਗੀ ਕਿ ਤੁਸੀਂ ਯਾਦ ਰੱਖੋਗੇ। ਪਰ ਮੈਂ ਤੁਹਾਨੂੰ ਏਨਾ ਯਾਦ ਕਰਾਂਗੀ।" ਉਹਨੇ ਮੈਨੂੰ ਕਲਾਵੇ ਵਿਚ ਲੈ ਕੇ ਜ਼ੋਰ ਨਾਲ਼ ਘੁੱਟਿਆ।

ਮੈਂ ਪੂਰੇ ਜ਼ੋਰ ਨਾਲ਼ ਆਪਣੇ ਹੰਝੂ ਰੋਕਣ ਦੀ ਕੋਸ਼ਿਸ਼ ਕੀਤੀ, ਮਾਸੀ ਮਾਏ ਤੋਂ ਬਿਨਾਂ ਆਉਣ

ਵਾਲ਼ੇ ਸਮੇਂ ਬਾਰੇ ਮੈਂ ਖਿਆਲ ਵੀ ਨਹੀਂ ਸੀ ਕਰ ਸਕਦਾ। ਉਸ ਸ਼ਾਮ ਮੈਂ ਰਸੋਈ ਵਿਚ ਉਹਦੇ ਲਾਗੇ ਕੁਰਸੀ 'ਤੇ ਖੜ੍ਹ ਕੇ ਉਹਦੀ ਭਾਂਡੇ ਧੋਣ ਵਿਚ ਮਦਦ ਕੀਤੀ। ਮੇਰੀ ਮਾਂ ਸੌਣ ਵਾਲ਼ੇ ਕਮਰੇ ਵਿਚ ਸਾਡਾ ਸਮਾਨ ਬੰਨ੍ਹ ਰਹੀ ਸੀ। ਮਾਸੀ ਮਾਏ ਨੇ ਮੈਨੂੰ ਸਮਝਾਇਆ ਕਿ ਗਲਾਸਾਂ ਨੂੰ ਕਿੱਦਾਂ ਚੰਗੀ ਤਰ੍ਹਾਂ ਪਾਣੀ ਵਿਚ ਦੀ ਕੱਢਣਾ ਹੈ ਤਾਂ ਕਿ ਪਾਣੀ ਪੀਣ ਵੇਲੇ ਵਿਚੋਂ ਸਾਬਣ ਦਾ ਸੁਆਦ ਨਾ ਆਵੇ। ਮੈਂ ਆਖਰੀ ਪਲੇਟ ਸਾਫ ਕਰ ਕੇ ਰੱਖ ਰਿਹਾ ਸੀ ਜਦੋਂ ਕਿਸੇ ਨੇ ਉੱਚੀ ਉੱਚੀ ਦਰਵਾਜ਼ਾ ਖੜਕਾਇਆ ਜਿਸ ਨਾਲ਼ ਅਸੀਂ ਸਾਰੇ ਤ੍ਰਭਕ ਗਏ। ਮਾਸੀ ਮਾਏ ਨੇ ਸਵਾਲ਼ੀਆਂ ਨਜ਼ਰਾਂ ਨਾਲ਼ ਮੇਰੀ ਵੱਲ ਦੇਖਿਆ ਤੇ ਨਾਲੇ ਆਪਣੇ ਮੋਢੇ ਤਾਂਹ ਨੂੰ ਚੁੱਕੇ। ਆਪਣੇ ਹੱਥਾਂ ਨੂੰ ਐਪਰਨ 'ਤੇ ਘਸਾਉਂਦੀ ਹੋਈ ਉਹ ਬਾਹਰਲੇ ਦਰਵਾਜ਼ੇ ਵੱਲ ਗਈ। ਬਾਹਰ ਦਰਵਾਜ਼ੇ 'ਤੇ ਉਹੀ ਚਰਚ ਦਾ ਪਾਦਰੀ ਸੀ ਜਿਹੜਾ ਮੇਰੀ ਪਾਰਟੀ ਵੇਲ਼ੇ ਸਾਡੇ ਕੋਲ਼ ਦੀ ਲੰਘਿਆ ਸੀ। ਇਸ ਵਾਰ ਉਹ ਕੱਲਾ ਨਹੀਂ ਸੀ। ਉਹਦੇ ਨਾਲ਼ ਇਕ ਆਰ ਸੀ ਐੱਮ ਪੀ ਦਾ ਸਿਪਾਹੀ ਸੀ, ਜਿਹੜਾ ਮੇਰੀ ਮਾਸੀ ਦੇ ਸਿਰ ਚੜ੍ਹਿਆ ਖੜ੍ਹਾ ਸੀ।

ਮੇਰੀ ਮਾਂ ਕਮਰੇ ਤੋਂ ਬਾਹਰ ਆਈ, "ਕੀ ਹੋ ਰਿਹਾ ਹੈ?"

"ਮਾਏ", ਪਾਦਰੀ ਨੇ ਕਿਹਾ, "ਅਸੀਂ ਮੁੰਡੇ ਨੂੰ ਸਕੂਲ ਲੈ ਕੇ ਜਾਣ ਲਈ ਏਥੇ ਆਏ ਹਾਂ। ਉਹ ਛੇ ਸਾਲ ਦਾ ਹੋ ਗਿਆ ਹੈ। ਇਹ ਕਾਨੂੰਨ ਹੈ।"

"ਫਾਦਰ, ਮੁੰਡਾ ਏਥੇ ਨਹੀਂ ਰਹਿੰਦਾ। ਉਹ ਕੱਲ੍ਹ ਨੂੰ ਆਪਣੀ ਮਾਂ ਨਾਲ਼ ਆਪਣੇ ਘਰ ਜਾ ਰਿਹਾ ਹੈ।"

ਮੇਰੀ ਮਾਂ ਨੇ ਅੱਗੇ ਨੂੰ ਕਦਮ ਚੁੱਕਿਆ, ਮੇਰੇ ਮੋਢਿਆ ਨੂੰ ਦਬਾਇਆ, ਮੈਨੂੰ ਇਸ਼ਾਰਾ ਕੀਤਾ ਕਿ ਮੈਂ ਉਹਦੇ ਪਿੱਛੇ ਖੜ੍ਹਾ ਹੋ ਜਾਵਾਂ। "ਅਸੀਂ ਕੱਲ੍ਹ ਨੂੰ ਆਪਣੇ ਘਰ ਜਾ ਰਹੇ ਹਾਂ। ਉਹ ਰੈੱਡ ਫੈਜ਼ੈਂਟ ਦੇ ਸਕੂਲ ਜਾਵੇਗਾ।"

"ਮੁਆਫ ਕਰਨਾ ਮੈਮ," ਸਿਪਾਹੀ ਨੇ ਕਦਮ ਅੱਗੇ ਵਧਾਇਆ। "ਉਹ ਹੁਣ ਇਸ ਵੇਲੇ ਏਥੇ ਹੈ। ਤੇ ਨਾਲੇ ਮੈਨੂੰ ਇਹ ਕਿੱਦਾਂ ਪਤਾ ਲੱਗੇਗਾ ਕਿ ਤੂੰ ਉਹਨੂੰ ਸਕੂਲ ਲੈ ਕੇ ਜਾਵੇਂਗੀ? ਉਹ ਸਾਡੇ ਨਾਲ਼ ਆਵੇਗਾ ਹੁਣੇ ਹੀ।"

ਪਾਦਰੀ ਨੇ ਸਿਪਾਹੀ ਨੂੰ ਇਸ਼ਾਰਾ ਕੀਤਾ ਅਤੇ ਉਹਨੇ ਮਾਂ ਤੋਂ ਪਾਸੇ ਦੀ ਹੋ ਕੇ ਮੇਰੇ ਵੱਲ ਹੱਥ ਵਧਾਇਆ।

"ਨਹੀਂ! ਨਹੀਂ! ਮੇਰੀ ਮਾਂ ਨੇ ਮੈਨੂੰ ਪਿੱਛੇ ਇਕ ਖੂੰਜੇ ਵੱਲ ਕਰ ਦਿੱਤਾ ਅਤੇ ਆਪਣੇ ਸ਼ਰੀਰ ਨਾਲ਼ ਮੈਨੂੰ ਢਕ ਲਿਆ। "ਇਹ ਗ਼ਲਤ ਹੈ। ਉਹ ਸਸਕੈਚਵਾਨ ਵਿਚ ਸਕੂਲੇ ਜਾਵੇਗਾ। ਸਾਡੇ ਸਕੂਲ ਵਿਚ ਉਹਦਾ ਨਾਂ ਪਹਿਲਾਂ ਹੀ ਦਰਜ ਹੈ।"

ਸਿਪਾਹੀ ਨੇ ਮੇਰੀ ਮਾਂ ਵੱਲ ਕਦਮ ਵਧਾਇਆ। "ਮੈਮ, ਰਾਹ ਵਿਚੋਂ ਪਾਸੇ ਹੋ ਜਾਹ।

"ਨਹੀਂ। ਤੂੰ ਨਹੀਂ ਉਹਨੂੰ ਲਿਜਾ ਸਕਦਾ।" ਮੇਰੀ ਮਾਂ ਨੇ ਮੇਰਾ ਕਲਾਵਾ ਭਰ ਲਿਆ ਅਤੇ ਪਿਛਲੇ ਦਰਵਾਜ਼ੇ ਵੱਲ ਨੂੰ ਦੌੜੀ, ਪਰ ਫੇਰ ਉਹ ਉਹਦੇ ਉੱਪਰ ਪਹੁੰਚ ਗਿਆ ਤੇ ਉਹਨੂੰ ਮੇਰੇ ਤੋਂ ਪਰਾਂਹ ਧੱਕ ਦਿੱਤਾ। ਉਹਨੇ ਡਿੱਗਦੀ ਨੇ ਚੀਕ ਮਾਰੀ। ਮੈਂ ਪਿਛਲੇ ਦਰਵਾਜ਼ੇ ਵੱਲ ਨੂੰ ਭੱਜਿਆ ਪਰ ਉਹਨੇ ਮੈਨੂੰ ਚੁੱਕ ਲਿਆ, ਆਪਣੇ ਮੋਢਿਆਂ 'ਤੇ ਸੁੱਟ ਲਿਆ ਤੇ ਮੈਨੂੰ ਲੈ ਕੇ ਬਾਹਰਲੇ ਦਰਵਾਜ਼ੇ ਵੱਲ ਨੂੰ ਤੁਰ ਪਿਆ। ਮੇਰੀ ਮਾਂ ਉਹਦੇ ਮਗਰ ਮਗਰ ਦੌੜਦੀ ਹੋਈ ਜਾ ਰਹੀ ਸੀ ਤੇ ਕਰੀਅ ਵਿਚ ਰੌਲ਼ੀ ਪਾ ਰਹੀ ਸੀ। ਮੇਰੀ ਮਾਸੀ ਪਾਦਰੀ ਦੇ ਤਰਲੇ ਕਰ ਰਹੀ ਸੀ ਜੋ ਮੂੰਹ ਘੁਮਾ ਕੇ ਕਾਰ ਵੱਲ ਜਾ ਰਿਹਾ ਸੀ। ਮੈਂ ਦੇਖਿਆ ਕਿ ਮੇਰੀ ਮਾਂ ਸਿਪਾਹੀ ਦੇ ਮੁੱਕੀਆਂ ਮਾਰ ਰਹੀ ਸੀ। ਉਹਦੇ ਤਕੜੇ ਤੇ ਕੰਮ ਕਰਨ ਦੀ ਯੋਗਤਾ ਵਾਲ਼ੇ ਹੱਥ ਉਸ ਦੀ ਵੱਡੇ ਕੱਦ ਦੀ ਪਿੱਠ ਦੇ ਮੁਕਾਬਲੇ ਕਿੰਨੇ ਛੋਟੇ ਜਿਹੇ ਜਾਪਦੇ ਸਨ। ਉਹਨੇ ਮੈਨੂੰ ਕਾਰ ਦੀ ਪਿਛਲੀ ਸੀਟ 'ਤੇ ਬਿਠਾ ਦਿੱਤਾ ਤੇ ਪਾਦਰੀ ਵੀ ਮੇਰੇ ਨਾਲ਼ ਆ ਕੇ ਬੈਠ ਗਿਆ, ਮੇਰੇ ਤੇ ਮੇਰੀ ਮਾਂ ਵਿਚਾਲੇ ਇਕ ਕੰਧ ਵਾਂਗ।

ਸਿਪਾਹੀ ਨੇ ਉਹਦੇ ਵੱਲ ਰੁੱਖ ਕੀਤਾ। "ਕੀ ਤੂੰ ਜੇਲ੍ਹ ਜਾਣਾ ਚਾਹੁੰਦੀ ਏਂ? ਇਹ ਕਾਨੂੰਨ ਹੈ।

ਮੈਂ ਕਾਨੂੰਨ ਨੂੰ ਲਾਗੂ ਕਰਨ ਲਈ ਏਥੇ ਹਾਂ। ਹੁਣ ਮੁੜ ਕੇ ਘਰ ਦੇ ਅੰਦਰ ਚਲੇ ਜਾਹ।"

"ਇਕ ਵਾਰੀ ਉਹਨੂੰ ਮੇਰੇ ਸੀਨੇ ਨਾਲ਼ ਲੱਗ ਲੈਣ ਦੇ। ਇਕ ਵਾਰੀ ਮੈਨੂੰ ਉਹਦਾ ਮੂੰਹ ਚੁੰਮ ਲੈਣ ਦੇ।" ਮੇਰੀ ਮਾਂ ਰੋ ਰਹੀ ਸੀ, ਮੁਸ਼ਕਲ ਨਾਲ਼ ਮੂੰਹ ਵਿਚੋਂ ਸ਼ਬਦ ਬਾਹਰ ਕੱਢ ਰਹੀ ਸੀ।

"ਘਰ ਦੇ ਅੰਦਰ ਚਲੇ ਜਾ, ਨਹੀਂ ਤਾਂ ਮੈਂ ਤੈਨੂੰ ਗ੍ਰਿਫਤਾਰ ਕਰ ਲੈਣਾ ਹੈ।" ਉਹਨੇ ਬੈਠ ਕੇ ਕਾਰ ਦੇ ਸਟੀਰਿੰਗ ਵੀਲ੍ਹ ਨੂੰ ਹੱਥਾਂ ਵਿਚ ਲੈ ਲਿਆ, ਗੈਸ ਪੈਡਲ 'ਤੇ ਪੈਰ ਰੱਖ ਕੇ ਇੰਜਣ ਦੀ ਉੱਚੀ ਆਵਾਜ਼ ਕਢਾਈ ਤੇ ਕਾਰ ਚਲਾ ਕੇ ਲੈ ਗਿਆ।

ਮੈਂ ਕਾਰ ਦੇ ਪਿਛਲੇ ਸ਼ੀਸ਼ੇ ਰਾਹੀਂ ਮੁੜ ਕੇ ਪਿਛਾਂਹ ਨੂੰ ਦੇਖਿਆ ਜਦ ਮੇਰੀ ਮਾਂ ਸੜਕ ਦੇ ਵਿਚਾਲ਼ੇ ਹੀ ਢਹਿ ਢੇਰੀ ਹੋ ਰਹੀ ਸੀ, ਆਪਣੇ ਹੱਥਾਂ ਵਿਚ ਆਪਣਾ ਮੂੰਹ ਲਈ। ਮਾਸੀ ਕਾਰ ਦੇ ਪਿੱਛੇ ਪਿੱਛੇ ਦੌੜ ਰਹੀ ਸੀ ਤੇ ਉੱਚੀ ਉੱਚੀ ਚੀਕ ਰਹੀ ਸੀ, "ਉਹਨੂੰ ਤੂੰ ਕਿੱਥੇ ਲੈ ਕੇ ਚੱਲਿਆਂ? ਕਿੱਥੇ?"

ਸਿਪਾਹੀ ਨੇ ਪਾਦਰੀ ਨੂੰ ਉਹਦੇ ਚਰਚ ਵਿਚ ਲਾਹ ਦਿੱਤਾ ਅਤੇ ਮੈਨੂੰ, ਕਾਰ ਦੀ ਪਿਛਲੀ ਸੀਟ 'ਤੇ ਬੈਠੇ ਆਪਣੇ ਕੈਦੀ ਨੂੰ ਲੈ ਕੇ ਕਾਰ ਚਲਾਈ ਗਿਆ। ਵਿੰਗੀ ਟੇਡੀ ਸੜਕ ਕਾਰਨ ਮੈਨੂੰ ਤਾਂ ਉਲਟੀਆਂ ਆਉਣ ਨੂੰ ਫਿਰਦੀਆਂ ਸਨ। ਮੈਨੂੰ ਕਿਸੇ ਗੱਲ ਦਾ ਕੋਈ ਇਲਮ ਨਹੀਂ ਸੀ ਕਿ ਮੈਂ ਕਿੱਥੇ ਜਾ ਰਿਹਾ ਸਾਂ ਜਾਂ ਸਿਪਾਹੀ ਮੇਰੀ ਮਾਂ ਦੀ ਕੋਈ ਗੱਲ ਕਿਉਂ ਨਹੀਂ ਸੀ ਸੁਣ ਰਿਹਾ।

"ਅਸੀਂ ਕਿੱਥੇ ਜਾ ਰਹੇ ਹਾਂ?" ਬਜਰੀ ਵਾਲ਼ੀ ਸੜਕ 'ਤੇ ਘਿਸੜਦੇ ਟਾਇਰਾਂ ਨੇ ਕਾਰ ਵਿਚਲੀ ਚੁੱਪ ਦੀ ਥਾਂ ਭਰੀ ਹੋਈ ਸੀ। "ਮੇਰੀ ਮਾਂ ਕਿੱਥੇ ਹੈ?" ਕਾਰ ਦੀ ਪਿਛਲੀ ਸੀਟ 'ਤੇ ਉਲਟੀਆਂ ਦਾ ਮੁਸ਼ਕ ਜਿਹਾ ਆ ਰਿਹਾ ਸੀ। ਮੈਂ ਉਹਦੀ ਸੀਟ ਦੇ ਪਿੱਛੇ ਠੁੱਡਾਂ ਮਾਰੀਆਂ ਅਤੇ ਉੱਚੀ ਆਵਾਜ਼ ਵਿਚ ਕਿਹਾ, "ਮੈਨੂੰ ਮੇਰੀ ਮਾਸੀ ਦੇ ਘਰ ਨੂੰ ਮੋੜ ਕੇ ਲੈ ਕੇ ਜਾਹ! ਮੈਂ ਆਪਣੀ ਮਾਂ ਕੋਲ਼ ਜਾਣਾ ਹੈ!" ਮੈਂ ਫੇਰ ਮੁੜ ਮੁੜ ਕੇ ਸੀਟ ਦੇ ਪਿੱਛੇ ਠੁੱਡਾਂ ਮਾਰੀਆਂ। "ਮੈਨੂੰ ਮੇਰੀ ਮਾਂ ਚਾਹੀਦੀ ਹੈ।"

ਸਿਪਾਹੀ ਨੇ ਕਾਰ ਦੀਆਂ ਬਰੇਕਾਂ ਦੱਬ ਦਿੱਤੀਆਂ ਤੇ ਕਾਰ ਨੂੰ ਸੜਕ ਦੇ ਇਕ ਪਾਸੇ ਲਾ ਦਿੱਤਾ, ਜ਼ੋਰ ਨਾਲ਼ ਆਪਣਾ ਦਰਵਾਜ਼ਾ ਖੋਲ੍ਹਿਆ ਤੇ ਫੇਰ ਉਸੇ ਤਰ੍ਹਾਂ ਮੇਰਾ ਦਰਵਾਜ਼ਾ। ਉਹ ਥੱਲੇ ਨੂੰ ਝੁਕਿਆ, ਮੈਨੂੰ ਮੋਢਿਆਂ ਤੋਂ ਫੜਿਆ ਤੇ ਜ਼ੋਰ ਨਾਲ਼ ਹਲੂਣਾ ਦਿੱਤਾ। ਤੈਨੂੰ ਰੋਣ ਲਈ ਕੁਝ ਚਾਹੀਦਾ ਹੈ, ਤੂੰ ਗੰਦੀ ਸ਼ੈਅ, ਜੇ ਤੂੰ ਚਾਹੇ ਤਾਂ ਮੈਂ ਤੈਨੂੰ ਇਹ ਦੇ ਸਕਦਾ ਹਾਂ। ਹੁਣ ਚੁੱਪ ਕਰ ਜਾਹ, ਤੇ ਜੇ ਤੂੰ ਸੀਟ ਵਿਚ ਫੇਰ ਠੁੱਡ ਮਾਰਿਆ ਤਾਂ ਮੈਂ ਤੈਨੂੰ ਸੱਚੀਂ ਹੀ ਕੁਝ ਰੋਣ ਵਾਸਤੇ ਦੇ ਦੇਵਾਂਗਾ। ਸੁਣਿਆਂ?"

"ਹਾਂ"। ਉਹਦੇ ਪਸਤੌਲ ਵਾਲ਼ੀ ਪੇਟੀ ਮੇਰੀਆਂ ਅੱਖਾਂ ਦੇ ਬਰਾਬਰ ਸੀ, ਮੈਂ ਸੋਚਿਆ ਕਿ ਮੈਨੂੰ ਚੁੱਪ ਹੀ ਹੋ ਜਾਣਾ ਚਾਹੀਦਾ ਹੈ। ਮੈਂ ਆਪਣੀਆਂ ਅੱਖਾਂ ਬੰਦ ਕਰ ਲਈਆਂ ਤੇ ਹੇਠਲੇ ਬੁੱਲ੍ਹ 'ਤੇ ਦੰਦੀ ਵੱਢ ਲਈ ਤਾਂਕਿ ਮੈਨੂੰ ਰੋਣ ਨਾ ਆਵੇ।

ਅਖੀਰ ਨੂੰ ਕਾਰ ਇਕ ਥਾਂ ਰੁਕੀ, ਲੱਗਦਾ ਸੀ ਜਿੱਦਾਂ ਬਹੁਤ ਲੰਮਾ ਚਿਰ ਹੋ ਗਿਆ ਹੋਵੇ। ਦੂਰ ਸੂਰਜ ਨੇੜੇ ਆਉਂਦਾ ਲੱਗਦਾ ਸੀ ਤੇ ਸ਼ਾਮ ਵੀ ਬਹੁਤੀ ਦੂਰ ਨਹੀਂ ਸੀ। ਸਿਪਾਹੀ ਕਾਰ ਵਿੱਚੋਂ ਬਾਹਰ ਨਿਕਲਿਆ ਅਤੇ ਮੈਨੂੰ ਤੋਰ ਕੇ ਸਮੁੰਦਰ ਦੇ ਕੰਢੇ ਵੱਲ ਲੈ ਗਿਆ ਜਿੱਥੇ ਇਕ ਕਿਸ਼ਤੀ ਬੰਨ੍ਹੀ ਹੋਈ ਸੀ। ਜਦੋਂ ਅਸੀਂ ਉੱਥੇ ਪਹੁੰਚੇ ਤਾਂ ਸਿਪਾਹੀ ਨੇ ਮੈਨੂੰ ਚੁੱਕ ਕੇ ਕਿਸ਼ਤੀ ਵੱਲ ਕੀਤਾ, ਇਕ ਆਦਮੀ ਜਿਹੜਾ ਪਾਦਰੀ ਵਰਗੇ ਕੱਪੜਿਆਂ ਵਿਚ ਹੀ ਸੀ ਪਰ ਉਹਦੇ ਕੱਪੜੇ ਭੂਰੇ ਸਨ, ਕਾਲ਼ੇ ਨਹੀਂ, ਨੇ ਮੈਨੂੰ ਸਿਪਾਹੀ ਦੇ ਹੱਥਾਂ ਵਿਚੋਂ ਫੜ ਕੇ ਕਿਸ਼ਤੀ ਦੇ ਵਿਚਾਲੇ ਬਣੀ ਇਕ ਸੀਟ 'ਤੇ ਬਿਠਾ ਦਿੱਤਾ ਜਿੱਥੇ ਪੰਦਰਾਂ ਕੁ ਹੋਰ ਨਿਆਣੇ ਬੈਠੇ ਸਨ ਇਕ ਦੂਜੇ ਨਾਲ਼ ਲੱਗ ਕੇ। ਉਨ੍ਹਾਂ ਵਿਚੋਂ ਕੁਝ ਰੋਂਦੇ ਸਨ, ਬਹੁਤੇ ਚੁੱਪ ਬੈਠੇ ਦਿਸਹੱਦੇ ਵੱਲ ਝਾਕ ਰਹੇ ਸਨ।

ਉਹ ਸਾਰੇ ਮੇਰੀ ਉਮਰ ਦੇ ਹੀ ਲੱਗਦੇ ਸਨ, ਕੁੜੀਆਂ ਕਿਸ਼ਤੀ ਦੇ ਇਕ ਪਾਸੇ ਬੈਠੀਆਂ ਸਨ ਤੇ ਮੁੰਡੇ ਦੂਜੇ ਪਾਸੇ।

ਮੈਨੂੰ ਬਿਠਾਉਣ ਤੋਂ ਬਾਅਦ ਬਰੱਦਰ ਨੇ ਸਿਪਾਹੀ ਵੱਲ ਮੂੰਹ ਕੀਤਾ ਤੇ ਪੁੱਛਿਆ, "ਕੀ ਇੰਨੇ

ਹੀ ਹਨ?"

"ਹਾਂ, ਇਹ ਅਖੀਰਲਾ ਹੀ ਸੀ। ਗੁੱਡ ਲੱਕ।" ਸਿਪਾਹੀ ਮੁੜਿਆ ਤੇ ਆਪਣੀ ਪੁਲਸ ਦੀ ਕਾਰ ਵੱਲ ਚਲੇ ਗਿਆ ਤੇ ਉਸੇ ਵੇਲ਼ੇ ਕਿਸ਼ਤੀ ਦੇ ਇੰਜਣ ਨੇ ਆਪਣੇ ਜੀਂਦੇ ਹੋਣ ਦਾ ਸਬੂਤ ਦਿੱਤਾ।

ਮੈਂ ਬਰੱਦਰ ਵੱਲ ਨੂੰ ਮੂੰਹ ਕੀਤਾ। "ਆਪਾਂ ਕਿੱਥੇ ਜਾ ਰਹੇ ਹਾਂ? ਮੈਂ ਘਰ ਨੂੰ ਜਾਣਾ ਚਾਹੁੰਦਾ ਹਾਂ।" ਇਸ ਨਾਲ਼ ਦੂਜੇ ਨਿਆਣੇ ਵੀ ਛਿੜ ਪਏ, ਤੇ ਇਕ ਦੋ ਪਲਾਂ ਵਿਚ ਸਾਰੇ ਨਿਆਣੇ ਰੋਣ ਲੱਗ ਪਏ।

"ਦੇਖ ਤੂੰ ਕੀ ਕੀਤਾ ਹੈ। ਚੁੱਪ ਕਰਕੇ ਬੈਠ ਜਾਹ ਤੇ ਆਲ਼ਾ ਦੁਆਲ਼ਾ ਨਾ ਦੇਖ। ਬਰੱਦਰ ਨੇ ਮੈਨੂੰ ਜ਼ੋਰ ਨਾਲ਼ ਧੱਕਾ ਜਿਹਾ ਦਿੱਤਾ ਤੇ ਮੈਂ ਮੁੜ ਕੇ ਆਪਣੀ ਸੀਟ 'ਤੇ ਡਿੱਗ ਪਿਆ।

ਜਦੋਂ ਅਸੀਂ ਆਪਣੇ ਟਿਕਾਣੇ 'ਤੇ ਪਹੁੰਚੇ ਸੂਰਜ ਛਿਪ ਚੁੱਕਾ ਸੀ। ਕੰਢੇ 'ਤੇ ਦੋ ਨੰਨਾਂ ਸਾਡੀ ਉਡੀਕ ਕਰ ਰਹੀਆਂ ਸਨ ਅਤੇ ਬਰੱਦਰ ਨੇ ਕਿਸ਼ਤੀ ਵਿਚੋਂ ਚੁੱਕ ਚੁੱਕ ਕੇ ਸਾਨੂੰ ਨੰਨਾਂ ਨੂੰ ਫੜਾ ਦਿੱਤਾ। ਉਨ੍ਹਾਂ ਵਿਚੋਂ ਇਕ ਨੇ ਆਪਣੇ ਹੱਥਾਂ ਦੀ ਤਾਲ਼ੀ ਬਜਾਈ। "ਸੁਣੋ ਬੱਚਿਓ, ਇਕ ਕਤਾਰ ਬਣਾ ਲਓ ਤੇ ਚੁੱਪ ਕਰ ਕੇ ਖੜ੍ਹ ਜਾਓ, ਹਿੱਲਣਾ ਜੁੱਲਣਾ ਨਹੀਂ।" ਉਹਨੇ ਸਾਡੇ ਕੱਲੇ ਕੱਲੇ ਦੇ ਸਿਰ 'ਤੇ ਹੱਥ ਮਾਰ ਕੇ ਸਾਡੀ ਗਿਣਤੀ ਕੀਤੀ ਤੇ ਫੇਰ ਕਤਾਰ ਦੇ ਸਾਹਮਣੇ ਖੜ੍ਹ ਗਈ। "ਠੀਕ ਹੈ, ਚਲੋਂ ਹੁਣ ਚੱਲੀਏ।"

ਅਸੀਂ ਇਕ ਵਲ਼ ਖਾਂਦੇ ਰਾਹ ਪਹਾੜੀ 'ਤੇ ਚੜ੍ਹੇ। ਜਦੋਂ ਅਸੀਂ ਮੋੜ ਮੁੜੇ ਤਾਂ ਸਾਡੇ ਸਾਹਮਣੇ ਇਕ ਬਹੁਤ ਵੱਡੀ ਲਾਲ ਇੱਟਾਂ ਦੀ ਬਣੀ ਹੋਈ ਇਮਾਰਤ ਸੀ ਜਿਸ ਦੀ ਛੱਤ ਦੇ ਵਿਚਾਲੇ ਇਕ ਬਹੁਤ ਉੱਚਾ ਚੌੜਾ ਗੁੰਬਦ ਸੀ। ਇਕ ਵਾਰ ਫੇਰ ਨੰਨ ਨੇ ਆਪਣੇ ਹੱਥਾਂ ਦੀ ਤਾਲੀ ਬਜਾਈ ਤੇ ਅਸੀਂ ਸਾਰੇ ਤੁਰਨੋਂ ਰੁਕ ਗਏ। "ਬੱਚਿਓ, ਹੁਣ ਤੁਹਾਡਾ ਘਰ ਇਹ ਹੈ ਅਤੇ ਤੁਸੀਂ ਸਾਡੀ ਉਸੇ ਤਰ੍ਹਾਂ ਆਗਿਆ ਮੰਨਣੀ ਹੈ ਜਿਵੇਂ ਅਸੀਂ ਤੁਹਾਡੇ ਮਾਪੇ ਹੋਈਏ।"

ਇਹ ਸਭ ਕੁਝ ਭਾਵੇਂ ਬਹੁਤ ਹੀ ਡਰਾਵਣਾ ਸੀ ਪਰ ਮੈਂ ਇਕ ਬੜੇ ਅਜੀਬ ਜਿਹੇ ਤਰੀਕੇ ਨਾਲ਼ ਸ਼ਾਂਤ ਮਹਿਸੂਸ ਕਰ ਰਿਹਾ ਸੀ। ਮੈਨੂੰ ਆਪਣੀ ਮਾਂ ਬਾਰੇ ਪਤਾ ਸੀ ਤੇ ਮੈਨੂੰ ਪਤਾ ਸੀ ਕਿ ਉਹ ਕਦੇ ਵੀ ਅਜਿਹਾ ਕੁਝ ਨਹੀਂ ਹੋਣ ਦੇਵੇਗੀ। ਉਹ ਜ਼ਰੂਰ ਆ ਕੇ ਮੈਨੂੰ ਲੈ ਜਾਵੇਗੀ। ਇਸ ਲਈ ਮੈਂ ਜੋ ਕੁਝ ਕਿਹਾ ਗਿਆ ਉਹ ਕਰਦਾ ਗਿਆ। ਮੈਂ ਇਸ ਗੱਲੋਂ ਸਾਵਧਾਨ ਰਿਹਾ ਕਿ ਨਾ ਕਦੇ ਸਭ ਤੋਂ ਮੂਹਰੇ ਹੋਇਆ ਤੇ ਨਾ ਹੀ ਸਭ ਤੋਂ ਪਿੱਛੇ, ਨਾ ਕਦੇ ਕੁਝ ਬੋਲਿਆ, ਨਾ ਕਦੇ ਰੋਇਆ ਭਾਵੇਂ ਕੁਝ ਹੋ ਜਾਵੇ। ਰਾਤ ਨੂੰ ਮੈਂ ਆਪਣੇ ਸਿਰ ਵਿਚ ਉਸ ਕੈਲੰਡਰ ਦਾ ਖਿਆਲ ਲਿਆਉਣਾ ਜਿੱਦਾਂ ਦਾ ਸਾਡੇ ਘਰ ਸੀ ਤੇ ਖਿਆਲਾਂ ਵਿਚ ਹੀ ਦਿਨ ਗਿਣਨੇ, ਆਪਣੀ ਮਾਂ ਦੀ ਉਡੀਕ ਵਿਚ।

ਪੱਤਝੜ ਦਾ ਮੌਸਮ ਸਿਆਲ਼ ਵਿਚ ਬਦਲ ਗਿਆ ਤੇ ਸਿਆਲ਼ ਬਹਾਰ ਵਿਚ, ਤੇ ਜਿਵੇਂ ਜਿਵੇਂ ਮਹੀਨੇ ਲੰਘਦੇ ਗਏ ਮੈਂ ਇਹ ਸੋਚਣਾ ਸ਼ੁਰੂ ਕਰ ਦਿੱਤਾ ਕਿ ਮੇਰੀ ਮਾਂ ਨੂੰ ਜ਼ਰੂਰ ਕੁਝ ਹੋ ਗਿਆ ਹੋਵੇਗਾ। ਹੋ ਸਕਦਾ ਹੈ ਉਹ ਸਿਪਾਹੀ ਮੁੜ ਕੇ ਉੱਥੇ ਗਿਆ ਹੋਵੇ ਤੇ ਉਹਨੇ ਫੜ ਕੇ ਮੇਰੀ ਮਾਂ ਨੂੰ ਜੇਲ੍ਹ ਵਿਚ ਸਿੱਟ ਦਿੱਤਾ ਹੋਵੇ। ਕੋਈ ਨਾ ਕੋਈ ਤਾਂ ਕਾਰਨ ਹੋਵੇਗਾ ਹੀ। ਜਦੋਂ ਮੁੜ ਕੇ ਇਕ ਵਾਰ ਫੇਰ ਪੱਤਝੜ ਦਾ ਮੌਸਮ ਆ ਗਿਆ ਮੈਂ ਅਜੇ ਵੀ ਆਪਣੇ ਸਿਰ ਵਿਚ ਖਿਆਲੀ ਕੈਲੰਡਰ ਦੇ ਸਫੇ ਉਲਟਾਈ ਜਾਂਦਾ ਸੀ ਪਰ ਮੈਨੂੰ ਇਸ ਗੱਲ ਦਾ ਪਤਾ ਨਹੀਂ ਸੀ ਕਿ ਮੈਂ ਇਹ ਕਿਉਂ ਕਰਦਾ ਸੀ।

ਆਪਣੇ ਘਰ ਮੈਂ ਕਦੇ ਵੀ ਮੰਜੇ ਵਿਚ ਪਿਸ਼ਾਬ ਨਹੀਂ ਸੀ ਕੀਤਾ, ਪਰ ਮਿਸ਼ਨ ਵਿਚ ਪਹਿਲੀ ਰਾਤ ਹੀ ਤੇ ਫਿਰ ਉਸ ਤੋਂ ਬਾਅਦ ਹਰ ਰਾਤ ਹੀ ਮੈਂ ਆਪਣਾ ਮੰਜਾ ਗਿੱਲਾ ਕਰ ਦਿੰਦਾ। ਇਸ ਤੋਂ ਬਚਣ ਲਈ ਮੈਂ ਹਰ ਕੋਸ਼ਿਸ਼ ਕੀਤੀ। ਮੈਂ ਨਾਸ਼ਤੇ ਬਾਅਦ ਸਾਰਾ ਦਿਨ ਉਨਾਂ ਚਿਰ ਕੁਝ ਵੀ ਨਾ ਪੀਂਦਾ ਜਿੰਨਾ ਚਿਰ ਮੈਨੂੰ ਏਦਾਂ ਨਾ ਲੱਗਣਾ ਕਿ ਮੈਂ ਬੇਹੋਸ਼ ਹੋ ਜਾਵਾਂਗਾ। ਹਰ ਰਾਤ ਸੌਣ ਤੋਂ ਪਹਿਲਾਂ ਮੈਂ ਪਿਸ਼ਾਬ ਕਰਦਾ। ਮੈਂ ਹਰ ਕੋਸ਼ਿਸ਼ ਕੀਤੀ, ਪਰ ਫੇਰ ਵੀ ਬਿਨਾਂ ਨਾਗਾ – ਮੈਂ ਗਿੱਲੀ ਤੇ ਠੰਡੀ ਚਾਦਰ ਵਿਚੋਂ ਜਾਗਦਾ। ਤੇ ਹਰ ਵਾਰ ਸਿਸਟਰ ਮੈਰੀ ਪਿਸ਼ਾਬ ਵਾਲ਼ੀ ਚਾਦਰ ਮੰਜੇ ਵਿਚੋਂ ਖਿੱਚ ਕੇ ਮੇਰੇ ਸਿਰ 'ਤੇ ਲਪੇਟ ਦਿੰਦੀ ਜਿੱਦਾਂ ਪੱਗ ਬੰਨ੍ਹੀ ਹੁੰਦੀ ਹੈ। ਉਹ ਮੈਨੂੰ ਵੱਡੇ ਕਮਰੇ (ਡੋਰਮ) ਵਿਚ ਦੀ

ਜਲੂਸ ਦੀ ਸ਼ਕਲ ਵਿਚ ਤੋਰ ਕੇ ਕੱਪੜੇ ਧੋਣ ਵਾਲ਼ੇ ਕਮਰੇ ਤਕ ਲੈ ਕੇ ਜਾਂਦੀ, ਨਾਲੇ ਮੇਰੇ ਵੱਲ ਤੇ ਮੇਰੇ ਵਰਗੇ ਹੋਰਨਾਂ ਵੱਲ ਦੂਜਿਆਂ ਦਾ ਧਿਆਨ ਦੁਆਉਣ ਲਈ ਉਂਗਲਾਂ ਦੇ ਇਸ਼ਾਰੇ ਕਰਦੀ ਜਾਂਦੀ। ਉਸ ਕਮਰੇ ਵਿਚ ਸਾਨੂੰ ਸਾਫ ਚਾਦਰ ਦੇ ਦਿੱਤੀ ਜਾਂਦੀ। ਮੈਨੂੰ ਹਮੇਸ਼ਾ ਥੋੜ੍ਹੀ ਥੋੜ੍ਹੀ ਪਿਸ਼ਾਬ ਦੀ ਬਦਬੋਅ ਜਿਹੀ ਆਉਂਦੀ ਰਹਿੰਦੀ, ਨਿਆਣੇ ਮੇਰਾ ਮਖੌਲ ਉਡਾਉਂਦੇ, ਉਹ ਮੈਨੂੰ ਕਦੇ ਪਿਸ਼ਾਬ-ਪਜਾਮਾ (ਪੀਪੈਂਟਸ) ਤੇ ਕਦੇ ਪਿਸ਼ਾਬ ਮੂੰਹਾ (ਪਿਸੀ ਫੇਸ) ਸੱਦਦੇ। ਅਤੇ ਏਦੂੰ ਵੀ ਬਹੁਤ ਬੁਰੀਆਂ ਗੱਲਾਂ ਸਨ। ਘਟਨਾਵਾਂ ਜਿਹੜੀਆਂ ਰਾਤ ਵੇਲ਼ੇ ਵਾਪਰਦੀਆਂ ਸਨ ਉਨ੍ਹਾਂ ਬਾਰੇ ਮੈਂ ਕਦੇ ਵੀ ਸੋਚਣ ਦੀ ਕੋਸ਼ਿਸ਼ ਨਾ ਕਰਦਾ, ਉਨ੍ਹਾਂ ਨੂੰ ਮੈਂ ਆਪਣੇ ਦਿਮਾਗ਼ ਵਿਚੋਂ ਪੂਰੀ ਤਰ੍ਹਾਂ ਸਾਫ ਕਰਨ ਦੀ ਕੋਸ਼ਿਸ਼ ਵਿਚ ਰਹਿੰਦਾ ਸਾਂ। ਮੈਂ ਦੂਜਿਆਂ ਦੇ ਪੈਰਾਂ ਥੱਲਿਓਂ ਦੂਰ ਰਹਿਣ ਦੀ ਕੋਸ਼ਿਸ਼ ਵਿਚ ਰਹਿੰਦਾ, ਆਪਣੇ ਆਪ ਵਿਚ ਰਹਿੰਦਾ, ਇਸ ਆਸ ਵਿਚ ਕਿ ਇਸ ਤਰ੍ਹਾਂ ਇਕ ਹੋਰ ਦਿਨ ਗੁਜ਼ਰ ਜਾਵੇਗਾ, ਦਿਨ ਪਿੱਛੋਂ ਦਿਨ, ਮਹੀਨੇ ਪਿੱਛੋਂ ਮਹੀਨਾ, ਸਾਲ ਪਿੱਛੋਂ ਸਾਲ।

ਕੈਨੀ ਡੌਰਮ ਵਿਚ ਮੇਰੇ ਨਾਲ਼ ਦੀ ਮੰਜੀ 'ਤੇ ਹੀ ਸੌਂਦਾ ਹੁੰਦਾ ਸੀ, ਉਹ ਨਿਆਣਿਆਂ ਨੂੰ ਚੰਗੀ ਤਰ੍ਹਾਂ ਡਰਾ ਕੇ ਰੱਖਦਾ ਜੇ ਉਹ ਮੈਨੂੰ ਛੇੜਨੋਂ ਨਾ ਹਟਦੇ। ਮੇਰਾ ਨਹੀਂ ਖਿਆਲ ਕਿ ਮੈਂ ਉਹਦੇ ਬਿਨਾਂ ਬਚ ਸਕਣਾ ਸੀ। ਮੈਂ ਤਾਂ ਹਰ ਵੇਲ਼ੇ ਕਾਇਮ ਰਹਿਣ ਵਾਲ਼ੇ ਡਰ ਤੋਂ ਪਿੱਛਾ ਛੁਡਾਉਣ ਲਈ ਸਕੂਲ ਦੇ ਬਾਹਰ ਦੀਆਂ ਝਾੜੀਆਂ ਵਿਚ ਲੁਕ ਕੇ ਬੈਠਾ ਰਹਿੰਦਾ ਸਾਂ। ਮੈਨੂੰ ਏਨੀ ਭੁੱਖ ਲੱਗੀ ਹੁੰਦੀ ਸੀ ਕਿ ਮੈਂ ਉੱਥੇ ਬਹਿ ਕੇ ਆਲ਼ੇ ਦੁਆਲਿਓਂ ਪੁੱਟ ਕੇ ਘਾਹ ਖਾਣ ਲੱਗ ਪੈਂਦਾ ਸਾਂ। ਇਕ ਵਾਰੀ ਕੈਨੀ ਨੇ ਅਚਾਨਕ ਆ ਕੇ ਮੈਨੂੰ ਡਰਾ ਜਿਹਾ ਦਿੱਤਾ ਸੀ। ਮੈਂ ਸੋਚਿਆ ਕਿ ਬਰੱਦਰ ਸੀ। ਉਹਨੇ ਤਾਂ ਡਰ ਨਾਲ਼ ਮੈਨੂੰ ਕੰਬਣੀ ਲਾ ਦਿੱਤੀ ਸੀ। ਮੈਨੂੰ ਬਹੁਤ ਸ਼ਰਮ ਆਈ ਤੇ ਮੈਂ ਕਾਹਲ਼ੀ ਕਾਹਲ਼ੀ ਆਪਣੇ ਮੂੰਹ ਤੋਂ ਘਾਹ ਸਾਫ ਕਰਨ ਲੱਗਾ।

"ਮੈਂ ਸੋਚਿਆ ਕਿ ਸ਼ਾਇਦ ਤੂੰ ਬਰੱਦਰ ਸੀ।"

ਕੈਨੀ ਮੁਸਕਰਾਇਆ। "ਨਹੀਂ ਮੈਂ ਆਇਆ ਸੀ ਇੱਧਰ। ਘਾਹ ਨਾ ਖਾਹ।" ਉਹਨੇ ਬਾਕੀ ਦੇ ਘਾਹ ਦੇ ਤੀਲੇ ਮੇਰੇ ਮੂੰਹ ਤੋਂ ਸਾਫ ਕਰ ਦਿੱਤੇ। "ਮੈਨੂੰ ਪਤਾ ਹੈ ਕਿ ਤੂੰ ਭੁੱਖਾ ਏਂ, ਪਰ ਘਾਹ ਨਾਲੋਂ ਕੁਝ ਵਧੀਆ ਹੈ ਖਾਣ ਲਈ। ਮੇਰੇ ਨਾਲ਼ ਆ, ਮੈਂ ਤੈਨੂੰ ਦਿਖਾਉਂਦਾਂ।"

ਉਸ ਬਾਅਦ ਦੁਪਹਿਰ ਅਸੀਂ ਉਨ੍ਹਾਂ ਬੂਟਿਆਂ ਨਾਲ਼ ਆਪਣੇ ਢਿੱਡ ਭਰੇ ਜਿਨ੍ਹਾਂ ਬਾਰੇ ਕੈਨੀ ਪੂਰੀ ਤਰ੍ਹਾਂ ਜਾਣਦਾ ਸੀ। "ਇਹ ਫਾਇਰਵੀਡ ਹੈ। ਇਸ ਦੀ ਛਿੱਲ ਲਾਹ ਦਈਦੀ ਹੈ। ਅੰਦਰੋਂ ਇਹ ਬੜਾ ਨਰਮ ਹੁੰਦਾ ਹੈ ਤੇ ਤੂੰ ਸੁਖਾਲਿਆਂ ਹੀ ਇਸ ਨਾਲ਼ ਆਪਣਾ ਢਿੱਡ ਭਰ ਸਕਦਾ ਏਂ। ਇਹ ਘੁੰਗਰਾਲ਼ੇ ਫ਼ਿਡਲਹੈੱਡ ਵੀ ਬਹੁਤ ਵਧੀਆ ਹਨ। ਵਿੱਲਫਰਿੱਡ ਤੇ ਮੈਂ ਇਨ੍ਹਾਂ ਨੂੰ ਬਚਾ ਕੇ ਰੱਖਦੇ ਰਹਿੰਦੇ ਹਾਂ ਜਦੋਂ ਕਿਤੇ ਸਾਨੂੰ ਚੋਰੀਂ ਬਾਹਰ ਆਉਣ ਦਾ ਮੌਕਾ ਮਿਲ਼ੇ, ਅਸੀਂ ਇਨ੍ਹਾਂ ਨੂੰ ਅੱਗ ਬਾਲਣ ਲਈ ਵਰਤਦੇ ਹਾਂ।

"ਕੈਨੀ ਮੈਂ ਆਪਣੀ ਮਾਂ ਕੋਲ਼ ਜਾਣਾ ਚਾਹੁੰਦਾ ਹਾਂ। ਮੈਨੂੰ ਤਾਂ ਇਹ ਵੀ ਨਹੀਂ ਪਤਾ ਕਿ ਉਹ ਹੈ ਕਿੱਥੇ। ਇਸ ਸਾਲ ਮੈਂ ਨੌਂਆਂ ਸਾਲਾਂ ਦਾ ਹੋ ਜਾਵਾਂਗਾ। ਉਹ ਕਿਉਂ ਨਹੀਂ ਆ ਕੇ ਮੈਨੂੰ ਏਥੋਂ ਲੈ ਜਾਂਦੀ?"

"ਜੇ ਉਹਨੇ ਕੋਸ਼ਿਸ਼ ਕੀਤੀ ਵੀ ਹੋਊ ਤਾਂ ਇਨ੍ਹਾਂ ਨੇ ਉਹਨੂੰ ਏਥੇ ਵੜਨ ਹੀ ਨਹੀਂ ਦਿੱਤਾ ਹੋਣਾ, ਹੋ ਸਕਦਾ ਹੈ ਉਹਨੂੰ ਜੇਲ੍ਹ ਵਿਚ ਹੀ ਸਿੱਟ ਦਿੱਤਾ ਹੋਵੇ।"

ਮੈਂ ਕੋਸ਼ਿਸ਼ ਕਰਦਾ ਹਾਂ ਕਿ ਆਪਣੀ ਮਾਂ ਦੇ ਜੇਲ੍ਹ ਵਿਚ ਹੋਣ ਬਾਰੇ ਨਾ ਸੋਚਾਂ। ਕੈਨੀ ਤੇ ਮੈਂ ਖਾਈ ਗਏ ਖਾਈ ਗਏ ਤੇ ਅਸੀਂ ਫਿਡਲਹੈੱਡਾਂ ਨਾਲ਼ ਆਪਣੀਆਂ ਜੇਬਾਂ ਭਰ ਲਈਆਂ। ਘੱਟੋ ਘੱਟ ਇਕ ਵਾਰੀ ਤਾਂ ਸਾਡੇ ਢਿੱਡ ਪੂਰੀ ਤਰ੍ਹਾਂ ਭਰ ਗਏ ਸਨ। ਅਸੀਂ ਮੁੜ ਕੇ ਸਕੂਲ ਨੂੰ ਆ ਗਏ। ਸਾਡੇ ਬੁੱਲ੍ਹਾਂ ਵਿਚੋਂ ਫਾਇਰਵੀਡਾਂ ਦੇ ਲੰਮੇ ਲੰਮੇ ਤੀਲੇ ਲਮਕਦੇ ਸਨ।

ਅਗਲੇ ਦਿਨ ਮੈਂ ਹਸਪਤਾਲ ਵਿਚ ਜਾ ਕੇ ਉੱਠਿਆ। ਮੈਨੂੰ ਇਸ ਗੱਲ ਦਾ ਕੋਈ ਚੇਤਾ ਨਹੀਂ ਸੀ ਕਿ ਡੌਰਮ ਵਿਚੋਂ ਮੈਨੂੰ ਕਦੋਂ ਤੇ ਕਿਹਨੇ ਚੁੱਕਿਆ ਸੀ। ਨਾ ਹੀ ਓਰਕਾ ਬੇਅ ਜਾਣ ਲਈ ਕਿਸ਼ਤੀ

ਦੇ ਸਫਰ ਬਾਰੇ ਕੁਝ ਯਾਦ ਸੀ। ਜਿਹੜੀ ਅਖੀਰਲੀ ਗੱਲ ਦਾ ਮੈਨੂੰ ਚੇਤਾ ਸੀ ਉਹ ਸੀ ਕਿ ਬਰੱਦਰ ਫੇਰ ਮੈਨੂੰ ਲੈਣ ਲਈ ਆਇਆ ਸੀ, ਉਹਨੇ ਮੈਨੂੰ ਮੇਰੇ ਬਿਸਤਰੇ ਵਿਚੋਂ ਚੁੱਕਿਆ ਸੀ ਤੇ ਆਪਣੇ ਕਮਰੇ ਵਿਚ ਲੈ ਗਿਆ ਸੀ। ਇਸ ਵਾਰ ਤਾਂ ਉਹਨੇ ਮੈਨੂੰ ਕੁੱਟਿਆ ਵੀ ਸੀ। ਏਨੀ ਸਖਤੀ ਨਾਲ਼ ਕੁੱਟਿਆ ਕਿ ਅਖੀਰਲੀ ਗੱਲ ਦਾ ਮੈਨੂੰ ਇਹੀ ਚੇਤਾ ਸੀ ਕਿ ਮੈਂ ਉਹਦੇ ਕਮਰੇ ਵਿਚ ਫਰਸ਼ ’ਤੇ ਡਿੱਗ ਪਿਆ ਸਾਂ। ਮੇਰਾ ਮੂੰਹ ਸੁੱਜਿਆ ਹੋਇਆ ਸੀ ਤੇ ਬੁਰੀ ਤਰ੍ਹਾਂ ਦਰਦ ਮਹਿਸੂਸ ਹੋ ਰਿਹਾ ਸੀ ਤੇ ਮੇਰਾ ਪਿੱਛਾ ਦਰਦ ਨਾਲ਼ ਜਲ਼ ਰਿਹਾ ਸੀ। ਮੈਂ ਆਪਣੇ ਪਾਟੇ ਬੁੱਲ੍ਹ ’ਤੇ ਚੂੰਢੀ ਵੱਡੀ ਤਾਕਿ ਇਹ ਦਰਦ ਮੈਨੂੰ ਦੂਜੇ ਦੁੱਖਾਂ ਤੇ ਚੀਜ਼ਾਂ ਦਾ ਚੇਤਾ ਭੁਲਾ ਦੇਵੇ।

ਸਕੂਲ ਤੋਂ ਇਸ ਤਰ੍ਹਾਂ ਪਰੇ ਜਾ ਕੇ ਅਤੇ ਸਿਸਟਰ ਦੀਆਂ ਨਜ਼ਰਾਂ ਤੋਂ ਪਰੇ ਹੋਣ ਦੀ ਮੈਨੂੰ ਬੜੀ ਹੈਰਾਨੀ ਹੋ ਰਹੀ ਸੀ। ਨਰਸ ਬਹੁਤ ਚੰਗੀ ਸੀ। ਉਹਨੇ ਮੈਨੂੰ ਖਾਣ ਲਈ ਮਿੱਠੀਆਂ ਗੋਲ਼ੀਆਂ ਦਿੱਤੀਆਂ ਪਰ ਮੈਂ ਤਾਂ ਸਿਰਫ ਆਪਣੇ ਘਰ ਤੇ ਆਪਣੀ ਮਾਂ ਬਾਰੇ ਹੀ ਸੋਚੀ ਜਾ ਰਿਹਾ ਸੀ। ਮੇਰੀ ਯਾਦਦਾਸ਼ਤ ਵਿਚੋਂ ਰੈੱਡ ਫੈਜ਼ੈਂਟ ਦੀਆਂ ਪਿਨੋਅ ਪਹਾੜੀਆਂ ਹੌਲ਼ੀ ਹੌਲ਼ੀ ਗੁਆਚਣੀਆਂ ਸ਼ੁਰੂ ਹੋ ਰਹੀਆਂ ਸਨ। ਮੈਂ ਤਾਂ ਇਹ ਵੀ ਸੋਚ ਰਿਹਾ ਸੀ ਕਿ ਜੇ ਮੈਂ ਆਪਣੀ ਮਾਂ ਨੂੰ ਦੇਖਾਂ ਤਾਂ ਕੀ ਮੈਂ ਉਹਨੂੰ ਪਹਿਚਾਣ ਲਵਾਂਗਾ। ਮੈਂ ਬੜੀ ਕੋਸ਼ਿਸ਼ ਕੀਤੀ ਕਿ ਰੋਵਾਂ ਨਾ ਪਰ ਮੇਰੇ ਕੋਲ਼ੋਂ ਖੁਦ ਨੂੰ ਰੋਕਿਆ ਨਹੀਂ ਸੀ ਜਾ ਰਿਹਾ। ਮੈਂ ਆਪਣੇ ਮੰਜੇ ਵਿਚ ਕੱਠਾ ਜਿਹਾ ਹੋ ਕੇ ਪੈ ਗਿਆ, ਸਿਰਹਾਣੇ ਦਾ ਕੱਪੜਾ ਛੇਤੀ ਹੀ ਭਿੱਜ ਗਿਆ। ਸਕੂਲ ਵਿਚਲੇ ਡੌਰਮ ਦੇ ਕਮਰਿਆਂ ਨਾਲੋਂ ਹਸਪਤਾਲ ਦਾ ਕਮਰਾ ਕਾਫੀ ਨਿੱਘਾ ਤੇ ਆਰਾਮਦਾਇਕ ਸੀ।ਇਹ ਏਨਾ ਨਿੱਘਾ ਸੀ ਕਿ ਮੈਨੂੰ ਮੁੜ ਕੇ ਨੀਂਦ ਆ ਗਈ।

ਮੈਨੂੰ ਉਸ ਚੰਗੀ ਨਰਸ ਨੇ ਜਗਾਇਆ। “ਤੇਰਾ ਕੀ ਹਾਲ ਹੈ ਹਾਊਈ? ਥੋੜ੍ਹਾ ਜਿਹਾ ਚੰਗਾ ਹੈ ਨਾ?”

ਮੈਂ ਆਪਣੀਆਂ ਫੁੱਲੀਆਂ ਹੋਈਆਂ ਅੱਖਾਂ ਮਲ਼ੀਆਂ ਤੇ ਹਾਂ ਵਿਚ ਸਿਰ ਹਿਲਾਇਆ।

“ਤੈਨੂੰ ਕੋਈ ਮਿਲ਼ਣ ਲਈ ਆਇਆ ਹੈ। ਕੀ ਤੂੰ ਕਿਸੇ ਨੂੰ ਮਿਲ਼ਣ ਲਈ ਤਿਆਰ ਏਂ?”

ਮੈਂ ਫੇਰ ਹਾਂ ਵਿਚ ਸਿਰ ਹਿਲਾਇਆ ਤੇ ਸੋਚੀਂ ਪੈ ਗਿਆ ਕਿ ਇਹ ਕੌਣ ਹੋ ਸਕਦਾ ਹੈ। ਉਹਨੇ ਜ਼ਰੂਰ ਮੇਰੀਆਂ ਅੱਖਾਂ ਵਿਚ ਡਰ ਵਧਦਾ ਦੇਖਿਆ ਹੋਵੇਗਾ ਕਿਉਂਕਿ ਉਹਨੇ ਕੋਲ਼ ਆ ਕੇ ਪਿਆਰ ਨਾਲ਼ ਮੇਰਾ ਹੱਥ ਸਹਿਲਾਇਆ।

“ਮੇਰਾ ਖਿਆਲ ਹੈ ਤੂੰ ਆਉਣ ਵਾਲ਼ੇ ਨੂੰ ਮਿਲ਼ਣਾ ਪਸੰਦ ਕਰੇਂਗਾ।” ਉਹ ਕਮਰੇ ਵਿਚੋਂ ਜਾਣ ਲਈ ਮੁੜ ਕੇ ਤੁਰੀ ਤਾਂ ਉਹਦੀ ਸਾਫ ਸੁੱਥਰੀ ਚਿੱਟੀ ਵਰਦੀ ਦੀ ਆਵਾਜ਼ ਵੀ ਸਿਸਟਰ ਦੇ ਕੱਪੜਿਆਂ ਵਰਗੀ ਲੱਗੀ।

ਮੈਨੂੰ ਆਪਣੇ ਕਮਰੇ ਦੇ ਬਾਹਰੋਂ ਕੁਝ ਘੁੱਟੀਆਂ ਘੁੱਟੀਆਂ ਆਵਾਜ਼ਾਂ ਸੁਣਾਈ ਦਿੱਤੀਆਂ ਤੇ ਮੈਂ ਮੰਜੇ ’ਚ ਲੰਮਾ ਪਿਆ ਉੱਠ ਕੇ ਬੈਠ ਗਿਆ। ਉਡੀਕ ਵਿਚ ਮੈਂ ਮਸੀਂ ਸਾਹ ਲੈ ਰਿਹਾ ਸੀ। ਹੁਣ ਮੈਨੂੰ ਨਰਸ ਦੀ ਆਵਾਜ਼ ਸੁਣੀ।

“ਉਹਨੂੰ ਕੋਈ ਤਕਲੀਫ ਨਾ ਹੋਵੇ, ਪੂਰੀ ਤਰ੍ਹਾਂ ਸਾਵਧਾਨ ਰਹੀਂ। ਰਹਿ ਵੀ ਤੂੰ ਥੋੜ੍ਹੀ ਦੇਰ ਹੀ ਸਕਦੀ ਏਂ। ਉਹਨੂੰ ਠੀਕ ਹੋਣ ਲਈ ਆਰਾਮ ਦੀ ਜ਼ਰੂਰਤ ਹੈ।”

ਮੈਂ ਆਪਣੀਆਂ ਅੱਖਾਂ ਮੀਟ ਲਈਆਂ ਤੇ ਉਡੀਕ ਕਰਦਾ ਰਿਹਾ ਜਦ ਤਕ ਆਵਾਜ਼ਾਂ ਆਉਣੋ ਹਟ ਗਈਆਂ। ਜਦ ਮੈਂ ਮੁੜ ਕੇ ਅੱਖਾਂ ਖੋਲ੍ਹੀਆਂ ਤਾਂ ਦੇਖਿਆ ਕਿ ਦਰਵਾਜ਼ੇ ਵਿਚ ਮਾਸੀ ਮਾਏ ਖੜ੍ਹੀ ਸੀ। ਮੈਂ ਛੇਤੀ ਨਾਲ ਉਹਦੇ ਤਕ ਪਹੁੰਚਣ ਲਈ ਮੰਜੇ ਦੀਆਂ ਉੱਚੀਆਂ ਬਾਹੀਆਂ ’ਤੇ ਚੜ੍ਹਨ ਦੀ ਕੋਸ਼ਿਸ਼ ਕੀਤੀ। ਉਹਨੇ ਆਪਣੇ ਹੱਥ ਉੱਪਰ ਚੁੱਕ ਕੇ ਮੈਨੂੰ ਰੋਕਣ ਦੀ ਕੋਸ਼ਿਸ਼ ਕੀਤੀ ਤੇ ਉਹ ਭੱਜ ਕੇ ਮੇਰੇ ਕੋਲ਼ ਪਹੁੰਚੀ। ਉਹਨੇ ਸਾਵਧਾਨੀ ਨਾਲ਼ ਮੈਨੂੰ ਕਲ਼ਾਵੇ ਵਿਚ ਲੈ ਲਿਆ ਤੇ ਜਿੰਨਾ ਵੀ ਸੰਭਵ ਸੀ ਮੈਨੂੰ ਪੂਰੀ ਤਰ੍ਹਾਂ ਘੁੱਟ ਕੇ ਆਪਣੀ ਹਿੱਕ ਨਾਲ਼ ਲਾ ਲਿਆ। ਮੈਂ ਉਹਦੀ ਛਾਤੀ ਨਾਲ਼ ਲੱਗ ਡੁਸਕਣ ਲੱਗਾ।

“ਰੋ ਨਾ”, ਉਹਨੇ ਕਿਹਾ, “ਹੁਣ ਸਭ ਠੀਕ ਹੋਣ ਵਾਲ਼ਾ ਹੈ।”

ਮੇਰੇ ਮੂੰਹ ਵੱਲ ਦੇਖਣ ਲਈ ਉਹਨੇ ਪਲ ਕੁ ਲਈ ਮੈਨੂੰ ਛੱਡਿਆ ਤੇ ਫੇਰ ਆਪਣੀਆਂ ਬਾਹਾਂ ਮੇਰੇ ਦੁਆਲ਼ੇ ਵਲ਼ ਲਈਆਂ। "ਓਹ ਹਾਊਈ"।

"ਮਾਸੀ!"

ਉਹਨੇ ਮੈਨੂੰ ਘੁੱਟੀ ਰੱਖਿਆ ਤੇ ਅਸੀਂ ਦੋਵੇਂ ਰੋਈ ਗਏ, ਰੋਈ ਗਏ।

"ਮੇਰੀ ਮਾਂ ਕਿੱਥੇ ਹੈ?" ਮੈਂ ਘਬਰਾਹਟ ਨਾਲ਼ ਆਲ਼ੇ ਦੁਆਲ਼ੇ ਦੇਖਿਆ।

ਉਹਨੇ ਮੇਰੇ ਸੱਟਾਂ ਲੱਗੇ ਹੋਏ ਚਿਹਰੇ ਨੂੰ ਸਹਿਲਾਇਆ, ਮੇਰਾ ਨੱਕ ਸਾਫ ਕੀਤਾ। ਮੇਰੇ ਵਾਲ਼ਾਂ ਵਿਚ ਪਿਆਰ ਨਾਲ਼ ਹੱਥ ਫੇਰਿਆ। "ਉਹ ਉਹਨੂੰ ਤੇਰੇ ਨਾਲ਼ ਮਿਲ਼ਣ ਦੀ ਆਗਿਆ ਨਹੀਂ ਦੇ ਰਹੇ। ਉਹਨੇ ਤੈਨੂੰ ਬਾਹਰ ਲਿਆਉਣ ਲਈ ਤੂਫਾਨ ਖੜ੍ਹਾ ਕਰੀ ਰੱਖਿਆ ਹੈ। ਪਰ ਉਹ ਮੰਨਦੇ ਹੀ ਨਹੀਂ। ਉਹ ਕਹਿੰਦੇ ਹਨ ਕਿ ਜੇ ਉਹ ਤੈਨੂੰ ਉਸ ਥਾਂ ਤੋਂ ਬਾਹਰ ਲੈ ਕੇ ਜਾਣ ਦੀ ਕੋਸ਼ਿਸ਼ ਕਰਨੋਂ ਨਾ ਹਟੀ ਤਾਂ ਉਹ ਉਹਨੂੰ ਜੇਲ੍ਹ ਵਿਚ ਭੇਜ ਦੇਣਗੇ।"

"ਕਿੱਥੇ ਹੈ ਮੇਰੀ ਮਾਂ?" ਮੇਰਾ ਰੋਣ ਰੁਕ ਨਹੀਂ ਸੀ ਰਿਹਾ। "ਮੈਂ ਮਾਂ ਕੋਲ਼ ਜਾਣਾ ਹੈ।"

"ਫਿਕਰ ਨਾ ਕਰ ਬੱਚਿਆ। ਉਹ ਏਥੇ ਓਰਕਾ ਬੇਅ ਵਿਚ ਹੀ ਹੈ। ਉਹ ਤੇਰੇ ਚਾਚੇ ਚਾਰਲੀ ਦੀ ਕਿਸ਼ਤੀ 'ਤੇ ਮੇਰੀ ਉਡੀਕ ਕਰ ਰਹੀ ਹੈ।"

"ਕੀ ਮੈਂ ਵੀ ਤੇਰੇ ਨਾਲ਼ ਜਾ ਸਕਦਾ ਹਾਂ?" ਮੈਂ ਇਕ ਵਾਰ ਫੇਰ ਮੰਜੇ ਦੀਆਂ ਬਾਹੀਆਂ 'ਤੇ ਚੜ੍ਹਨ ਦੀ ਕੋਸ਼ਿਸ਼ ਕਰਨ ਲੱਗਾ। "ਨਹੀਂ, ਹਾਊਈ, ਤੈਨੂੰ ਪਹਿਲਾਂ ਠੀਕ ਹੋਣਾ ਪੈਣਾ ਹੈ ਤੇ ਮੁੜ ਕੇ ਸਕੂਲ ਜਾਣਾ ਪੈਣਾ ਹੈ। ਜੇ ਅਸੀਂ ਤੈਨੂੰ ਏਥੋਂ ਲੈ ਗਏ ਤਾਂ ਨਰਸਾਂ ਪੁਲਸ ਨੂੰ ਇਤਲਾਹ ਦੇ ਦੇਣਗੀਆਂ। ਪਰ ਸਾਡੀ ਇਕ ਯੋਜਨਾ ਹੈ। ਕੀ ਤੂੰ ਰਾਤ ਦੇ ਸਮੇਂ ਡੌਕ ਤਕ ਆ ਸਕੇਂਗਾ?"

"ਹਾਂ, ਕੈਨੀ ਨੂੰ ਪਤਾ ਹੈ ਕਿ ਰਾਤ ਨੂੰ ਖਾਣਾ ਚੋਰੀ ਕਰਨ ਲਈ ਬਾਹਰ ਕਿਸ ਤਰ੍ਹਾਂ ਨਿਕਲਣਾ ਹੈ। ਉਹ ਮੇਰੀ ਮਦਦ ਕਰੇਗਾ।"

"ਠੀਕ ਹੈ, ਸਾਨੂੰ ਇਸ ਗੱਲ ਦਾ ਪਤਾ ਲੱਗ ਜਾਣਾ ਹੈ ਜਦੋਂ ਉਹ ਤੈਨੂੰ ਏਥੋਂ ਮੁੜ ਕੇ ਮਿਸ਼ਨ ਨੂੰ ਲੈ ਕੇ ਜਾਣਗੇ। ਮੈਂ ਤੈਨੂੰ ਏਥੇ ਹਰ ਰੋਜ਼ ਮਿਲ਼ਣ ਲਈ ਆਉਂਦੀ ਰਹਾਂਗੀ। ਜਿਸ ਦਿਨ ਤੈਨੂੰ ਉਹ ਏਥੋਂ ਲੈ ਕੇ ਗਏ ਉਸੇ ਦਿਨ ਜਦੋਂ ਐਨ ਹਨੇਰਾ ਤੇ ਚੁੱਪ ਚਾਪ ਹੋ ਜਾਵੇ ਤਾਂ ਕੰਢੇ (ਡੌਕ) 'ਤੇ ਆ ਜਾਵੀਂ। ਤੇਰਾ ਚਾਚਾ ਚਾਰਲੀ, ਤੇਰੀ ਮਾਂ ਤੇ ਮੈਂ, ਅਸੀਂ ਉਸ ਬੇਅ ਦੇ ਦੁਆਲ਼ੇ ਕਿਸ਼ਤੀ ਘੁੰਮਾਉਂਦੇ ਰਹੇ ਹਾਂ। ਸਾਨੂੰ ਉਸ ਕੰਢੇ ਬਾਰੇ ਸਾਰਾ ਪਤਾ ਹੈ। ਅਸੀਂ ਤੈਨੂੰ ਉੱਥੋਂ ਲੈ ਸਕਦੇ ਹਾਂ ਜੇ ਤੂੰ ਉਸ ਕੰਢੇ 'ਤੇ ਪਹੁੰਚ ਜਾਵੇਂ। ਜਦੋਂ ਉਹ ਤੈਨੂੰ ਏਥੇ ਲੈ ਕੇ ਆਏ ਸੀ ਅਸੀਂ ਉਨ੍ਹਾਂ ਨੂੰ ਦੇਖਿਆ ਸੀ ਤੇ ਏਥੇ ਤਕ ਪਿੱਛਾ ਕੀਤਾ ਸੀ। ਆਰ ਸੀ ਐੱਮ ਪੀ ਦੀ ਕਿਸ਼ਤੀ ਨੇ ਪਿਛਲੇ ਹਫਤੇ ਸਾਨੂੰ ਇਕ ਵਾਰ ਰੋਕ ਲਿਆ ਸੀ ਪਰ ਤੇਰੇ ਚਾਚੇ ਚਾਰਲੀ ਨੇ ਉਨ੍ਹਾਂ ਨੂੰ ਯਕੀਨ ਦਿਵਾ ਦਿੱਤਾ ਸੀ ਕਿ ਅਸੀਂ ਤਾਂ ਸਿਰਫ ਮੱਛੀਆਂ ਫੜਨ ਤੇ ਸਮੁੰਦਰ ਵਿਚ ਤਰਦੀਆਂ ਫਿਰਦੀਆਂ ਲੌਗਾਂ ਹੀ ਭਾਲ਼ਦੇ ਫਿਰਦੇ ਸਾਂ। ਹੁਣ ਉਹ ਜਦ ਵੀ ਸਾਨੂੰ ਦੇਖਦੇ ਹਨ ਤਾਂ ਉਂਝ ਹੀ ਹੱਥ ਮਾਰ ਕੇ ਚਲੇ ਜਾਂਦੇ ਹਨ।"

ਇਕ ਪੂਰਾ ਹਫਤਾ ਮੈਂ ਹਸਪਤਾਲ ਵਿਚ ਰਾਜ਼ੀ ਹੋਣ ਲਈ ਪਿਆ ਰਿਹਾ, ਮਾਸੀ ਮਾਏ ਦੀ ਹਰ ਫੇਰੀ ਦੇ ਇਕ ਇਕ ਪਲ ਦਾ ਆਨੰਦ ਮਾਣਦਾ। ਏਦਾਂ ਲੱਗਦਾ ਸੀ ਕਿ ਉਹਦੇ ਨਾਲ਼ ਬਿਤਾਇਆ ਸਮਾਂ ਮੇਰੇ ਲਈ ਨਰਸਾਂ ਵੱਲੋਂ ਕਾਗ਼ਜ਼ ਦੇ ਕੱਪਾਂ ਵਿਚ ਦਿੱਤੀ ਜਾਂਦੀ ਦਵਾ ਨਾਲੋਂ ਕਿਤੇ ਵਧੀਆ ਦਵਾਈ ਸੀ। ਮਾਸੀ ਰਾਹੀਂ ਮੈਂ ਆਪਣੀ ਮਾਂ ਨੂੰ ਸੁਨੇਹੇ ਭੇਜਦਾ ਸੀ ਤੇ ਮੇਰੀ ਮਾਂ ਨੇ ਵੀ ਮਾਸੀ ਰਾਹੀਂ ਮੈਨੂੰ ਮੁਹੱਬਤ ਭਰੇ ਤੇ ਵਾਇਦਿਆਂ ਵਾਲ਼ੇ ਸੁਨੇਹੇ ਭੇਜੇ ਕਿ ਆਪਾਂ ਬਹੁਤ ਛੇਤੀ ਇਕ ਦੂਜੇ ਨੂੰ ਮਿਲ਼ਾਂਗੇ।

ਅੱਠਵੇਂ ਦਿਨ, ਮਾਸੀ ਦੇ ਫੇਰਾ ਪਾਉਣ ਬਾਅਦ ਉਹ ਮੇਰੇ ਲਈ ਆਏ ਤੇ ਮੈਨੂੰ ਮੁੜ ਕੇ ਸਕੂਲ ਨੂੰ ਲੈ ਗਏ। ਉਹਨੂੰ ਏਦਾਂ ਕਰਨ ਦੀ ਲੋੜ ਨਹੀਂ ਸੀ ਪਰ ਬਰੱਦਰ ਮੈਨੂੰ ਚੁੱਕ ਕੇ ਡੌਰਮ ਨੂੰ ਲੈ ਕੇ ਗਿਆ, ਉਹ ਮੇਰੇ ਵੱਲ ਦੇਖ ਨਹੀਂ ਸੀ ਰਿਹਾ ਜਦੋਂ ਉਹਨੇ ਮੈਨੂੰ ਮੇਰੇ ਬਿਸਤਰੇ ਵਿਚ ਲੰਮਾ ਪਾਇਆ। ਵਾਹਲ਼ਾ ਸਮਾਂ ਨਹੀਂ ਸੀ ਹੋਇਆ ਜਦੋਂ ਕੈਨੀ ਮਲਕਚਾਰੇ ਮੈਨੂੰ ਮਿਲ਼ਣ ਆ ਗਿਆ।

ਉਹਦੇ ਵੱਲ ਦੇਖਦਿਆਂ ਹੀ ਮੈਨੂੰ ਰੋਣ ਆ ਗਿਆ। ਉਹਨੂੰ, ਹੋਰ ਕਿਸੇ ਨਾਲੋਂ ਵੱਧ ਇਸ ਗੱਲ ਦਾ ਪਤਾ ਸੀ ਕਿ ਮੈਂ ਕਿਸ ਕਿਸਮ ਦੀ ਤਕਲੀਫ ਝੱਲੀ ਸੀ।

"ਫਿਕਰ ਨਾ ਕਰ ਹਾਊਈ। ਤੂੰ ਪੂਰੀ ਤਰ੍ਹਾਂ ਠੀਕ ਹੋ ਜਾਵੇਂਗਾ।"

"ਮੈਨੂੰ ਪਤਾ ਹੈ ਕੈਨੀ, ਤੂੰ ਵੀ ਠੀਕ ਹੀ ਰਹੇਂਗਾ। ਪਰ ਮੈਨੂੰ ਤੇਰੀ ਮਦਦ ਦੀ ਲੋੜ ਹੈ।" ਮੈਂ ਉਹਨੂੰ ਚਾਚੇ ਚਾਰਲੀ ਦੀ ਕਿਸ਼ਤੀ ਬਾਰੇ ਤੇ ਯੋਜਨਾ ਬਾਰੇ ਦੱਸਿਆ।

"ਠੀਕ ਹੈ, ਮੈਂ ਸੌਣ ਵੇਲ਼ੇ ਮੁੜ ਕੇ ਆਵਾਂਗਾ। ਹੁਣ ਮੈਨੂੰ ਮੁੜ ਕੇ ਥੱਲੇ ਜਾਣਾ ਪੈਣਾ ਹੈ ਇਸ ਤੋਂ ਪਹਿਲਾਂ ਕਿ ਮੈਨੂੰ ਏਥੇ ਉੱਤੇ ਆਏ ਨੂੰ ਫੜ ਲੈਣ।"

ਮੈਂ ਉੱਚੀਆਂ ਉੱਚੀਆਂ ਤਾਕੀਆਂ ਰਾਹੀਂ ਬਾਹਰ ਨੂੰ ਦੇਖਦਾ ਉੱਥੇ ਸਾਰਾ ਦਿਨ ਪਿਆ ਰਿਹਾ। ਰਾਤ ਦੇ ਖਾਣੇ ਵੇਲ਼ੇ ਸਿਸਟਰ ਮੇਰੇ ਲਈ ਖਾਣਾ ਲੈ ਕੇ ਆਈ।

"ਹੁਣ ਇਹ ਨਾ ਖਿਆਲ ਕਰੀਂ ਪਈ ਇਹ ਏਦਾਂ ਹੀ ਚਲਦਾ ਰਹੇਗਾ। ਕੱਲ੍ਹ ਨੂੰ ਬਾਕੀ ਮੁੰਡਿਆਂ ਦੇ ਨਾਲ਼ ਹੀ ਰੋਜ਼ਾਨਾ ਦੇ ਸਾਰੇ ਕੰਮ ਕਰਨੇ ਪੈਣੇ ਹਨ।"

"ਹਾਂ ਸਿਸਟਰ।" ਹਸਪਤਾਲ ਵਿਚ ਮਿਲ਼ਦਾ ਖਾਣਾ ਤੇ ਜਿਹੜੀਆਂ ਵਿਸ਼ੇਸ਼ ਚੀਜ਼ਾਂ ਮਾਸੀ ਮਾਏ ਮੇਰੇ ਲਈ ਲੈ ਕੇ ਆਉਂਦੀ ਸੀ ਉਹਦੇ ਕਰਕੇ ਏਥੇ ਮਿਲ਼ਦੇ ਰਾਤ ਦੇ ਖਾਣੇ ਵੱਲ ਦੇਖਣ ਨੂੰ ਵੀ ਦਿਲ ਨਹੀਂ ਸੀ ਕਰਦਾ। ਸਿਸਟਰ ਦੇ ਚਲੇ ਜਾਣ ਬਾਅਦ, ਮੈਂ ਖਾਣੇ ਦੀ ਟ੍ਰੇਅ ਇਕ ਪਾਸੇ ਨੂੰ ਖਿਸਕਾ ਦਿੱਤੀ ਤੇ ਮੁੜ ਕੇ ਫੇਰ ਲੰਮਾ ਪੈ ਗਿਆ, ਸੌਣ ਸਮੇਂ ਦੀ ਘੰਟੀ ਬੱਜਣ ਦੀ ਉਡੀਕ ਕਰਦਾ।

ਛੇਤੀ ਹੀ ਮੁੰਡੇ ਆਪਣੇ ਦੰਦ ਬੁਰਸ਼ ਕਰਨ ਬਾਅਦ ਹੌਲ਼ੀ ਹੌਲ਼ੀ ਡੌਰਮ ਵਿਚ ਆਉਣੇ ਸ਼ੁਰੂ ਹੋ ਗਏ। ਕਈ ਜਿਹੜੇ ਬਹੁਤ ਕਮੀਨੇ ਵੀ ਸੀ ਉਹ ਵੀ ਮੇਰੇ ਬਿਸਤਰੇ ਕੋਲ਼ ਆਏ ਤੇ ਮੈਨੂੰ ਦੱਸਿਆ ਕਿ ਉਹ ਆਸ ਕਰਦੇ ਸਨ ਕਿ ਮੈਂ ਠੀਕ ਹੋਵਾਂਗਾ। ਕੈਨੀ ਮੇਰੇ ਕੋਲ਼ ਆਇਆ ਤੇ ਮੇਰੇ ਕੰਨ ਵਿਚ ਕਹਿਣ ਲੱਗਾ ਕਿ "ਸੌਣ ਦਾ ਬਹਾਨਾ ਕਰ। ਜਦੋਂ ਕੋਈ ਆਲ਼ੇ ਦੁਆਲ਼ੇ ਨਾ ਹੋਇਆ ਮੈਂ ਆ ਕੇ ਤੈਨੂੰ ਲੈ ਚੱਲਾਂਗਾ।"

ਸਮਾਂ ਮੁੱਕਣ ਵਿਚ ਹੀ ਨਹੀਂ ਸੀ ਆ ਰਿਹਾ, ਪਰ ਫੇਰ ਸਾਰੇ ਸੌਂ ਗਏ, ਅਤੇ ਕੈਨੀ ਆਪਣੇ ਬਿਸਤਰੇ ਵਿਚੋਂ ਨਿਕਲਿਆ ਤੇ ਆ ਕੇ ਮੇਰੇ ਮੋਢੇ ਹਿਲਾਏ। ਅਸੀਂ ਕਾਹਲ਼ੀ ਕਾਹਲ਼ੀ ਕੱਪੜੇ ਪਾਏ ਅਤੇ ਮੈਂ ਆਪਣੇ ਬੂਟ ਪਾ ਲਏ। ਉਹ ਮੈਨੂੰ ਅੱਗ ਤੋਂ ਬਚਣ (ਫਾਇਰ ਇਸਕੇਪ) ਵਾਲ਼ੇ ਦਰਵਾਜ਼ੇ ਤਕ ਲੈ ਗਿਆ। ਉਹਨੇ ਬੂਹੇ ਦਾ ਜਿੰਦਾ ਖੋਲ੍ਹਿਆ ਜਿਹੜਾ ਕਿ ਉਹ ਹੀ ਇਸ ਤਰ੍ਹਾਂ ਖੋਲ੍ਹ ਸਕਦਾ ਸੀ। ਉਹਨੇ ਦਰਵਾਜ਼ਾ ਮੇਰੇ ਲਈ ਖੋਲ੍ਹ ਕੇ ਫੜੀ ਰੱਖਿਆ। ਬਾਹਰ ਦਾ ਰਸਤਾ ਦਿਖਾਉਣ ਵਾਲ਼ੀ ਲਾਲ ਬੱਤੀ ਇਕ ਡਰਾਉਣਾ ਜਿਹਾ ਅਸਰ ਪਾ ਰਹੀ ਸੀ ਜੋ ਸਾਡੇ ਚਿਹਰਿਆਂ ਨੂੰ ਪੀਲ਼ੇ ਜਿਹੇ ਸੰਤਰੀ ਰੰਗ ਦਾ ਬਣਾ ਰਹੀ ਸੀ। ਬਾਹਰ, ਚੰਦ ਅਸਮਾਨ ਵਿਚ ਬੜੇ ਰੋਅਬਦਾਬ ਤਰੀਕੇ ਨਾਲ਼ ਚਮਕ ਰਿਹਾ ਸੀ, ਗੋਲ਼ ਤੇ ਪੂਰਾ।

"ਹੁਣ ਜਾਹ। ਮੈਂ ਨਿਗਰਾਨੀ ਰੱਖਾਂਗਾ। ਜੇ ਕੋਈ ਆਇਆ, ਤਾਂ ਮੈਂ ਉਨ੍ਹਾਂ ਨੂੰ ਕੁਝ ਹੌਲ਼ੀ ਕਰਨ ਦੀ ਕੋਸ਼ਿਸ਼ ਕਰਾਂਗਾ ਜੇ ਮੈਂ ਕਰ ਸਕਿਆ ਤਾਂ। ਤੇਜ਼ੀ ਨਾਲ਼ ਜਾਹ ਪਰ ਬਹੁਤਾ ਤੇਜ਼ ਨਹੀਂ। ਆਪਣੇ ਪੈਰਾਂ ਦਾ ਧਿਆਨ ਰੱਖੀਂ। ਠੋਕਰ ਨਾ ਖਾ ਲਈਂ। ਚੁੱਪ ਰਹਿ ਕੇ। ਕੰਢੇ 'ਤੇ ਡੌਕ ਉੱਪਰ ਤੇਰੇ ਬੂਟਾਂ ਦੀ ਉੱਚੀ ਆਵਾਜ਼ ਆਵੇਗੀ। ਜਦੋਂ ਉੱਥੇ ਪਹੁੰਚਿਆ ਇਨ੍ਹਾਂ ਨੂੰ ਲਾਹ ਲਵੀਂ।"

ਮੈਂ ਹਾਂ ਵਿਚ ਸਿਰ ਹਿਲਾਇਆ ਤੇ ਪੌੜੀਆਂ ਵੱਲ ਨੂੰ ਤੁਰ ਪਿਆ। ਮੈਂ ਮੁੜ ਕੇ ਉਹਦੇ ਵੱਲ ਦੇਖਿਆ, ਆਪਣੇ ਦੋਸਤ ਵੱਲ।

"ਜਾਹ!" ਉਹਨੇ ਹੌਲ਼ੀ ਦੇਣੀ ਕਿਹਾ।

ਮੈਂ ਮੁੜ ਕੇ ਪਿੱਛੇ ਨੂੰ ਕਦਮ ਪੁੱਟਿਆ, ਆਪਣਾ ਹੱਥ ਉਹਦੇ ਮੋਢੇ 'ਤੇ ਰੱਖਿਆ। "ਕੈਨੀ।"

"ਹੁਣ ਤੂੰ ਜਾਹ, ਇਸ ਤੋਂ ਪਹਿਲਾਂ ਕਿ ਕੋਈ ਜਾਗ ਜਾਵੇ।"

ਮੈਂ ਫਾਇਰ ਇਸਕੇਪ ਦੇ ਰਾਹ ਥੱਲੇ ਨੂੰ ਪੋਲੇ ਪੋਲੇ ਪੈਰੀਂ ਤੁਰਿਆ, ਜੰਗਲਿਆਂ ਨੂੰ ਘੁੱਟ ਕੇ ਫੜਦਿਆਂ, ਅਰਦਾਸਾਂ ਕਰਦਾ ਕਿ ਮੈਨੂੰ ਕੋਈ ਦੇਖ ਨਾ ਲਵੇ, ਬਾਹਰਲੀਆਂ ਪੌੜੀਆਂ ਦੀ ਕੰਧ ਨਾਲ਼

ਤੁਰਦਾ ਮੈਂ ਸਾਰਿਆਂ ਪਾਸਿਆਂ ਤੋਂ ਦਿਸਦਾ ਸਾਂ। ਮੈਂ ਦਿਆਰ ਦੇ ਦਰੱਖਤਾਂ ਦੇ ਥੱਲੇ ਥੱਲੇ ਤੁਰਿਆ, ਝਾੜੀਆਂ ਦੇ ਕੋਲ਼ ਕੋਲ਼ ਦੀ ਜਿਹੜੀਆਂ ਗਰਾਉਂਡ ਦੇ ਬਾਹਰ ਬਾਹਰ ਸਨ। ਤੇਜ਼ ਪਰ ਸਾਵਧਾਨੀ ਨਾਲ਼, ਜਿਸ ਤਰ੍ਹਾਂ ਕੈਨੀ ਨੇ ਕਿਹਾ ਸੀ। ਮੈਂ ਡੌਕ ਵੱਲ ਜਾਂਦੀ ਡੰਡੀ ਦੇ ਸ਼ੁਰੂ ਕੋਲ਼ ਰਤਾ ਕੁ ਰੁਕਿਆ ਤੇ ਆਲ਼ੇ ਦੁਆਲ਼ੇ ਦੇਖਿਆ। ਮੇਰਾ ਦਿਲ ਮੇਰੇ ਕੰਨਾਂ ਵਿਚ ਢੋਲ ਵਾਂਗ ਵੱਜਦਾ ਲੱਗਾ। ਮੈਂ ਆਪਣਾ ਸਾਹ ਰੋਕਿਆ ਤੇ ਸੁਣਨ ਦੀ ਕੋਸ਼ਿਸ਼ ਕੀਤੀ। ਕੁਛ ਨਹੀਂ ਸੀ। ਹਨੇਰਾ ਸੀ ਤੇ ਚੁੱਪ ਚਾਂਦ ਸੀ। ਚੰਦ ਦੀ ਕਾਫੀ ਰੋਸ਼ਨੀ ਸੀ ਮੈਨੂੰ ਆਪਣਾ ਰਸਤਾ ਦੇਖਣ ਵਿੱਚ ਮਦਦ ਕਰਨ ਲਈ।

ਮੈਂ ਡੌਕ ਨੂੰ ਜਾਂਦੇ ਰਸਤੇ ਵਿਚ ਦੀ ਦੌੜਿਆ। ਡੌਕ ਦੇ ਅੰਤ ’ਤੇ ਕਿਸ਼ਤੀ ਸੀ, ਨਾ ਕੋਈ ਰੋਸ਼ਨੀ ਸੀ, ਨਾ ਇੰਜਣ ਹੀ ਚੱਲ ਰਿਹਾ ਸੀ। ਮਾਂ! ਮੈਂ ਦੌੜਿਆ। ਮੇਰੇ ਬੂਟਾਂ ਦੀ ਸਖਤ ਪਲਾਸਟਿਕ ਦੇ ਥੱਲਿਆਂ ਨੇ ਡੌਕ ਨਾਲ਼ ਭਿੜ ਜੋ ਆਵਾਜ਼ ਪੈਦਾ ਕੀਤੀ ਉਹ ਜ਼ਰੂਰ ਦਰੱਖਤਾਂ ਦੇ ਵਿਚ ਦੀ ਗੂੰਜ ਪਾਉਂਦੀ ਬਰੱਦਰ ਦੇ ਸੌਣ ਵਾਲ਼ੇ ਕਮਰੇ ਤਕ ਪਹੁੰਚੀ ਹੋਵੇਗੀ। ਮੈਂ ਏਨੀ ਕਾਹਲ਼ੀ ਨਾਲ਼ ਰੁਕਿਆ ਕਿ ਮੈਂ ਲੜਖੜਾ ਗਿਆ। ਮੇਰੀਆਂ ਅੱਖਾਂ ਪਲ ਲਈ ਵੀ ਡੌਕ ਦੇ ਅਖੀਰ ਵਿਚ ਹਨੇਰੇ ਵਿਚ ਚੁੱਪ ਚਾਪ ਖੜ੍ਹੀ ਕਿਸ਼ਤੀ ਤੋਂ ਪਾਸੇ ਨਾ ਹੋਈਆਂ। ਮੈਂ ਆਪਣੇ ਬੂਟ ਲਾਹ ਲਏ। ਫੇਰ ਮੈਂ ਜਿੰਨੀ ਵੀ ਤੇਜ਼ ਮੇਰੇ ਪੈਰ ਮੈਨੂੰ ਲਿਜਾ ਸਕਦੇ ਸਨ ਉਨੀ ਤੇਜ਼ੀ ਨਾਲ਼ ਦੌੜਿਆ, ਕਿਸ਼ਤੀ ਦੇ ਬਰਾਬਰ ਪਹੁੰਚ ਗਿਆ, ਕਿਸੇ ਨੂੰ ਭਾਲ਼ ਰਿਹਾ ਸੀ, ਕੋਈ ਪੌੜੀ, ਜਾਂ ਪੈਰ ਰੱਖਣ ਲਈ ਕੋਈ ਹੋਰ ਚੀਜ਼ ਜਿਹਦੇ ਨਾਲ਼ ਮੈਂ ਕਿਸ਼ਤੀ ਅੰਦਰ ਜਾ ਸਕਾਂ। ਇਕ ਹੱਥ ਨੇ ਮੈਨੂੰ ਫੜ ਲਿਆ ਤੇ ਮੈਨੂੰ ਖਿੱਚ ਕੇ ਕਿਸ਼ਤੀ ਅੰਦਰ ਲੈ ਗਿਆ। ਕਿਸ਼ਤੀ ਦਾ ਇੰਜਣ ਉੱਚੀ ਆਵਾਜ਼ ਨਾਲ਼ ਜੀਓਂ ਉੱਠਿਆ। ਮੇਰੀ ਮਾਸੀ ਮਾਏ ਤੋਂ ਫੜ ਕੇ ਚਾਚੇ ਚਾਰਲੀ ਨੇ ਮੈਨੂੰ ਕਿਸ਼ਤੀ ਦੇ ਹੇਠਲੇ ਹਿੱਸੇ ਵਿਚ ਮੇਰੀ ਮਾਂ ਨੂੰ ਫੜਾ ਦਿੱਤਾ। ਅਸੀਂ ਪੌੜੀ ਦੇ ਅਖੀਰਲੇ ਦੋ ਡੰਡਿਆਂ ਤੋਂ ਥੱਲੇ ਡਿੱਗ ਪਏ ਅਤੇ ਭੁੜਕ ਕੇ ਇਕ ਦੂਜੇ ਦੀਆਂ ਬਾਹਾਂ ਵਿਚ ਜਾ ਪਏ।

“ਨਾਪੇਸਿਸ, ਨਾਪੇਸਿਸ, ਮੇਰੇ ਨਿੱਕਿਆ ਬੰਦਿਆ!” ਮੇਰੀ ਮਾਂ ਰੋਈ ਜਾ ਰਹੀ ਸੀ, ਉਹਨੇ ਮੈਨੂੰ ਏਨੀ ਜ਼ੋਰ ਨਾਲ਼ ਘੁੱਟਿਆ ਹੋਇਆ ਸੀ ਕਿ ਮੇਰੇ ਲਈ ਸਾਹ ਲੈਣਾ ਮੁਸ਼ਕਲ ਸੀ। ਅਸੀਂ ਕਿਸ਼ਤੀ ਵਿਚ ਤੇਜ਼ੀ ਨਾਲ਼ ਬੇਅ ਦੇ ਦੂਜੇ ਪਾਸੇ ਚਲੇ ਗਏ ਜਿੱਥੇ ਇਕ ਕਾਰ ਸਾਡੀ ਉਡੀਕ ਕਰ ਰਹੀ ਸੀ ਤੇ ਇਕ ਪਲੈਨ ਵੀ ਬਣ ਚੁੱਕੀ ਸੀ। ਮੈਂ ਅਤੇ ਮੇਰੀ ਮਾਂ ਨੇ ਮਾਏ ਨਾਲ਼ ਗਲਵਕੜੀ ਪਾਈ ਅਤੇ ਕਾਹਲ਼ੀ ਕਾਹਲ਼ੀ ਇਕ ਆਮ ਜਿਹੀ ਦਿਸਦੀ 51 ਵੇਲੀਐਂਟ ਕਾਰ ਵੱਲ ਗਏ ਜਿਹਨੇ ਸਾਨੂੰ ਆਜ਼ਾਦੀ ਵੱਲ ਲੈ ਕੇ ਜਾਣਾ ਸੀ। ਮਾਏ ਨੇ ਮੇਰੀ ਮੁੱਠੀ ਵਿਚ ਕੁਝ ਰੱਖਿਆ ਅਤੇ ਹੰਝੂ ਭਰੀਆਂ ਅੱਖਾਂ ਨਾਲ਼ ਮੇਰੇ ਤੇ ਮੇਰੀ ਮਾਂ ਵੱਲ ਦੇਖਿਆ।

“ਤੂੰ ਹੁਣ ਇਕ ਚੰਗਾ ਪੁੱਤ ਬਣੀਂ। ਆਪਣੀ ਮਾਂ ਦੀ ਮਦਦ ਕਰੀਂ। ਅਸੀਂ ਜਿੰਨੀ ਛੇਤੀ ਹੋ ਸਕਿਆ ਤੁਹਾਨੂੰ ਮਿਲ਼ਣ ਆਵਾਂਗੇ।” ਉਹਨੇ ਆਖਰੀ ਵਾਰ ਮੇਰਾ ਮੂੰਹ ਚੁੰਮਿਆਂ ਤੇ ਮੈਨੂੰ ਕਲ਼ਾਵੇ ਵਿਚ ਲਿਆ।

“ਚਾਰਲੀ ਮੈਂ ਤੇਰਾ ਕਿਸ ਤਰ੍ਹਾਂ ਸ਼ੁਕਰੀਆਂ ਕਰਾਂ?” ਮੇਰੀ ਮਾਂ ਨੇ ਆਪਣੇ ਹੰਝੂ ਆਪਣੀ ਬਾਂਹ ਨਾਲ਼ ਪੂੰਝੇ, ਤੇ ਮੇਰੇ ਚਾਚੇ ਨੂੰ ਆਪਣੀਆਂ ਬਾਹਾਂ ਵਿਚ ਲੈ ਲਿਆ। “ਤੂੰ ਇਕ ਬਹੁਤ ਵਧੀਆ ਇਨਸਾਨ ਏਂ।”

“ਸਾਗਾਸਤਿਕ, ਇਹ ਤੇਰਾ ਪੁੱਤ ਹੈ। ਇਸ ਉੱਪਰ ਸਿਰਫ ਤੇਰਾ ਹੱਕ ਬਣਦਾ ਹੈ। ਹੁਣ ਤੁਸੀਂ ਜਾਓ। ਉਨ੍ਹਾਂ ਨੂੰ ਇਹਦੇ ਜਾਣ ਬਾਰੇ ਤਾਂ ਸ਼ਾਇਦ ਸਵੇਰ ਨੂੰ ਹੀ ਪਤਾ ਲੱਗੇ ਪਰ ਤੁਹਾਡਾ ਸਫਰ ਲੰਮਾ ਹੈ ਅਤੇ ਤੁਹਾਡੇ ਲਈ ਜ਼ਰੂਰੀ ਹੈ ਕਿ ਤੁਸੀਂ ਉਨ੍ਹਾਂ ਵੱਲੋਂ ਆਲ਼ੇ ਦੁਆਲ਼ੇ ਇਤਲਾਹ ਦੇਣ ਤੋਂ ਪਹਿਲਾਂ ਪਹਿਲਾਂ ਬਾਰਡਰ ਲੰਘ ਜਾਵੋਂ। ਜਦੋਂ ਤੁਸੀਂ ਲਾਈਨ ਦੇ ਦੂਜੇ ਪਾਸੇ ਚਲੇ ਜਾਵੋਂ2 ਤਾਂ ਸਾਨੂੰ ਕੁਲੈਕਟ ਕਾਲ ਕਰ ਦੇਣੀ।”

“ਹਾਂ ਮੈਂ ਜ਼ਰੂਰ ਕਰਾਂਗੀ ਚਾਰਲੀ। ਤੁਸੀਂ ਜਿੰਨੀ ਛੇਤੀ ਹੋ ਸਕੇ ਸਾਨੂੰ ਮਿਲ਼ਣ ਆਇਓ।”

ਮੇਰੀ ਮਾਂ ਨੇ ਕਾਰ ਦੀ ਸਵਾਰੀ ਵਾਲ਼ਾ ਦਰਵਾਜ਼ਾ ਮੇਰੇ ਵਾਸਤੇ ਖੋਹਲਿਆ। ਆਪ ਦੂਜੇ ਪਾਸੇ ਨੂੰ

ਨੱਠ ਕੇ ਜਾਂਦੀ ਹੋਈ ਨੇ ਆਪਣਾ ਪਰਸ ਸਵਾਰੀ ਵਾਲ਼ੀ ਸੀਟ ਦੇ ਥੱਲੇ ਸੁੱਟ ਦਿੱਤਾ। ਉਹਨੇ ਇਕ ਵਾਰ ਫੇਰ ਮਾਏ ਤੇ ਚਾਰਲੀ ਵੱਲਾਂ ਹੱਥ ਹਿਲਾਇਆ, ਜ਼ੋਰ ਨਾਲ਼ ਆਪਣਾ ਦਰਵਾਜ਼ਾ ਲਾਇਆ ਤੇ ਕਾਰ ਤੋਰ ਲਈ। ਮੈਂ ਆਪਣੀ ਮੁੱਠੀ ਖੋਹਲੀ। ਇਹ ਇਕ ਛੋਟੀ ਜਿਹੀ ਲਾਲ ਕਾਰ ਸੀ। ਮੈਂ ਕਾਰ ਨੂੰ ਹੱਥ ਵਿਚ ਘੁੱਟ ਕੇ ਸੀਟ 'ਤੇ ਲੰਮਾ ਪੈ ਗਿਆ ਅਤੇ ਆਪਣਾ ਸਿਰ ਆਪਣੀ ਮਾਂ ਦੀ ਗੋਦੀ ਵਿਚ ਰੱਖ ਦਿੱਤਾ। ਉਹ ਇਕ ਹੱਥ ਨਾਲ਼ ਕਾਰ ਚਲਾਉਂਦੀ ਰਹੀ ਤੇ ਦੂਜਾ ਹੱਥ ਮੇਰੇ ਮੋਢੇ 'ਤੇ ਰੱਖੀ ਛੱਡਿਆ।

---

ਹਾਊਈ ਦੀ ਕਹਾਣੀ ਦੌਰਾਨ, ਕਲਾਰਾ ਮੇਜ਼ ਉੱਪਰ ਝੁਕੀ ਰਹੀ, ਗੱਲ ਸੁਣਨ ਦੀ ਕੋਸ਼ਿਸ਼ ਕਰਦੀ, ਕਿਉਂਕਿ ਉਹਦੀ ਆਵਾਜ਼ ਧੀਮੀ ਸੀ ਇਸ ਡਰੋਂ ਕਿ ਰੈਸਟੋਰੈਂਟ ਵਿਚ ਬੈਠੇ ਹੋਰ ਲੋਕਾਂ ਨੂੰ ਵੀ ਉਹਦੀਆਂ ਗੱਲਾਂ ਸੁਣ ਪੈਣਗੀਆਂ। ਉਹਨੇ ਲੰਮਾ ਸਾਹ ਲਿਆ ਤੇ ਕੁਰਸੀ ਦੀ ਗੱਦੀ ਨਾਲ਼ ਢਾਸਣਾ ਲਾ ਕੇ ਬੈਠ ਗਈ। "ਉਹ ਗੰਦਾ ਥਾਂ *(ਦੈਟ ਫਕਿੰਗ ਪਲੇਸ)*।"

"ਤੇਰੇ ਖਿਆਲ 'ਚ ਕੀ ਆਪਾਂ ਕਦੇ ਵੀ ਇਸ ਤੋਂ ਆਜ਼ਾਦ ਹੋ ਸਕਾਂਗੇ?"

"ਮਾਰੀਹਾ ਬਾਰੇ ਦੱਸਣ ਲਈ ਮੈਨੂੰ ਚੇਤਾ ਕਰਾਈਂ।"

"ਮੈਨੂੰ ਹੁਣੇ ਦੱਸ।", ਥੱਕੇ ਹੋਏ ਹਾਊਈ ਨੇ ਪਿੱਛੇ ਨੂੰ ਬਹਿੰਦਿਆਂ ਕਿਹਾ।

"ਨਹੀਂ, ਸ਼ਾਇਦ ਹੁਣ ਨਹੀਂ।" ਉਹਨੇ ਰੈਸਟੋਰੈਂਟ ਦੇ ਵਰਤਾਵੇ ਵੱਲ ਇਸ਼ਾਰਾ ਕਰਦਿਆਂ ਕਿਹਾ ਜਿਹੜਾ ਉਨ੍ਹਾਂ ਨੂੰ ਕਈ ਵਾਰ ਪੁੱਛ ਗਿਆ ਸੀ ਜੇ ਕੁਝ ਹੋਰ ਚਾਹੀਦਾ ਹੋਵੇ ਤਾਂ। ਕਿਉਂਕਿ ਇਹ ਸਾਰੇ ਸ਼ਹਿਰ ਵਿਚੋਂ ਸਭ ਤੋਂ ਵਧੀਆ ਚੀਨੀ ਖਾਣੇ ਵਾਲ਼ਾ ਥਾਂ ਸੀ, ਬਾਹਰ ਇਕ ਲੰਮੀ ਕਤਾਰ ਬਣ ਰਹੀ ਸੀ, ਦਰਜਨ ਦੇ ਕਰੀਬ ਲੋਕ ਜੋ ਖਾਲੀ ਮੇਜ਼ ਦੀ ਉਡੀਕ ਕਰ ਰਹੇ ਸਨ।

"ਚੱਲ ਮੈਂ ਤੇਰੇ ਨਾਲ਼ ਤੁਰ ਕੇ ਤੈਨੂੰ ਘਰ ਛੱਡ ਆਉਂਦਾ ਹਾਂ।" ਹਾਊਈ ਨੇ ਖਾਣੇ ਦੇ ਪੈਸੇ ਦਿੱਤੇ ਅਤੇ ਉਹ ਦੋਵੇਂ ਬਾਹਰ ਆ ਗਏ ਸ਼ਾਮ ਦੀ ਠੰਡੀ ਹਵਾ ਵਿਚ। ਕਲਾਰਾ ਦੇ ਘਰ ਨੂੰ ਜਾਂਦਿਆਂ, ਜੋ ਕਿ ਨੇੜੇ ਹੀ ਸੀ, ਉਹ ਦੋਵੇਂ ਅਜੀਬ ਜਿਹੇ ਤਰੀਕੇ ਨਾਲ਼ ਚੁੱਪ ਰਹੇ।

ਜਦੋਂ ਉਹ ਉੱਥੇ ਪਹੁੰਚੇ, ਕਲਾਰਾ ਨੇ ਹਾਊਈ ਵੱਲ ਮੁਸਕਰਾ ਕੇ ਦੇਖਿਆ। "ਤੂੰ ਚਾਹ ਦੇ ਕੱਪ ਲਈ ਜਾਂ ਕੁਝ ਹੋਰ ਪੀਣ ਲਈ ਉੱਪਰ ਆਉਣਾ ਚਾਹੇਂਗਾ?"

ਹਾਊਈ ਨੇ ਸਿਰ ਹਿਲਾ ਕੇ ਹਾਂ ਕੀਤੀ ਤੇ ਉਹ ਦੋਵੇਂ ਪੌੜੀਆਂ ਚੜ੍ਹ ਕੇ ਕਲਾਰਾ ਦੇ ਛੋਟੇ ਜਿਹੇ ਅਪਾਰਟਮੈਂਟ ਵਿਚ ਚਲੇ ਗਏ। ਉਹਨੇ ਕਲਾਰਾ ਵੱਲ ਦੇਖਿਆ ਜਿਸ ਨੇ ਚਾਹ ਬਣਾਉਣ ਲਈ ਕੈਟਲ ਸਟੋਵ 'ਤੇ ਰੱਖੀ ਤੇ ਜਦੋਂ ਕਲਾਰਾ ਨੇ ਆਪਣੇ ਰਸੋਈ ਦੇ ਮੇਜ਼ ਉੱਪਰ ਬੈਠੇ ਹਾਊਈ ਵੱਲ ਦੇਖਿਆ ਤਾਂ ਉਹ ਹੋਰ ਪਾਸੇ ਨੂੰ ਦੇਖਣ ਲੱਗ ਪਿਆ। ਉਹਨੇ ਦੋ ਕੱਪ ਚਾਹ ਦੇ ਮੇਜ਼ 'ਤੇ ਰੱਖੇ ਤੇ ਮੇਜ਼ 'ਤੇ ਉਹਦੇ ਸਾਹਮਣੇ ਬੈਠ ਗਈ।

"ਚੇਤਾ ਮੈਂ ਤੈਨੂੰ ਦੱਸਿਆ ਸੀ ਆਪਣੇ ਅਮਰੀਕਾ ਵਿਚਲੇ ਸਮੇਂ ਬਾਰੇ ਤੇ ਮੇਰੇ ਸੱਟ ਕਿੱਦਾਂ ਲੱਗੀ ਸੀ?"

ਹਾਊਈ ਨੇ ਸਿਰ ਹਿਲਾਇਆ, "ਹਾਂ, ਖਤਰਨਾਕ ਸਮੇਂ ਸੀ ਉਹ।"

"ਜਦੋਂ ਮੈਂ ਦੌੜ ਕੇ ਬਾਰਡਰ 'ਤੇ ਗਈ, ਤਾਂ ਉਹ ਮੈਨੂੰ ਉਸ ਬੁੱਢੀ ਔਰਤ ਕੋਲ਼ ਲੈ ਗਏ।" ਕਲਾਰਾ ਪਿੱਛੇ ਨੂੰ ਹੋ ਕੇ ਆਪਣੀਆਂ ਬਾਹਾਂ ਨੂੰ ਸਰੀਰ ਅੱਗੇ ਕੱਠੀਆਂ ਕਰ ਕੇ ਆਰਾਮ ਨਾਲ਼ ਬੈਠ ਗਈ। "ਮੈਂ ਤੈਨੂੰ ਹੁਣ ਮਾਰੀਹਾ ਬਾਰੇ ਦੱਸਦੀ ਹਾਂ।"

ਹਾਊਈ ਉਹਦੀ ਵੱਲ ਦੇਖ ਮੁਸਕਰਾਇਆ।"ਮੇਰੇ ਕੋਲ਼ ਸੁਣਨ ਲਈ ਸਾਰੀ ਰਾਤ ਹੈ।"000

***(4333 Portland St. Burnaby B.C. CANADA V5J 2N5***
***Email: sadhu.binning@gmail.com Phone: +1-778-773- 1886)***

# ਫਿਲਮਾਂ ਵਾਲਾ ਅਮਰੀਕ ਗਿੱਲ: ਸ਼ਬਦ-ਚਿੱਤਰ: ਬਲਬੀਰ ਪਰਵਾਨਾ

ਅਮਰੀਕ ਗਿੱਲ ਮੁੰਬਈ ਦੀ ਫਿਲਮ ਨਗਰੀ 'ਚ ਸੰਵਾਦ, ਸਕਰਿਪਟ ਲੇਖਨ ਦੇ ਖੇਤਰ 'ਚ ਅੱਜ ਇਕ ਜਾਣਿਆ ਪਹਿਚਾਣਿਆਂ ਨਾਂ ਹੈ ਪਰ ਇਹ ਪਹਿਚਾਣ ਉਸਨੂੰ ਆਸਾਨੀ ਨਾਲ ਨਹੀਂ ਮਿਲੀ। ਇਸ ਪਿੱਛੇ ਸੰਘਰਸ਼ ਦੀ ਇਕ ਲੰਬੀ ਗਾਥਾ ਹੈ। ਇਹ ਸੰਘਰਸ਼ ਉਸਨੇ ਕਈ ਪੱਧਰਾਂ 'ਤੇ ਲੜਿਆ। ਇਸ ਇਕ ਪਛਾਣ ਦੀ ਖਾਤਰ ਉਸਨੇ ਕਈ ਪਹਿਚਾਣਾਂ ਗੁਆਈਆਂ ਵੀ ਹਨ। ਉਸ ਨੂੰ ਮੈਂ ਬਹੁਤ ਪਹਿਲਾਂ ਤੋਂ ਜਾਣਦਾਂ; ਉਦੋਂ ਤੋਂ, ਜਦੋਂ ਉਹ ਮੁਕੇਰੀਆਂ ਐੱਸ.ਪੀ.ਐੱਨ. ਕਾਲਿਜ 'ਚ ਬੀ.ਏ. ਫਾਈਨਲ ਦਾ ਵਿਦਿਆਰਥੀ ਸੀ ਤੇ ਮੈਂ ਇਸੇ ਕਾਲਿਜ 'ਚ ਪ੍ਰੈੱਪ 'ਚ ਪੁੱਜਿਆ। ਅਮਰੀਕ ਕਾਲਿਜ ਦਾ ਨਾਇਕ ਸੀ। ਵਧੀਆ ਡਿਬੇਟਰ, ਕਵੀ, ਰੰਗਕਰਮੀ ਤੇ ਸਭਿਆਚਾਰਕ ਸਰਗਰਮੀਆਂ ਦੀਆਂ ਮੂਹਰਲੀਆਂ ਸਫ਼ਾਂ ਦਾ ਨਾਂ। ਕਾਲਿਜ 'ਚ ਹੁੰਦੇ ਹਰ ਸਮਾਗਮ ਦਾ ਰੂਹੇ-ਰਵਾਂ।

ਸੰਨ 1972 ਦੇ ਸਤੰਬਰ-ਅਕਤੂਬਰ ਦੇ ਖੱਟ-ਮਿੱਠੇ ਜਿਹੇ ਦਿਨ। ਨਾ ਬਹੁਤੀ ਗਰਮੀ ਨਾ ਸਰਦੀ। ਕਾਲਿਜ ਦੇ ਰੇਲਵੇ ਰੋਡ ਵਾਲੇ ਪਾਸੇ ਦੇ ਗੇਟ ਨਾਲ ਲੱਗਵੇਂ ਲਾਅਨ 'ਚ ਚੱਲ ਰਿਹਾ ਸਭਿਆਚਾਰਕ ਸਮਾਗਮ। ਲਾਅਨ ਦੇ ਵਿਚਕਾਰ ਖੜ੍ਹਾ ਪਿੱਪਲ ਦਾ ਰੁੱਖ, ਜਿਸਦੇ ਤਣੇ 'ਤੇ ਚਿੱਤਰਕਾਰੀ ਕੀਤੀ ਹੋਈ ਸੀ: ਫੰਨ ਖਿਲਾਰੀ ਕੁੰਡਲੀਦਾਰ ਨਾਗ ਤੇ ਕੁੱਝ ਹੋਰ ਚਿੱਤਰ। ਨਾਲ ਹੀ ਲੱਗੀ ਹੋਈ ਸਟੇਜ 'ਤੇ ਬੈਠੇ ਪ੍ਰਿੰਸੀਪਲ ਐੱਸ. ਪਾਲ, ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀ ਐੱਨ. ਮੱਕੜ ਤੇ ਕੁੱਝ ਹੋਰ ਪ੍ਰਾਹੁਣੇ। ਸਾਹਮਣੇ ਬੈਂਚਾਂ 'ਤੇ ਬੈਠੇ ਵਿਦਿਆਰਥੀ। ਨਿੱਘੀ ਨਿੱਘੀ ਪੈ ਰਹੀ ਧੁੱਪ। ਇਸ ਵਰਗੇ ਹੀ ਸੁਪਨੇ ਹੁੰਦੇ ਹਨ ਉਸ ਉਮਰ 'ਚ। ਇਸ ਸਮਾਗਮ 'ਚ ਅਮਰੀਕ ਗਿੱਲ ਨੇ ਸਟੇਜ ਤੋਂ ਕਵਿਤਾ ਪੜ੍ਹੀ 'ਗੈਰਾਜ ਤੋਂ ਗਿਰਜਾਘਰ ਤਕ'। ਉਸਦੇ ਸ਼ਬਦ ਤਾਂ ਹੁਣ ਯਾਦ ਨਹੀਂ; ਪਰ ਉਸ ਵਿਚ ਕਾਲਿਜ ਤੇ ਚੁਫੇਰੇ ਦੀ ਦ੍ਰਿਸ਼ਕਾਰੀ ਕੀਤੀ ਹੋਈ ਸੀ। ਲਾਅਨ ਵਾਲਾ ਪਿੱਪਲ, ਕੰਟੀਨ, ਉੱਤਰ ਵੱਲ ਪੁਰਾਣਾ ਗਿਰਜਾਘਰ, ਦੱਖਣ ਵੱਲ ਦਾਣਾ ਮੰਡੀ 'ਚ ਕੰਮ ਕਰਦੇ ਪੱਲੇਦਾਰ। ਬੜੇ ਨਾਟਕੀ ਅੰਦਾਜ਼ 'ਚ ਉਸਨੇ ਕਵਿਤਾ ਪੜ੍ਹੀ। ਪਿੱਛੇ ਬੈਠੇ ਪ੍ਰਿੰਸੀਪਲ ਮੁੱਖ-ਮਹਿਮਾਨ ਨੂੰ ਇਸ਼ਾਰਿਆਂ ਰਾਹੀਂ ਚਿਹਨ ਸਮਝਾਉਂਦੇ ਗਏ ਜਿਹੜੇ ਕਵਿਤਾ 'ਚ ਇਕ ਤੋਂ ਬਾਅਦ ਇਕ ਆਏ। ਜਦੋਂ ਪਿੱਪਲ ਤੇ ਨਾਗ ਦਾ ਜ਼ਿਕਰ ਆਇਆ ਤਾਂ ਸਾਹਮਣੇ ਪਿੱਪਲ ਵੱਲ ਇਸ਼ਾਰਾ ਕੀਤਾ, ਗਿਰਜਾਘਰ ਦਾ ਜ਼ਿਕਰ ਆਇਆ ਤਾਂ ਪਿਛਾਂਹ ਨੂੰ ਹੱਥ ਮੁੜਿਆ। ਪੇਸ਼ਕਾਰੀ ਦਾ ਅੰਦਾਜ਼ ਤੇ ਨਾਲ ਪ੍ਰਿੰਸੀਪਲ ਵੱਲੋਂ ਆਏ ਪ੍ਰਤੀਕਾਂ ਨੂੰ ਚਿਹਨਤ ਕਰਨਾ; ਇਹ ਦ੍ਰਿਸ਼ ਏਨੇ ਵਰ੍ਹਿਆਂ ਬਾਅਦ ਵੀ ਮੇਰੇ ਜ਼ਿਹਨ 'ਚ ਉਵੇਂ ਦਾ ਉਵੇਂ ਉੱਕਰਿਆ ਹੋਇਆ। ਇਹ ਹੈ ਉਸ ਨਾਲ ਪਹਿਲੀ ਦਰਸ਼ਕ ਵਾਲੀ ਪਹਿਚਾਣ। ਉਹ ਨਾਇਕ ਵਾਂਗ ਲੱਗਿਆ, ਨਾ ਕੇਵਲ ਮੈਨੂੰ ਹੀ, ਸਗੋਂ ਕਾਲਿਜ ਦਾ ਵੀ ਨਾਇਕ ਸੀ। ਮੈਂ ਉਸੇ ਵਰ੍ਹੇ ਕਾਲਿਜ 'ਚ ਪੁੱਜਿਆ ਸੀ। ਪਛੜੇ ਹੋਏ ਪਿੰਡਾਂ 'ਚੋਂ, ਗ਼ਰੀਬ ਕਿਸਾਨੀ 'ਚੋਂ ਕਾਲਿਜ ਪੁੱਜੇ ਮੁੰਡੇ-ਕੁੜੀਆਂ ਜਿਵੇਂ ਇਸ ਖੁੱਲ੍ਹੇ ਮਾਹੌਲ 'ਚ ਆ ਕੇ ਵੀ ਆਪਣੇ ਆਪ 'ਚ ਸੁੰਗੜੇ-ਸਿਮਟੇ ਰਹਿੰਦੇ ਹਨ, ਬਿਲਕੁਲ ਉਹੋ ਜਿਹਾ। ਪੀਰੀਅਡ ਲਾਏ, ਵਿਹਲੇ ਪੀਰੀਅਡ ਲਾਇਬਰੇਰੀ 'ਚ ਜਾ ਬੈਠੇ ਜਾਂ ਲਾਅਨ ਦੀ ਕਿਸੇ ਨੁੱਕਰੇ ਬਹਿ ਆਪਣੇ ਵਰਗੇ ਕਿਸੇ ਦੋਸਤ ਨਾਲ ਗੱਲਾਂ ਮਾਰ ਛੱਡੀਆਂ। ਅਜਨਬੀ ਜਿਹੀ ਹੋਂਦ। ਅਮਰੀਕ ਗਿੱਲ, ਜਨਮੀਤ, ਅਰੁਨੇਸ਼ ਸ਼ਾਕਰ; ਇਹ ਤ੍ਰਿਕੜੀ ਅਕਸਰ ਸਮਾਗਮਾਂ 'ਚ ਛਾਈ ਹੁੰਦੀ। ਉਹ ਚਾਹੇ ਕਵਿਤਾ ਉਚਾਰਨ ਦੇ ਹੋਣ, ਭਾਸ਼ਣ ਮੁਕਾਬਲੇ ਜਾਂ ਵਿਦਿਆਰਥੀਆਂ ਦੀ ਹੋਰ ਕੋਈ ਗਤੀਵਿਧੀ। ਹਰ ਪਾਸੇ ਇਸ ਤ੍ਰਿਕੜੀ ਦੀ ਹੋਂਦ ਰੜਕਦੀ ਦਿਸਦੀ। ਅਸੀਂ ਮਨ ਹੀ ਮਨ ਇਹਨਾਂ ਵਰਗਾ ਬਣਨਾ ਲੋਚਦੇ।

ਕਾਲਿਜ ਉਸ ਵੇਲ਼ੇ ਅਜੇ ਨਵਾਂ ਨਵਾਂ ਹੀ ਬਣਿਆ ਸੀ। ਇਹ ਉਸ 'ਚੋਂ ਗਰੈਜੂਏਸ਼ਨ ਕਰਨ ਵਾਲੇ ਪਹਿਲੇ ਬੈਚ 'ਚ ਸ਼ਾਮਲ ਸਨ ਜਾਂ ਸ਼ਾਇਦ ਦੂਸਰੇ ਵਿਚ। ਅਗਲੇਰੀ ਪੜ੍ਹਾਈ ਲਈ ਫਿਰ ਇਹ ਵੱਡੇ ਸ਼ਹਿਰਾਂ ਵੱਲ ਚਲੇ ਗਏ। ਅਮਰੀਕ ਚੰਡੀਗੜ੍ਹ ਪੰਜਾਬੀ ਦੀ ਐੱਮ.ਏ ਕਰਨ, ਇਉਂ ਹੀ ਜਨਮੀਤ ਵੀ। ਪਰ ਕਾਲਿਜ ਨਾਲ ਇਹਨਾਂ ਦੀ ਹੋਂਦ ਧੜਕਦੀ ਰਹੀ। ਅਕਸਰ ਸਮਾਗਮਾਂ 'ਚ ਦਿਸ ਜਾਂਦੇ। ਇਸਦਾ ਕਾਰਨ ਸ਼ਾਇਦ ਇਹ ਵੀ ਸੀ ਕਿ ਅਮਰੀਕ ਤੇ ਜਨਮੀਤ, ਦੋਹਾਂ ਦੇ ਪਿੰਡ ਮੁਕੇਰੀਆਂ ਦੇ ਨੇੜੇ ਹੀ ਸਨ। ਅਮਰੀਕ ਦਾ ਪਿੰਡ ਮੁਕੇਰੀਆਂ ਤੋਂ ਚਾਰ ਕੁ ਕਿਲੋਮੀਟਰ ਸੀ, ਜੀ.ਟੀ ਰੋਡ 'ਤੇ ਪੇਪਰ ਮਿੱਲ ਕੋਲੋਂ ਲਿੰਕ ਸੜਕ 'ਤੇ ਪੂਰਬ ਵੱਲ ਨੂੰ ਮੁੜ ਕੇ ਮਨਸੂਰਪੁਰ। ਸੰਤਾਲੀ ਤੋਂ ਪਹਿਲਾਂ ਇਹ ਅਵਾਣ ਮੁਸਲਮਾਨਾਂ ਦਾ ਪਿੰਡ ਹੁੰਦਾ ਸੀ। ਇਸ ਖਿੱਤੇ 'ਚ ਅਵਾਣਾਂ ਦੇ ਨਾਲੋ-ਨਾਲ 86 ਪਿੰਡ ਸਨ। ਅਕਬਰ ਦੇ ਰਾਜ ਵੇਲ਼ੇ ਚੌਧਰੀ ਮੁਬਾਰਕ ਖਾਂ ਅਵਾਣ ਇਸ ਕਬੀਲੇ ਦਾ ਸਰਬਰਾਹ ਸੀ, ਜਿਸਦੇ ਭਤੀਜੇ ਮਨਸੂਰ ਖਾਂ ਨੇ ਪਿੰਡ ਮਨਸੂਰਪੁਰ ਵਸਾਇਆ। ਸੰਤਾਲੀ ਵੇਲ਼ੇ ਅਵਾਣ ਲਹਿੰਦੇ ਪੰਜਾਬ ਜਾਣ ਤੋਂ ਕਾਫੀ ਚਿਰ ਅੜੇ ਰਹੇ। ਬਾਕਾਇਦਾ ਮੋਰਚਾਬੰਦੀ ਕਰ ਕੇ ਆਪਣੀ ਸੁਰੱਖਿਆ ਲਈ ਉਪਰਾਲੇ ਕੀਤੇ। ਜਦੋਂ ਛੰਨੀਆਂ ਦਾ ਮੋਰਚਾ ਟੁੱਟਿਆ ਤਾਂ ਚੌਧਰੀ ਅਬਦੁੱਲ ਕਰੀਮ ਪੰਚਢੇਰੇ ਵਾਲੇ ਦੇ ਬੇਟੇ ਚੌਧਰੀ ਮੁਹੰਮਦ ਜ਼ਮੀਰ ਦੀ ਅਗਵਾਈ 'ਚ ਇਹਨਾਂ ਪਿੰਡਾਂ ਦਾ ਕਾਫਲਾ ਲਹਿੰਦੇ ਪੰਜਾਬ ਨੂੰ ਗਿਆ। ਉਧਰੋਂ ਉਜੜ ਕੇ ਆਏ ਹਿੰਦੂ ਸਿੱਖਾਂ ਨੂੰ ਇਹ ਜ਼ਮੀਨਾਂ ਅਲਾਟ ਹੋ ਗਈਆਂ। ਇਹਨਾਂ ਪਾਕਿਸਤਾਨ ਤੋਂ ਆਏ 'ਪਨਾਹਗੀਰ' ਪਰਿਵਾਰਾਂ 'ਚੋਂ ਹੀ ਸੀ ਅਮਰੀਕ ਦਾ ਪਰਿਵਾਰ, ਚੱਕ ਨੰ. 273 ਮਾਲਾ ਗੁੰਦੀਆਂ 'ਚੋਂ ਉਜੜ ਕੇ ਆਇਆ। ਇਸੇ ਸੜਕ 'ਤੇ ਪੰਜ ਕਿਲੋਮੀਟਰ ਹੋਰ ਅਗਾਂਹ ਜਾ ਕੇ ਆਉਂਦਾ ਜਨਮੀਤ ਦਾ ਪਿੰਡ ਕੌਲਪੁਰ। ਜਨਮੀਤ ਹੁਰਾਂ ਦਾ ਪਰਿਵਾਰ ਵੀ ਲਹਿੰਦੇ ਪੰਜਾਬ 'ਚੋਂ ਉੱਜੜ ਕੇ ਆਇਆ ਹੋਇਆ। ਇਸ ਤੋਂ ਵੀ ਅਗਲੀ ਗੱਲ, ਦੋਹਾਂ ਪਰਿਵਾਰਾਂ ਦੇ ਪਿੰਡ ਲਹਿੰਦੇ ਪੰਜਾਬ 'ਚ ਵੀ ਨਾਲੋ ਨਾਲ ਸਨ; ਤੇ ਇਕ ਦੂਸਰੇ ਦੇ ਸਾਂਝਦਾਰ ਵੀ। *(*ਮਨਸੂਰਪੁਰ ਪਿੰਡ ਬਾਰੇ ਜਾਣਕਾਰੀ ਲਹਿੰਦੇ ਪੰਜਾਬ ਦੇ ਯੂ.-ਟਿਊਬ ਚੈਨਲ BABA BAJWA 'ਚ ਇਹਸਾਨ ਬਾਜਵਾ ਤੇ ਮਲਿਕ ਮੁਹੰਮਦ ਨਾਈਮ ਦੀ ਗੱਲਬਾਤ 'ਚੋਂ ਮਿਲੀ।)*

ਕਾਲਿਜ 'ਚ ਪਹਿਲੇ ਸਾਲ ਹੀ ਮੈਂ ਪੜ੍ਹਾਈ ਦੇ ਨਾਲ ਨਾਲ ਸਾਹਿਤਕ ਲੇਖਣੀ 'ਚ ਵੀ ਕੁਝ ਵਧੇਰੇ ਹੀ ਦਿਲਚਸਪੀ ਲੈਣ ਲੱਗ ਪਿਆ। ਕਵਿਤਾ, ਮਿੰਨੀ ਕਹਾਣੀਆਂ ਤੇਜ਼ੀ ਨਾਲ ਲਿਖਣ ਲੱਗਾ। ਜਦੋਂ ਕਾਲਿਜ ਮੈਗਜ਼ੀਨ ਲਈ ਰਚਨਾਵਾਂ ਮੰਗੀਆਂ ਤਾਂ ਮੈਂ ਵੀ ਕੁਝ ਰਚਨਾਵਾਂ ਪ੍ਰੋਫੈਸਰ ਦੇਵਿੰਦਰ ਸਿੰਘ ਨੂੰ ਦੇ ਦਿੱਤੀਆਂ। ਇਹਨਾਂ 'ਚੋਂ ਦੋ ਰੁਬਾਈਆਂ, ਇਕ ਗ਼ਜ਼ਲ ਤੇ ਇਕ ਮਿੰਨੀ ਕਹਾਣੀ ਮੈਗਜ਼ੀਨ 'ਚ ਛਪ ਗਈਆਂ। ਇਹ ਮੇਰੀਆਂ ਪਹਿਲੀਆਂ ਰਚਨਾਵਾਂ ਸੀ ਜਿਹੜੀਆਂ ਕਿਤੇ ਛਾਪੇ 'ਚ ਆਈਆਂ। ਮੈਨੂੰ ਹੋਰ ਵੀ ਮਾਣ ਇਹ ਲਗਦਾ ਕਿ ਕਾਲਿਜ ਦੇ ਜਿਹੜੇ ਸਟਾਰ ਸਨ; ਜਨਮੀਤ, ਅਰੁਨੇਸ਼ ਸ਼ਾਕਰ, ਅਸ਼ੋਕ ਤਿਵਾੜੀ, ਅਮਰੀਕ ਗਿੱਲ ਵਰਗੇ; ਕਿਸੇ ਦੀ ਰਚਨਾ ਛਪੀ ਹੋਈ ਸੀ ਤੇ ਕਿਸੇ ਦੀ ਪੜ੍ਹਾਈ ਜਾਂ ਭਾਸ਼ਣ ਪ੍ਰਤੀਯੋਗਤਾ 'ਚ ਬਿਹਤਰ ਕਾਰਗੁਜ਼ਾਰੀ ਕਰਕੇ ਤਸਵੀਰ; ਮੇਰੀਆਂ ਰਚਨਾਵਾਂ ਉਸ ਮੈਗਜ਼ੀਨ 'ਚ ਛਪੀਆਂ। ਅਗਲੀ ਗੱਲ ਹੋਰ ਵੀ ਕਿ ਮੇਰੀ ਮਿੰਨੀ ਕਹਾਣੀ 'ਕੁੱਤਾ ਤੇ ਆਦਮੀ' ਤੇ ਅਮਰੀਕ ਗਿੱਲ ਦੀ ਮਿੰਨੀ ਕਹਾਣੀ 'ਦਸਤਕ' ਨਾਲੋ-ਨਾਲ ਛਪੀਆਂ ਹੋਈਆਂ ਸਨ ਇਕੋ ਸਫ਼ੇ 'ਤੇ। ਇਸ ਛਪਣ ਨੇ ਮੈਨੂੰ ਬਹੁਤ ਹੁਲਾਰਾ ਦਿੱਤਾ ਤੇ ਮੈਂ ਸਾਹਿਤ ਵੱਲ ਵਧੇਰੇ ਤੋਂ ਵਧੇਰੇ ਰੁਚਿਤ ਹੁੰਦਾ ਗਿਆ। ਪੜ੍ਹਨ ਤੇ ਲਿਖਣ ਦੋਹਾਂ ਵੱਲ ਹੀ। ਇਲਾਕੇ ਦੇ ਕਵੀਆਂ/ਲੇਖਕਾਂ ਨਾਲ ਜਾਣ-ਪਛਾਣ ਵੀ ਬਣਨ ਲੱਗੀ।

ਕਾਲਿਜ ਤੋਂ ਬਾਅਦ ਕਮਿਊਨਿਸਟ ਲਹਿਰ 'ਚ ਸਰਗਰਮ ਹੋ ਗਿਆ ਤਾਂ ਨਾਲ ਸਾਹਿਤ ਪੜ੍ਹਨਾ, ਲਿਖਣਾ ਵੀ ਵਧ ਗਿਆ। ਇਸੇ ਸਮੇਂ ਇਲਾਕੇ ਦੀ ਪਹਿਲੀ ਸਾਹਿਤ ਸਭਾ ਹੋਂਦ 'ਚ ਆਈ, 'ਪੰਜਾਬੀ ਸਾਹਿਤ ਸਭਾ ਮੁਕੇਰੀਆਂ'। ਗਿਆਨੀ ਕਰਨੈਲ ਸਿੰਘ ਇਸਦੇ ਪਹਿਲੇ ਪ੍ਰਧਾਨ

ਬਣੇ, ਗਿਆਨੀ ਹਰੀ ਰਾਮ ਸੀਨੀਅਰ ਮੀਤ ਪ੍ਰਧਾਨ ਤੇ ਲਾਲ ਸਿੰਘ (ਕਹਾਣੀਕਾਰ) ਜਨਰਲ ਸਕੱਤਰ। ਇਸ ਦੀਆਂ ਮੀਟਿੰਗਾਂ ਹਰ ਮਹੀਨੇ ਹੁੰਦੀਆਂ, ਜਿਹਨਾਂ 'ਚ ਕਦੀ-ਕਦੀ ਅਮਰੀਕ ਗਿੱਲ ਦਾ ਜ਼ਿਕਰ ਵੀ ਛਿੜ ਜਾਂਦਾ; ਉਸਦੇ ਥੀਏਟਰ 'ਚ ਸਰਗਰਮ ਹੋਣ, ਐੱਨ.ਐੱਸ.ਡੀ 'ਚ ਜਾਣ ਜਾਂ ਬਲਵੰਤ ਗਾਰਗੀ ਨਾਲ ਨੇੜਤਾ ਦਾ। ਫਿਰ ਫਿਲਮ ਨਗਰੀ 'ਚ ਸਥਾਪਤੀ ਲਈ ਸੰਘਰਸ਼ ਦੀਆਂ ਪੈੜਾਂ ਉਲੀਕਣ ਦੀਆਂ ਗੱਲਾਂ ਵੀ ਹੋਣ ਲੱਗੀਆਂ।

ਮਈ 1989 'ਚ ਮੈਂ 'ਨਵਾਂ ਜ਼ਮਾਨਾ' 'ਚ ਸਬ-ਐਡੀਟਰ ਵਜੋਂ ਆ ਜਲੰਧਰ ਰਹਿਣ ਲੱਗਾ। ਇੱਥੇ ਆ ਕੇ ਸਾਹਿਤਕ ਘੇਰਾ ਵੀ ਫੈਲਣ ਲੱਗਾ; ਲਿਖਣ, ਪੜ੍ਹਨ ਤੇ ਛਪਣ ਦਾ ਵੀ। ਇਹ ਸ਼ਾਇਦ 1996 ਦੇ ਅਖੀਰ ਜਿਹੇ ਦੀ ਗੱਲ ਹੈ। ਇਕ ਵਾਰ ਜਲੰਧਰ ਆਇਆ ਅਮਰੀਕ ਗਿੱਲ, ਅਮਰੀਕ ਡੋਗਰੇ ਰਾਹੀਂ ਮੈਨੂੰ ਮਿਲਿਆ। ਮੈਂ ਉਸਨੂੰ ਐੱਸ.ਪੀ.ਐੱਨ. ਕਾਲਿਜ ਦੇ ਦਿਨਾਂ ਬਾਰੇ ਦੱਸਿਆ ਤਾਂ ਉਹ ਖੁੱਲ੍ਹ ਕੇ ਹੱਸਿਆ। ਨਾਲ ਹੀ ਉਸਨੇ ਰਾਤ ਮੁਕੇਰੀਆਂ ਗੈੱਸਟ-ਹਾਊਸ 'ਚ ਆਉਣ ਦਾ ਸੱਦਾ ਦਿੱਤਾ, ਜਿਹੜਾ ਉਸਨੇ ਅਰੁਨੇਸ਼ ਸ਼ਾਕਰ ਰਾਹੀਂ ਬੁੱਕ ਕਰਵਾਇਆ ਹੋਇਆ ਸੀ। ਅਰੁਨੇਸ਼ ਉਸ ਵੇਲ਼ੇ ਮੁਕੇਰੀਆਂ ਤੋਂ ਐੱਮ.ਐੱਲ.ਏ.ਸੀ ਤੇ ਪੰਜਾਬ ਦਾ ਪਾਰਲੀਮੈਂਟਰੀ ਸੈਕਟਰੀ। ਸ਼ਾਮ ਨੂੰ ਜਲੰਧਰ ਤੋਂ ਮੈਂ ਤੇ ਡੋਗਰਾ ਉੱਥੇ ਜਾ ਪੁੱਜੇ। ਉਹ ਤੇ ਜਨਮੀਤ ਪਹਿਲਾਂ ਹੀ ਆਏ ਬੈਠੇ ਸਨ। ਰਾਤ ਦੀ ਇਹ ਮਹਿਫ਼ਲ ਦੇਰ ਤਕ ਚਲਦੀ ਰਹੀ। ਬੜੀਆਂ ਖੁੱਲ੍ਹ ਕੇ ਗੱਲਾਂ ਹੋਈਆਂ। ਉਸਨੇ ਦਿੱਲੀ ਬਲਵੰਤ ਗਾਰਗੀ ਦੇ ਸਾਥ 'ਚ ਬਿਤਾਏ ਦਿਨਾਂ ਤੇ ਐੱਨ.ਐੱਸ.ਡੀ ਦੇ ਦਿਨਾਂ ਬਾਰੇ ਬਹੁਤ ਕੁਝ ਦੱਸਿਆ, ਫਿਲਮ ਨਗਰੀ ਬਾਰੇ ਵੀ। ਉਸ ਸਾਲ ਉਹ ਗੁਲਜ਼ਾਰ ਨਾਲ ਸਹਾਇਕ ਡਾਇਰੈਕਟਰ ਵਜੋਂ ਕੰਮ ਕਰ ਰਿਹਾ ਸੀ। ਫਿਲਮ 'ਮਾਚਿਸ' ਵਿਚ ਸਹਾਇਕ ਡਾਇਰੈਕਟਰ ਤਾਂ ਹੈ ਹੀ ਸੀ, ਵਿਚ ਇਕ ਛੋਟਾ ਜਿਹਾ ਰੋਲ ਵੀ ਸੀ ਉਸਦਾ। ਇਹ ਦਿਨ ਉਸਦੀ ਚੜ੍ਹਾਈ ਦੇ ਦਿਨ ਸਨ। ਦਿਨੋ-ਦਿਨ ਗਰਾਫ਼ ਉਤਾਂਹ ਵੱਲ ਜਾਣ ਦੇ ਦਿਨ। ਫਿਲਮ-ਨਗਰੀ 'ਚ ਉਸਦਾ ਨਾਂ ਆਪਣੀ ਹੋਂਦ ਫੈਲਾ ਰਿਹਾ ਸੀ। ਨਾਲ ਹੀ ਉਸ ਅੰਦਰ ਅੰਗੜਾਈਆਂ ਭਰ ਰਹੀਆਂ ਸੀ ਨਵੀਆਂ ਸੰਭਾਵਨਾਵਾਂ। ਇਹਨਾਂ ਸੰਭਾਵਨਾਵਾਂ 'ਚੋਂ ਹੀ ਉਸਨੇ ਸੁਤੰਤਰ ਤੌਰ 'ਤੇ ਫਿਲਮਾਂ ਦੇ ਸੰਵਾਦ ਲਿਖਣੇ, ਕਹਾਣੀਆਂ 'ਤੇ ਕੰਮ ਕਰਨਾ ਸ਼ੁਰੂ ਕਰ ਦਿੱਤਾ। ਸਲਮਾਨ ਖਾਂ, ਅਜੇ ਦੇਵਗਨ, ਐਸ਼ਵਰਿਆ ਰਾਏ ਜਿਹੇ ਚੋਟੀ ਦੇ ਸਟਾਰ ਐਕਟਰਾਂ 'ਤੇ ਅਧਾਰਿਤ ਫਿਲਮ 'ਹਮ ਦਿਲ ਦੇ ਚੁਕੇ ਸਨਮ' ਦੇ ਸੰਵਾਦ ਉਸਨੇ ਲਿਖੇ। ਇਸ ਫਿਲਮ ਨੂੰ ਭਰਪੂਰ ਸਫ਼ਲਤਾ ਮਿਲੀ, ਨਾਲ ਹੀ ਉਸਦਾ ਨਾਂ ਸੰਵਾਦ ਲੇਖਕ ਵਜੋਂ ਸਥਾਪਤੀ ਦੀ ਪੌੜੀ ਚੜ੍ਹ ਗਿਆ। ਇਸਨੇ ਉਸਦੇ ਕੈਰੀਅਰ ਨੂੰ ਬਹੁਤ ਵੱਡਾ ਹੁਲਾਰਾ ਦਿੱਤਾ। ਇਸ ਫਿਲਮ ਨੂੰ ਕੌਮਾਂਤਰੀ ਸੰਸਥਾ 'ਆਈਫ਼ਾ' ਵੱਲੋਂ ਕਈ ਐਵਾਰਡ ਮਿਲੇ, ਜਿਸ ਵਿਚ ਬੈੱਸਟ ਸੰਵਾਦ ਲੇਖਨ ਦਾ ਐਵਾਰਡ ਉਸਦੇ ਹਿੱਸੇ ਆਇਆ। 1999 ਲੰਡਨ 'ਚ ਹੋਏ ਕੌਮਾਂਤਰੀ ਸਮਾਰੋਹ 'ਚ ਉਹ ਇਹ ਐਵਾਰਡ ਪ੍ਰਾਪਤ ਕਰਨ ਗਿਆ। ਇਸ ਤੋਂ ਬਾਅਦ ਕਈ ਵੱਡੇ ਵੱਡੇ ਨਾਮੀ ਡਾਇਰੈਕਟਰਾਂ ਵੱਲੋਂ ਉਸਨੂੰ ਕਈ ਤਰ੍ਹਾਂ ਦੀਆਂ ਆਫਰਾਂ ਆਉਣ ਲੱਗੀਆਂ। ਉਹ ਸੰਵਾਦ ਲਿਖਣ ਲਈ ਕਦੀ ਬਦੇਸ਼ ਗਿਆ ਹੁੰਦਾ, ਕਦੀ ਕੁਲੂ ਮਨਾਲੀ ਦੇ ਕਿਸੇ ਹੋਟਲ 'ਚ ਠਹਿਰਿਆ। 'ਜੀਤ', 'ਨਿਸ਼ਾਨ' ਵਰਗੀਆਂ ਕਈ ਸ਼ਾਨਦਾਰ ਫਿਲਮਾਂ ਦੇ ਸੰਵਾਦ ਲਿਖੇ, ਜਿਹਨਾਂ ਨੇ ਫਿਲਮ ਨਗਰੀ 'ਚ ਆਪਣੀ ਧਾਂਕ ਪਾਈ। ਪਰ ਇਸ ਦੌਰ 'ਚ ਵੀ ਉਹ ਆਪਣੇ ਅਸੂਲਾਂ ਨਾਲ ਬਹੁਤ ਸਾਰੇ ਸਮਝੌਤੇ ਨਾ ਕਰ ਸਕਿਆ, ਜਿਹੜੇ ਫਿਲਮ ਨਗਰੀ ਮੰਗਦੀ ਹੈ। 'ਜੀ ਹਜ਼ੂਰੀ' 'ਚ ਢਲਦਾ ਹੋਇਆ ਬੰਦਾ, ਮੰਡੀ ਦੀ ਮੰਗ ਅਨੁਸਾਰ ਮਾਲ ਪੈਦਾ ਕਰਨਾ। ਕਰ ਤਾਂ ਉਹ ਵੀ ਮੰਡੀ ਦੀ ਮੰਗ ਅਨੁਸਾਰ ਹੀ ਰਿਹਾ ਸੀ ਪਰ ਉਸ ਅੰਦਰ ਦੇ 'ਸਾਹਿਤ ਦੇ ਕੀੜੇ' ਤੇ 'ਕਾਮਰੇਡੀ' ਉਸਨੂੰ ਬਿਲਕੁਲ 'ਮੋਮ ਦੀ ਨੱਕ' 'ਚ ਨਾ ਢਲਣ ਦਿੰਦੇ। ਕੁਝ ਉਸਦੀ ਸ਼ਰਾਬ ਵੀ ਵਧ ਗਈ। ਸ਼ਰਾਬੀ ਹੋਣ 'ਤੇ ਉਸ ਅੰਦਰਲਾ 'ਜੱਟ' ਤੇ 'ਕਾਮਰੇਡ' ਫਨ ਚੁੱਕ ਖੜੋਂਦਾ। ਉਸਦਾ ਆਪੇ 'ਤੇ ਜਾਬਤਾ ਨਾ ਰਹਿੰਦਾ ਤੇ ਬਿਨਾਂ ਲਗ-ਲਗਾਅ ਤੋਂ ਜੋ ਗ਼ਲਤ ਲੱਗ ਰਿਹਾ

ਹੁੰਦਾ; ਉਸ ਬਾਰੇ ਟਿੱਪਣੀ ਕਰਨੋ ਨਾ ਟਲ਼ਦਾ। ਇਸ ਵਿਰੋਧ ਦੇ ਕੋਨੇ ਉਂਝ ਤਾਂ ਹਰ ਬੰਦੇ ਦੇ ਅੰਦਰ ਹੀ ਹੁੰਦੇ ਹਨ, ਉਸ ਅੰਦਰ ਵੀ ਸੀ ਪਰ ਉਹ ਬੇਕਾਬੂ ਹੋ ਬਾਹਰ ਨੂੰ ਹੋ ਤੁਰਦੇ।

2004 'ਚ ਬਲਵੰਤ ਗਾਰਗੀ ਦੀ ਮੌਤ ਹੋਈ ਤਾਂ ਇਸ ਮੌਕੇ 'ਸਮਦਰਸ਼ੀ' ਨੇ ਗਾਰਗੀ 'ਤੇ ਇਕ ਵਿਸ਼ੇਸ਼ ਅੰਕ ਕੱਢਿਆ। ਇਸ ਅੰਕ ਵਿਚ ਉਸਨੇ ਸ਼ਬਦ-ਚਿੱਤਰ ਲਿਖਿਆ, 'ਗਾਰਗੀ ਦੀ ਗਰੇਟ'। ਕਮਾਲ ਦਾ ਸ਼ਬਦ ਚਿੱਤਰ ਹੈ ਇਹ। ਗਾਰਗੀ ਬਾਰੇ ਲਿਖਿਆ ਸਭ ਤੋਂ ਵਧੀਆ ਨਾ ਵੀ ਹੋਵੇ; ਇਹ ਉਹਨਾਂ ਦੋ ਚਾਰ ਸ਼ਬਦ-ਚਿੱਤਰਾਂ 'ਚ ਆਉਂਦਾ, ਜਿਨ੍ਹਾਂ 'ਚ ਗਾਰਗੀ ਦੀ ਸ਼ਖ਼ਸੀਅਤ ਅਨੂਠੇ ਰੰਗਾਂ 'ਚ ਉਭਰਦੀ ਹੈ, ਕਈ ਅਣਛੋਹੇ ਪਹਿਲੂਆਂ ਨੂੰ ਸਾਹਮਣੇ ਲਿਆਉਂਦੀ ਹੋਈ। 'ਸਮਦਰਸ਼ੀ' 'ਚ ਛਪਿਆ ਤਾਂ ਸਾਹਿਤਕ ਹਲਕਿਆਂ 'ਚ ਇਸਨੇ ਭਰਪੂਰ ਚਰਚਾ ਛੇੜੀ। ਲੁਧਿਆਣੇ ਪੰਜਾਬੀ ਭਵਨ ਵਿਖੇ ਪੰਜਾਬੀ ਅਕੈਡਮੀ ਦਿੱਲੀ ਦੇ ਸਹਿਯੋਗ ਨਾਲ ਗਾਰਗੀ ਦੀ ਯਾਦ ਵਿਚ ਕਰਵਾਏ ਗਏ ਸਮਾਗਮ 'ਚ ਉਸਨੇ ਇਸਦਾ ਜਿਸ ਨਾਟਕੀ ਅੰਦਾਜ਼ 'ਚ ਪਾਠ ਕੀਤਾ, ਉਸਨੇ ਸ਼ਬਦਾਂ ਵਿਚਾਲੇ ਛੁਪੇ ਅਰਥਾਂ ਦੀਆਂ ਕਈ ਨਵੀਆਂ ਪਰਤਾਂ ਉਜਾਗਰ ਕੀਤੀਆਂ। ਇਸ ਇਕੋ ਸ਼ਬਦ-ਚਿੱਤਰ ਨਾਲ ਉਹ ਪੰਜਾਬੀ ਦੇ ਸ਼ਬਦ-ਚਿੱਤਰ ਸਾਹਿਤ 'ਚ ਆਪਣੀ ਥਾਂ ਬਣਾ ਗਿਆ।

ਮੁੰਬਈ ਰਹਿੰਦਾ ਵੀ ਉਹ ਪੰਜਾਬ ਆਉਂਦਾ-ਜਾਂਦਾ ਰਹਿੰਦਾ, ਬਹੁਤਾ ਪਿੰਡ 'ਚ ਜ਼ਮੀਨ ਦੇ ਕਿਸੇ ਕੰਮ ਜਾਂ ਰਿਸ਼ਤੇਦਾਰੀ 'ਚ ਕਿਸੇ ਖੁਸ਼ੀ-ਗ਼ਮੀ ਵੇਲ਼ੇ; ਕਦੀ ਕਿਸੇ ਸ਼ੂਟਿੰਗ ਦੇ ਸਿਲਸਿਲੇ 'ਚ ਵੀ। ਪਿੰਡਾਂ ਵੱਲ ਆਇਆਂ ਬਹੁਤਾ ਮੁਕੇਰੀਆਂ ਦੇ ਸਰਕਾਰੀ ਗੈੱਸਟ ਹਾਊਸ 'ਚ ਰੁਕਦਾ। ਵਿਚੋਂ ਇਕ ਦੋ ਦਿਨਾਂ ਲਈ ਜਲੰਧਰ ਵੀ ਆ ਜਾਂਦਾ। ਇੱਥੇ ਜਿਸ ਹੋਟਲ 'ਚ ਠਹਿਰਿਆ ਹੁੰਦਾ; ਸ਼ਾਮ ਨੂੰ ਕੁਲਵੰਤ ਸੰਧੂ, ਰਜਨੀਸ਼ ਬਹਾਦਰ ਤੇ ਮੈਨੂੰ ਵੀ ਸੱਦ ਲੈਂਦਾ। ਸ਼ਾਮ ਵਧੀਆ ਲੰਘਦੀ ਜਿਸ ਵਿਚ ਬਹੁਤੀਆਂ ਗੱਲਾਂ ਉਹੀ ਕਰਦਾ; ਤੇ ਬਹੁਤੀ ਵਾਰ ਜਿੱਥੇ ਉਸਦੀ ਸੂਈ ਅਟਕ ਜਾਂਦੀ, ਗੱਲਾਂ ਉਸ ਦੁਆਲ਼ੇ ਹੀ ਘੁੰਮਦੀਆਂ ਰਹਿੰਦੀਆਂ। ਜਦੋਂ ਉਸ ਦੀ ਬੀਵੀ ਰਸ਼ਪਿੰਦਰ ਰਸ਼ਿਮ ਨੂੰ ਉਸਦੀ ਕਹਾਣੀ 'ਆਦਿ ਕੁਆਰੀ' ਲਈ 'ਨਵਾਂ ਜ਼ਮਾਨਾ' ਵੱਲੋਂ ਦਿੱਤਾ ਜਾਂਦਾ 'ਬੀਬੀ ਸਵਰਨ ਕੌਰ ਐਵਾਰਡ' ਦਿੱਤਾ ਗਿਆ ਤਾਂ ਸ਼ਾਮ ਨੂੰ ਉਸਨੇ ਜਲੰਧਰ ਦੇ ਹੋਟਲ ਲਿੱਲੀ ਰਿਜ਼ੋਰਟ 'ਚ ਸ਼ਾਨਦਾਰ ਪਾਰਟੀ ਕੀਤੀ। ਇਸ ਵਿਚ ਉਸਦੇ ਬਹੁਤ ਸਾਰੇ ਦੋਸਤ-ਮਿੱਤਰ ਤੇ ਪੁਰਾਣੇ ਸੰਗੀ ਸਾਥੀ ਸ਼ਾਮਲ ਹੋਏ। ਜੇਬ 'ਚ ਪੈਸੇ ਹੋਣ ਤਾਂ ਉਹ ਸ਼ਾਹ ਖਰਚ ਹੁੰਦਾ। ਇਸ ਪੱਖੋਂ ਵੀ ਉਹ ਸੱਚੀਂ ਹੀ 'ਜੱਟ' ਹੈ, ਜਿਹੜਾ ਜੇ ਦੋ ਫ਼ਸਲਾਂ ਚੱਜ ਦੀਆਂ ਲੱਗ ਜਾਣ ਤਾਂ ਸਾਲਾਂ ਪਹਿਲਾਂ ਦੀ ਕੋਈ ਰੰਜਿਸ਼ ਯਾਦ ਕਰ ਝਗੜਾ ਮੁੱਲ ਲੈਣ ਦੇ ਰਾਹ ਤੁਰ ਪੈਂਦਾ ਜਾਂ ਫਿਰ ਵਿਆਹ-ਮੰਗਣੇ 'ਤੇ ਜ਼ਿੱਦ ਕਰਕੇ ਖਰਚ ਕਰਦਾ। ਇਸ ਕਹਾਣੀ ਐਵਾਰਡ ਨੂੰ ਸੈਲੀਬਰੇਟ ਕਰਨ ਲਈ ਉਸਨੇ ਹੋਟਲ 'ਕੰਟਰੀ ਇਨ' 'ਚ ਵੀ ਪਾਰਟੀ ਦਾ ਆਯੋਜਨ ਕੀਤਾ। ਇਸ ਵਿਚ ਦਿੱਲੀ ਤੋਂ ਸਤਿੰਦਰ ਸਿੰਘ ਨੂਰ, ਡਾਕਟਰ ਰਵੇਲ ਸਿੰਘ, ਪਟਿਆਲੇ ਤੋਂ ਦੀਪਕ ਮਨਮੋਹਨ ਸਿੰਘ, ਜਲੰਧਰ ਤੋਂ ਕਾਮਰੇਡ ਆਨੰਦ ਜੀ, ਉਰਮਿਲਾ ਜੀ, ਰਜਨੀਸ਼ ਬਹਾਦਰ, ਕੁਲਵੰਤ ਸੰਧੂ, ਜਸ ਮੰਡ ਤੇ ਕੁਝ ਹੋਰ ਦੋਸਤਾਂ ਨਾਲ ਮੈਂ ਵੀ ਸ਼ਾਮਲ ਹੋਇਆ। ਉਸ ਦਿਨ ਉਹ ਬਹੁਤ ਖੁਸ਼ ਸੀ। ਦੇਰ ਰਾਤ ਖਾਣਾ ਖਾ ਕੇ ਨਿਕਲਣ ਲੱਗੇ ਤਾਂ ਜਿਹੜਾ ਵੀ ਬੈਰ੍ਹਾ ਸਾਹਮਣੇ ਆਇਆ, ਉਹ ਪੰਜ ਪੰਜ ਸੌ ਦੇ ਨੋਟ ਫੜਾਈ ਗਿਆ। ਮੁੱਖ ਇੰਟਰੈਂਸ 'ਤੇ ਖੜ੍ਹੇ ਦਰਬਾਨ ਨੇ ਸਲੂਟ ਮਾਰਿਆ ਤਾਂ ਉਸਨੂੰ ਵੀ ਪੰਜ ਸੌ। ਪਾਰਕਿੰਗ ਦੇ ਸਕਿਊਰਿਟੀ ਗਾਰਡਾਂ ਨੂੰ ਵੀ। ਸਾਨੂੰ ਕੁਝ ਅਜੀਬ ਲੱਗਾ, ਇੰਝ ਪੈਸੇ ਵੰਡੀ ਜਾਣੇ ਪਰ ਉਸਨੂੰ ਕੌਣ ਕਹੇ। ਉਸ ਅੰਦਰਲਾ 'ਵੈਲੀ ਜੱਟ' ਜਿਹੜਾ ਆਮ ਹਾਲਤਾਂ 'ਚ ਦੁਬਕਿਆ ਰਹਿੰਦਾ, ਬਾਹਰਲੀਆਂ ਪਰਤਾਂ ਢਿੱਲੀਆਂ ਪੈਣ 'ਤੇ ਬੇਕਾਬੂ ਹੋ ਨਿਕਲ ਆਉਂਦਾ ਸੀ।

ਉਸਦੇ ਇਕ ਹੋਰ ਰੂਪ 'ਚ ਪ੍ਰਗਟਾਵਾ ਉਸਦੀ ਮਾਂ ਦੇ ਭੋਗ ਸਮੇਂ ਦੇਖਣ ਨੂੰ ਮਿਲਿਆ। ਉਸਦੀ ਮਾਂ ਪ੍ਰਕਾਸ਼ ਕੌਰ ਉਰਫ ਪ੍ਰਗਾਸੋ ਮਨਸੂਰਪੁਰ ਹੀ ਰਹਿੰਦੀ ਸੀ। ਉਸਦੇ ਭੋਗ 'ਤੇ ਜਲੰਧਰੋਂ ਅਸੀਂ ਵੀ

ਗਏ। ਅੰਤਮ ਅਰਦਾਸ ਤੋਂ ਬਾਅਦ ਉਹ ਆਪਣੀ ਮਾਂ ਬਾਰੇ ਕੁਝ ਸ਼ਬਦ ਬੋਲਣ ਲਈ ਉੱਠ ਪਿਆ। ਉਸਨੇ ਇਸ ਵੇਲ਼ੇ ਆਪਣੇ ਦਾਦਕੇ ਪਰਿਵਾਰ ਤੇ ਖਾਸ ਕਰ ਕੇ ਆਪਣੇ ਬਾਪ ਵੱਲੋਂ ਮਾਂ ਨੂੰ 'ਛੱਡੀ' ਰੱਖਣ, ਪੇਕੇ ਭੇਜ ਦੇਣ ਤੇ ਸ਼ਰੀਕੇ ਵੱਲੋਂ ਤਾਅਨੇ ਮਿਹਣੇ ਦਿੱਤੇ ਜਾਣ ਦੇ ਸਭ ਚਿੱਠੇ ਫੋਲ ਸੁੱਟੇ। ਉਸ ਪਿੰਡ 'ਚ ਜਿੱਥੇ ਉਸਦਾ ਸ਼ਰੀਕਾ ਭਾਈਚਾਰਾ ਸੀ, ਉਸ ਇਕੱਠ 'ਚ ਇੰਝ 'ਕੌੜਾ ਸੱਚ' ਬੋਲਣਾ ਦਲੇਰੀ ਭਰਿਆ ਵੀ ਸੀ ਪਰ ਅੱਖੜਪੁਣਾ ਵੀ। ਕਿਸੇ ਸਥਿਤੀ ਵੇਲ਼ੇ ਕਿਸੇ ਨੇ ਕੀ 'ਮਾੜੀ' ਭੂਮਿਕਾ ਨਿਭਾਈ, ਉਸਨੂੰ ਬਾਅਦ 'ਚ ਇੰਝ ਸ਼ਰ੍ਹੇਆਮ ਕਹਿਣਾ ਜਚਿਆ ਸਾਨੂੰ ਵੀ ਨਾ! ਪਰ ਅਮਰੀਕ ਤਾਂ ਅਮਰੀਕ ਹੈ; ਉਸਨੇ ਉਹੀ ਕਰਨਾ ਹੁੰਦਾ ਜੋ ਉਸਦੇ ਮਨ 'ਚ ਫਸ ਗਿਆ। ਉਸਦਾ ਇਹ ਸੁਭਾਅ ਪੱਕ ਚੁੱਕਾ ਹੈ। ਉਂਝ ਇਸਦੇ ਬੀਜ ਉਸਦੇ ਬਚਪਨ 'ਚ ਪਏ ਹੋਏ ਹਨ ਜਿਨ੍ਹਾਂ ਨੂੰ ਸਮਝੇ ਬਿਨਾਂ ਉਸਨੂੰ ਸਹੀ ਪ੍ਰਸੰਗ 'ਚ ਸਮਝਿਆ ਨਹੀਂ ਜਾ ਸਕਦਾ! ਉਹਦੇ ਲਫ਼ਜ਼ਾਂ ਵਿਚ: "ਮੇਰਾ ਬਚਪਨ ਸੁਖਾਵਾਂ ਨਹੀਂ ਸੀ। ਇਸਦਾ ਮੁਖ ਕਾਰਨ ਸੀ ਮੇਰੇ ਮਾਂ ਬਾਪ ਦੀ ਆਪਸ ਵਿਚ ਨਾ ਬਣਨੀ। ਮੇਰੀ ਮਾਂ ਸਾਧਾਰਨ ਅਨਪੜ੍ਹ ਔਰਤ ਸੀ, ਜਿਹੋ ਜਿਹੀਆਂ ਗ਼ਰੀਬ ਕਿਸਾਨ ਪਰਿਵਾਰਾਂ ਦੀਆਂ ਕੁੜੀਆਂ ਹੁੰਦੀਆਂ, ਜਦੋਂ ਕਿ ਬਾਪ ਚੰਗਾ ਪੜ੍ਹਿਆ ਲਿਖਿਆ ਤੇ ਚੰਗੀ ਨੌਕਰੀ 'ਤੇ ਲੱਗਾ ਹੋਇਆ ਸੀ। ਇਸ ਕਾਰਨ ਉਹ ਮੇਰੀ ਮਾਂ ਨੂੰ ਪਸੰਦ ਨਹੀਂ ਸੀ ਕਰਦਾ। ਉਹ ਮਾਂ ਨੂੰ ਬੁਰੀ ਤਰ੍ਹਾਂ ਮਾਰਦਾ ਕੁੱਟਦਾ। ਮੈਂ ਉਦੋਂ ਪੰਜਵੀਂ 'ਚ ਪੜ੍ਹਦਾ ਸੀ ਜਦੋਂ ਮਾਂ ਦੀ ਮਾਰਕੁੱਟ ਕਰਕੇ ਪੱਕੇ ਤੌਰ 'ਤੇ ਪੇਕੀਂ ਭੇਜ ਦਿੱਤਾ ਤੇ ਬਾਪ ਨੇ ਦੂਜਾ ਵਿਆਹ ਕਰਵਾ ਲਿਆ। ਪਿੱਛੋਂ ਉਹ ਇੰਗਲੈਂਡ ਚਲਿਆ ਗਿਆ, ਉਸਦੀ ਨਵੀਂ ਪਤਨੀ ਤੇ ਬੱਚੇ ਵੀ। ਮੈਂ ਆਪਣੇ ਦਾਦੇ ਕੋਲ਼ ਪਿੰਡ ਰਹਿ ਗਿਆ। ਇਸ ਤਰ੍ਹਾਂ ਦੇ ਹਾਲਾਤ 'ਚ ਬੀਤਿਆ ਮੇਰਾ ਬਚਪਨ, ਜਿੱਥੇ ਮੇਰੀ ਮਾਂ ਤੋਂ ਬਿਨਾਂ ਕਿਸੇ ਨੂੰ ਮੇਰੀ ਲੋੜ ਨਹੀਂ ਸੀ, ਤੇ ਮਾਂ ਪੇਕੇ ਰਹਿ ਰਹੀ ਸੀ। ਕੋਈ ਵੀ ਮੈਨੂੰ ਪਿਆਰ ਕਰਨ ਵਾਲਾ ਨਹੀਂ ਸੀ, ਨਾ ਸਾਂਭਣ ਵਾਲਾ। ਬਾਪ ਦੇ ਇੰਗਲੈਂਡ ਜਾਣ ਤੋਂ ਬਾਅਦ ਦਾਦਾ ਚਾਹੁੰਦਾ ਸੀ, ਮੈਂ ਖੇਤੀ ਦਾ ਕੰਮ ਸਾਂਭਾਂ। ਸੋ ਅੱਠਵੀਂ ਕਰਕੇ ਪੜ੍ਹਾਈ ਛੱਡ ਦਿੱਤੀ ਤੇ ਖੇਤੀ ਕਰਨ ਲੱਗਾ। ਇਹ ਉਮਰ ਹੀ ਅਜਿਹੀ ਹੁੰਦੀ ਹੈ ਜਦੋਂ ਸਰੀਰ ਥੱਕਣ ਦਾ ਨਾਂ ਨਹੀਂ ਲੈਂਦਾ। ਮੈਂ ਖੇਤੀ ਦਾ ਕੰਮ ਦਾਦੇ ਦੀ ਮਦਦ ਨਾਲ ਇਕੱਲਾ ਹੀ ਸਾਂਭਦਾ, ਬਿਨਾਂ ਕਿਸੇ ਨੌਕਰ ਤੋਂ। ਇਸ ਦੌਰਾਨ ਮੈਂ ਆਪਣੀ ਮਾਂ ਨੂੰ ਉਸਦੇ ਪੇਕਿਆਂ ਤੋਂ ਜਾ ਕੇ ਲੈ ਆਇਆ। ਦਾਦੇ ਨੂੰ ਇਹ ਬੁਰਾ ਜ਼ਰੂਰ ਲੱਗਾ ਪਰ ਉਸਨੇ ਆਖਿਆ ਕੁਝ ਨਾ, ਕਿ ਮੈਂ ਹੁਣ ਘਰ ਸਾਂਭਣ ਲੱਗ ਪਿਆ ਸੀ, ਤੇ ਦੂਸਰੇ ਬਾਪ ਆਪਣੀ ਨਵੀਂ ਪਤਨੀ ਨਾਲ ਇੰਗਲੈਂਡ 'ਚ ਵਸਦਾ।

"ਖੇਤਾਂ ਦੇ ਕੰਮ ਤੋਂ ਵਿਹਲਾ ਹੋ ਕੇ, ਮੈਂ ਕਈ ਵਾਰ ਸ਼ਾਮ ਨੂੰ ਆਪਣੇ ਪਿੰਡ ਦੇ ਸਰਪੰਚ ਸਰਦਾਰ ਬੁੱਧ ਸਿੰਘ ਹੁਰਾਂ ਦੇ ਘਰ ਰੇਡੀਓ ਸੁਣਨ ਚਲਾ ਜਾਂਦਾ। ਇਕ ਦਿਨ ਮੈਂ ਉਹਨਾਂ ਦੇ ਘਰ ਇੰਦਾਂ ਹੀ ਗਿਆ ਹੋਇਆ ਸੀ ਕਿ ਪਿੰਡ ਦਾ ਇਕ ਬੰਦਾ ਆਪਣੇ ਫਾਰਮਾਂ 'ਤੇ ਮੋਹਰ ਲੁਆਉਣ ਲਈ ਸਰਪੰਚ ਕੋਲ਼ ਆਇਆ। ਸਰਪੰਚ ਮੈਨੂੰ ਕਹਿੰਦਾ, "ਕਾਕਾ, ਬੈਠਕ ਦੀ ਅਲਮਾਰੀ 'ਚੋਂ ਮੋਹਰ ਫੜੀਂ।" ਅਲਮਾਰੀ 'ਚੋਂ ਮੋਹਰ ਕੱਢਦਿਆਂ ਮੈਂ ਉਸ ਵਿਚ ਬਹੁਤ ਸਾਰੀਆਂ ਨਵੀਆਂ ਨਕੋਰ ਕਿਤਾਬਾਂ ਵੀ ਪਈਆਂ ਦੇਖੀਆਂ। ਪਿੱਛੋਂ ਆਉਣ ਲੱਗਿਆਂ ਮੈਂ ਪੁੱਛਿਆ, "ਇਹ ਪੜ੍ਹਨ ਲਈ ਲੈ ਜਾਇਆ ਕਰਾਂ?" ਤਾਂ ਉਸਦਾ ਜੁਆਬ ਸੀ, "ਭਾਵੇਂ ਸਾਰੀਆਂ ਹੀ ਲੈ ਜਾ।" ਤੇ ਇਉਂ ਜਿਹੜੀ ਪਹਿਲੀ ਕਿਤਾਬ ਮੈਂ ਉਸ ਦਿਨ ਲਿਆਂਦੀ, ਉਹ ਗੋਰਕੀ ਦਾ ਨਾਵਲ 'ਮਾਂ' ਸੀ। ਹੌਲੀ ਹੌਲ਼ੀ ਉਸ ਅਲਮਾਰੀ ਵਿਚਲੀਆਂ ਸਾਰੀਆਂ ਕਿਤਾਬਾਂ ਪੜ੍ਹ ਲਈਆਂ। ਸਾਹਿਤ ਦੀ ਇਸ ਪੜ੍ਹਾਈ ਨੇ ਅੰਦਰ ਪੜ੍ਹਣ ਦੀ ਚੇਟਕ ਪੈਦਾ ਕਰ ਦਿੱਤੀ, ਤੇ ਤਿੰਨ ਸਾਲਾਂ ਦੇ ਵਕਫ਼ੇ ਬਾਅਦ ਮੈਂ ਖਾਲਸਾ ਹਾਈ ਸਕੂਲ, ਮੁਕੇਰੀਆਂ 'ਚ, ਬਿਨਾਂ ਆਪਣੇ ਦਾਦੇ ਨੂੰ ਪੁੱਛਿਆਂ, ਨੌਵੀਂ 'ਚ ਜਾ ਕੇ ਦਾਖਲਾ ਲੈ ਲਿਆ।"

29 ਸਤੰਬਰ 1999 ਦੇ 'ਐਤਵਾਰਤਾ' 'ਚ ਮੈਂ ਉਸ ਨਾਲ ਇਕ ਲੰਮੀ ਮੁਲਾਕਾਤ ਕੀਤੀ। ਇਸ 'ਚੋਂ ਉਸਦੀ ਜ਼ਿੰਦਗੀ ਦੇ ਕੁਝ ਹੋਰ ਅੰਸ਼:

? ਸਕੂਲ ਦਾਖ਼ਲ ਹੋਣ ਲੱਗਿਆਂ ਤੁਸੀਂ ਆਪਣੇ ਦਾਦੇ ਨੂੰ ਕਿਉਂ ਨਾ ਪੁੱਛਿਆ।

-ਮੈਨੂੰ ਲਗਦਾ ਸੀ ਉਹ ਇਸਦੀ ਇਜਾਜ਼ਤ ਨਹੀਂ ਦੇਣਗੇ, ਕਿਉਂਕਿ ਇਸ ਤਰ੍ਹਾਂ ਖੇਤੀ ਦੇ ਕੰਮ 'ਤੇ ਅਸਰ ਪੈਣਾ ਸੀ। ਤੇ ਸੱਚਮੁੱਚ ਹੀ ਜਦੋਂ ਦਾਦੇ ਨੂੰ ਪਤਾ ਲੱਗਾ, ਉਸਨੇ ਮੈਨੂੰ ਬਹੁਤ ਚੰਗਾ ਮੰਦਾ ਆਖਿਆ ਪਰ ਮੈਂ ਆਪਣੇ ਫ਼ੈਸਲੇ 'ਤੇ ਦ੍ਰਿੜ ਰਿਹਾ। ਮੈਂ ਆਖਿਆ, "ਮੈਂ ਖੇਤੀ ਦਾ ਸਾਰਾ ਕੰਮ ਵੀ ਨਾਲ ਕਰੀ ਜਾਵਾਂਗਾ। ਤੁਸੀਂ ਮੇਰੇ ਪੜ੍ਹਨ ਦੇ ਰਾਹ 'ਚ ਅੜਿੱਕਾ ਨਾ ਡਾਹੋ, ਨਹੀਂ ਤਾਂ ਮੈਂ ਕੋਈ ਕੰਮ ਵੀ ਨਹੀਂ ਕਰਨਾ।"

? ਤਿੰਨ ਸਾਲਾਂ ਦੇ ਵਕਫ਼ੇ ਬਾਅਦ ਦੁਬਾਰਾ ਪੜ੍ਹਾਈ ਸ਼ੁਰੂ ਕਰਨ 'ਤੇ ਮੁਸ਼ਕਲਾਂ ਤਾਂ ਆਈਆਂ ਹੀ ਹੋਣਗੀਆਂ।

-ਨਹੀਂ, ਇਸ ਦਾ ਕਾਰਨ ਇਹ ਵੀ ਸੀ ਕਿ ਸਾਹਿਤ ਪੜ੍ਹਨ ਕਰਕੇ, ਪੜ੍ਹਨ ਦੇ ਰੂਟੀਨ 'ਚ ਜੁੜਿਆ ਰਿਹਾ ਸਾਂ। ਇਸ ਸਕੂਲ 'ਚ ਮਾਸਟਰ ਰਮੇਸ਼ ਹੁਰੀਂ ਸਾਨੂੰ ਹਿੰਦੀ ਪੜ੍ਹਾਉਣ ਲੱਗੇ। ਉਹ ਸਕੂਲ 'ਚ ਸਭਿਆਚਾਰਕ ਗਤੀਵਿਧੀਆਂ ਵੀ ਚਲਾਈ ਰੱਖਦੇ। ਉਹ ਆਪ ਹੀ ਨਾਟਕ ਲਿਖਦੇ ਤੇ ਬੱਚਿਆਂ ਤੋਂ ਖਿਡਾਉਂਦੇ ਸਨ। ਅਜਿਹੇ ਹੀ ਉਹਨਾਂ ਦੇ ਲਿਖੇ ਇਕ ਨਾਟਕ 'ਚ ਮੈਂ ਵੀ ਰੋਲ ਅਦਾ ਕੀਤਾ। ਮਾਸਟਰ ਜੀ ਨੇ ਮੇਰੀ ਭੂਮਿਕਾ ਨੂੰ ਬੇਹੱਦ ਸਲਾਹਿਆ ਤੇ ਫਿਰ ਸਕੂਲ 'ਚ ਖੇਡੇ ਜਾਂਦੇ ਨਾਟਕਾਂ ਤੇ ਦੂਸਰੀਆਂ ਸੱਭਿਆਚਾਰਕ ਸਰਗਰਮੀਆਂ 'ਚ, ਮੈਂ ਮੋਹਰੀ ਭੂਮਿਕਾ ਅਦਾ ਕਰਨ ਲੱਗਾ।

ਇਕ ਗੱਲ ਹੋਰ ਵੀ ਦੱਸਾਂ ਕਿ ਫਿਲਮਾਂ ਦੇਖਣ ਦਾ ਮੈਨੂੰ ਬਚਪਨ ਤੋਂ ਹੀ ਬੇਹੱਦ ਸ਼ੌਕ ਸੀ। ਕਈ ਵਾਰ ਜਦੋਂ ਘਰੋਂ ਪੈਸੇ ਨਾ ਮਿਲਦੇ ਤਾਂ ਚੋਰੀ ਦਾਣੇ ਲੈ ਕੇ ਹੱਟੀ 'ਤੇ ਵੇਚ ਦਿੰਦਾ ਤੇ ਜਾ ਕੇ ਫਿਲਮ ਦੇਖਦਾ। ਕਾਲਿਜ ਦੀ ਪੜ੍ਹਾਈ ਵੇਲ਼ੇ ਤਾਂ ਇਹੋ ਜਿਹੇ ਦਿਨ ਵੀ ਆਏ ਕਿ ਇਕ-ਇਕ ਦਿਨ 'ਚ ਚਾਰ-ਚਾਰ ਫਿਲਮਾਂ ਦੇਖੀਆਂ।

? ਫਿਲਮਾਂ ਦੇਖਣ ਦਾ ਸ਼ੌਕ ਹੀ ਕਿਤੇ ਫਿਲਮ ਖੇਤਰ 'ਚ ਨਹੀਂ ਲੈ ਆਇਆ।

-ਇਸਦੇ ਪਿੱਛੇ ਹੋਰ ਵੀ ਕਾਰਨ ਹਨ। ਦਸਵੀਂ ਤੋਂ ਬਾਅਦ ਕਾਲਿਜ ਗਿਆ ਤਾਂ ਉੱਥੇ ਬਹੁਤ ਸਾਰਾ ਸਮਾਂ ਸਭਿਆਚਾਰਕ ਸਰਗਰਮੀਆਂ 'ਚ ਲੰਘ ਜਾਂਦਾ। ਇਸ ਕਾਰਨ ਪੜ੍ਹਾਈ ਵੱਲ ਧਿਆਨ ਘੱਟ ਗਿਆ। ਉਂਝ ਪਾਸ ਤਾਂ ਭਾਵੇਂ ਹੁੰਦਾ ਰਿਹਾ, ਪਰ ਬੀ.ਏ. ਤੋਂ ਬਾਅਦ ਜਦੋਂ ਐੱਮ.ਏ. 'ਚ ਦਾਖਲਾ ਲੈਣਾ ਚਾਹਿਆ ਤਾਂ ਕਿਸੇ ਵੀ ਸਬਜੈਕਟ ਦੇ ਨੰਬਰ ਨਹੀਂ ਸਨ ਬਣਦੇ। ਮੈਂ ਥਰਡ-ਡਵੀਜਨ 'ਚ ਪਾਸ ਹੋਇਆ ਸੀ ਤੇ ਇਸ ਕਾਰਨ ਆਪਣੀ ਮਸ਼ੂਕ/ਮੰਗੇਤਰ ਤੋਂ ਵੀ ਹੱਥ ਧੋਣੇ ਪਏ। ਉਸਦੇ ਘਰਦਿਆਂ ਨੂੰ ਲੱਗਾ ਕਿ ਇਹ ਥਰਡ ਡਵੀਜਨ 'ਚ ਪਾਸ ਹੋਣ ਵਾਲਾ ਤਾਂ ਕਲਰਕ ਵੀ ਨਹੀਂ ਬਣ ਸਕਦਾ। ਕੁਝ-ਕੁਝ ਸ਼ਾਇਦ ਉਸ ਕੁੜੀ ਨੂੰ ਵੀ ਲੱਗਿਆ ਹੋਵੇ, ਸੋ ਇਹ ਰਿਸ਼ਤਾ ਟੁੱਟ ਗਿਆ। ਮੇਰੇ ਲਈ ਇਹ ਅਤੀ ਮਾਨਸਿਕ ਵਿਖਰਾਅ ਦੇ ਦਿਨ ਸਨ, ਜਿਸ ਦੌਰਾਨ ਦੋਸਤਾਂ ਨੇ ਮੈਨੂੰ ਬਹੁਤ ਸਾਂਭਿਆ। ਇਹਨਾਂ ਦਿਨਾਂ ਵਿਚ ਜੇ ਜਨਮੀਤ ਮੇਰੇ ਨਾਲ ਨਾ ਖੜੋਂਦਾ ਤਾਂ ਸ਼ਾਇਦ ਮੈਂ ਆਤਮ-ਹੱਤਿਆ ਹੀ ਕਰ ਗਿਆ ਹੁੰਦਾ, ਜਿਸ ਦੀ ਇਕ ਵਾਰ ਅਸਫ਼ਲ ਕੋਸ਼ਿਸ਼ ਵੀ ਕੀਤੀ। ਅਗਾਂਹ ਪੜ੍ਹਨ ਦਾ ਰਾਹ ਖੋਲ੍ਹਣ ਲਈ ਫਿਰ ਪੰਜਾਬੀ ਆਨਰਜ਼ ਦਾ ਵਾਧੂ ਸਬਜੈਕਟ ਪਾਸ ਕੀਤਾ ਤੇ ਅਗਲੇ ਸਾਲ ਚੰਡੀਗੜ੍ਹ ਯੂਨੀਵਰਸਿਟੀ 'ਚ ਪੰਜਾਬੀ ਐੱਮ.ਏ. 'ਚ ਦਾਖਲਾ ਲੈ ਲਿਆ। ਉੱਥੇ ਵੀ ਰੰਗ-ਮੰਚ ਨਾਲ ਜੁੜਿਆ ਰਿਹਾ। ਇੱਥੋਂ ਹੀ ਨੈਸ਼ਨਲ ਸਕੂਲ ਆਫ਼ ਡਰਾਮਾ ਬਾਰੇ ਪਤਾ ਲੱਗਾ। ਐੱਮ.ਏ. ਤੋਂ ਬਾਅਦ ਉੱਥੇ ਚਲਾ ਗਿਆ ਤੇ ਉੱਥੋਂ ਫਿਲਮ ਇੰਸਟੀਚਿਊਟ ਪੂਨਾ ਵਿਖੇ। ਬਸ ਫਿਰ ਜ਼ਿੰਦਗੀ ਦਾ ਰਾਹ ਸਪੱਸ਼ਟ ਹੋ ਗਿਆ। ਇਸ ਤੋਂ ਪਹਿਲਾਂ ਤਾਂ ਇਹ ਵੀ ਨਹੀਂ ਪਤਾ ਸੀ, ਜ਼ਿੰਦਗੀ 'ਚ ਕਰਨਾ ਕੀ ਹੈ।

? ਫਿਲਮ ਨਗਰੀ ਮੁੰਬਈ ਕਦੋਂ ਗਏ ਤੇ ਕੀ ਸੋਚ ਕੇ ਗਏ ਸੀ।

-ਪੂਨਾ ਫਿਲਮ ਇੰਸਟੀਚਿਊਟ ਦੀ ਟਰੇਨਿੰਗ ਤੋਂ ਪਿੱਛੋਂ 1982 ਵਿਚ ਮੈਂ ਮੁੰਬਈ ਜਾ

ਵੜਿਆ। ਮੈਂ ਡਾਇਰੈਕਸ਼ਨ ਦੇ ਖੇਤਰ ਦੀ ਟਰੇਨਿੰਗ ਲਈ ਸੀ ਤੇ ਇਹੋ ਕੁਝ ਸੋਚ ਕੇ ਗਿਆ ਸੀ, ਡਾਇਰੈਕਟਰ ਬਣਾਂਗਾ।

? ਕਲਪੇ ਹੋਏ ਸੁਪਨੇ ਪੂਰੇ ਹੋ ਗਏ।

-ਸੁਪਨੇ ਕਦੀ ਪੂਰੇ ਨਹੀਂ ਹੁੰਦੇ। ਜਿਉਂ ਹੀ ਤੁਸੀਂ ਕੋਈ ਪੜਾਅ ਤੈਹ ਕਰ ਲੈਂਦੇ ਹੋ, ਇਹਨਾਂ ਦੇ ਦਿਸਹੱਦੇ ਕਈ ਗੁਣਾਂ ਹੋ ਕੇ ਅਗਾਂਹ ਫੈਲਦੇ ਹਨ। ਪਿੰਡ ਰਹਿੰਦਿਆਂ ਕਦੀ ਸੋਚਿਆ ਵੀ ਨਹੀਂ ਸੀ ਮੁੰਬਈ ਜਾ ਕੇ ਸਕਰਿਪਟ ਰਾਈਟਰ ਬਣਾਂਗਾ, ਕਦੀ ਨਾਮਵਰ ਸ਼ਖ਼ਸੀਅਤਾਂ ਨਾਲ ਕੰਮ ਕਰਨ ਦਾ ਮੌਕਾ ਮਿਲੇਗਾ। ਪਰ ਜਦੋਂ ਇਹ ਕਰ ਰਿਹਾ ਸੀ ਤਾਂ ਸੁਪਨੇ ਹੋਰ ਬਹੁਤ ਕੁਝ ਕਰਨ ਦੇ ਹੋ ਗਏ। ਮੁੰਬਈ ਪਹੁੰਚ ਕੇ ਸਭ ਤੋਂ ਪਹਿਲਾਂ ਮੈਂ ਨਾਦਿਰਾ ਬੱਬਰ ਦੇ 'ਇਕ ਜੁੱਟ', ਓਮਪੁਰੀ ਦੇ 'ਮਜ਼ਮਾ' 'ਤੇ ਨਸੀਰ ਦੇ 'ਦਾ ਥੀਏਟਰ ਗਰੁੱਪ' 'ਚ ਕੰਮ ਕੀਤਾ। ਫਿਰ ਸਾਗਰ ਸਰਹੱਦੀ, ਗੋਬਿੰਦ ਨਿਹਲਾਨੀ, ਲੇਕ ਸੇਨ ਲਾਲਵਾਨੀ ਨਾਲ ਅਸਿਸਟੈਂਟ ਡਾਇਰੈਕਟਰ ਜਾਂ ਅਸਿਸਟੈਂਟ ਸਕਰੀਨ ਪਲੇਅ ਲੇਖਕ ਵਜੋਂ ਕੰਮ ਕੀਤਾ। ਅਸਿਸਟੈਂਟ ਦੇ ਤੌਰ 'ਤੇ ਇਨ੍ਹਾਂ ਦਿਨਾਂ 'ਚ ਮੈਨੂੰ ਵਿਸ਼ੇਸ਼ ਪਹਿਚਾਣ 'ਤੇਰੇ ਸ਼ਹਿਰ ਮੇਂ', 'ਅਗਲਾ ਕਦਮ' ਆਦਿ ਫਿਲਮਾਂ ਤੇ 'ਤਮਸ' ਸੀਰੀਅਲ ਰਾਹੀਂ ਮਿਲੀ।

1985 'ਚ ਮੈਂ ਪਹਿਲੀ ਵਾਰ 'ਉੱਚਾ ਦਰ ਬਾਬੇ ਨਾਨਕ ਦਾ' ਫਿਲਮ ਦੀ ਸਕਰਿਪਟ ਆਜ਼ਾਦਾਨਾ ਤੌਰ 'ਤੇ ਲਿਖੀ ਤੇ ਇਸੇ ਦੌਰਾਨ ਹੀ ਇਹ ਵੀ ਫੈਸਲਾ ਕਰ ਲਿਆ, ਹੁਣ ਸੰਵਾਦ-ਲੇਖਨ ਦੇ ਖੇਤਰ 'ਚ ਅਸਿਸਟੈਂਟ ਦੇ ਤੌਰ 'ਤੇ ਕੰਮ ਨਹੀਂ ਕਰਨਾ। ਇਸ ਪਿੱਛੋਂ ਫਿਰ ਮੈਂ ਅਸਿਸਟੈਂਟ ਦੇ ਤੌਰ 'ਤੇ ਕੰਮ ਨਾ ਕੀਤਾ, ਭਾਵੇਂ ਵਿਚ-ਵਿਚਾਲੇ ਕਈ ਚੰਗੇ ਨਾਮਵਰ ਨਾਵਾਂ ਵੱਲੋਂ ਆਫ਼ਰਾਂ ਵੀ ਆਈਆਂ ਤੇ ਕਿੰਨਾ-ਕਿੰਨਾ ਚਿਰ ਵਿਹਲਾ ਵੀ ਰਿਹਾ, ਪਰ ਸੋਚ ਰੱਖਿਆ ਸੀ ਕਿ ਹੁਣ ਭਾਵੇਂ ਭੁੱਖਾ ਹੀ ਕਿਉਂ ਨਾ ਮਰਨਾ ਪੈ ਜਾਵੇ, ਆਪਣੇ ਫੈਸਲੇ 'ਤੇ ਕਾਇਮ ਰਹਿਣਾ ਹੈ। 'ਉੱਚਾ ਦਰ ਬਾਬੇ ਨਾਨਕ ਦਾ' ਤੋਂ ਪਿੱਛੋਂ 'ਭਾਬੋ' ਦੀ ਸਕਰਿਪਟ ਲਿਖੀ। 'ਮਕਸਦ' ਸੀਰੀਅਲ ਲਿਖਿਆ। ਮੇਰੇ ਕੰਮ ਨੂੰ ਵੱਡਾ ਹੁੰਗਾਰਾ ਉਦੋਂ ਮਿਲਿਆ ਜਦੋਂ ਮੇਰੀ ਲਿਖੀ 'ਮੈਂ ਜਿੰਦਾ ਹੂੰ' ਫਿਲਮ ਨੂੰ ਕੌਮੀ ਐਵਾਰਡ ਮਿਲਿਆ। ਇਸ ਤੋਂ ਬਾਅਦ 'ਫਿਰ ਲੌਟ ਆਊਂਗਾ' 'ਰਘੁਬੀਰ', 'ਜੀਤ' ਆਦਿ ਫਿਲਮਾਂ ਹਿੱਟ ਹੋਈਆਂ। ਵਿਚ-ਵਿਚਾਲ਼ੇ ਕੁਝ ਫਿਲਮਾਂ 'ਚ ਛੋਟੇ-ਮੋਟੇ ਰੋਲ ਵੀ ਕੀਤੇ, ਜਿਵੇਂ 'ਮਾਚਿਸ' 'ਚ ਘੜਾ ਵਜਾਉਣ ਵਾਲੇ ਦੀ ਭੂਮਿਕਾ। ਜਦੋਂ ਕਿਸੇ ਸਕਰਿਪਟ, ਡਾਇਲਾਗ ਲੇਖਕ ਦੀ ਲਿਖੀ ਫਿਲਮ ਹਿੱਟ ਹੋ ਜਾਂਦੀ ਹੈ ਤਾਂ ਫਿਲਮ ਨਗਰੀ 'ਚ ਉਸਦੀ ਪਛਾਣ ਵੀ ਓਨੀ ਹੀ ਗੂੜ੍ਹੀ ਹੋ ਜਾਂਦੀ ਹੈ। ਉਸਨੂੰ ਕੰਮ ਮਿਲਣ ਦੀਆਂ ਸੰਭਾਵਨਾਵਾਂ ਵਧ ਜਾਂਦੀਆਂ ਹਨ।

? ਸਾਹਿਤ ਪੜ੍ਹਨ ਦਾ ਕਿੰਨਾ ਕੁ ਰੁਝਾਨ ਬਚਿਆ ਰਹਿ ਗਿਆ।

- ਬਹੁਤ ਪੜ੍ਹਦਾ ਹਾਂ। ਪੰਜਾਬੀ ਦੇ ਲੇਖਕਾਂ ਨੂੰ ਤੇ ਦੂਸਰੀਆਂ ਭਾਸ਼ਾਵਾਂ ਦੇ ਅਨੁਵਾਦ ਵੀ। ਵਿਹਲੇ ਵੇਲੇ ਸਾਹਿਤ ਪੜ੍ਹਨਾ ਮੇਰਾ ਸ਼ੌਕ ਹੈ। ਪੰਜਾਬੀ ਦੇ ਲਗਪਗ ਸਾਰੇ ਸਾਹਿਤਕ ਮੈਗਜ਼ੀਨ ਮੇਰੇ ਕੋਲ਼ ਆਉਂਦੇ ਹਨ। ਮੇਰੀ ਬੀਵੀ ਰਸ਼ਿਮ ਪੰਜਾਬੀ ਦੀ ਚਰਚਿਤ ਕਹਾਣੀਕਾਰ ਹੈ। 1986 ਵਿਚ ਜਦੋਂ ਸਾਡਾ ਵਿਆਹ ਹੋਇਆ, ਮੇਰੇ ਲਈ ਇਹ ਬੜਾ ਸੰਘਰਸ਼ ਦਾ ਸਮਾਂ ਸੀ। ਇਸ ਸੰਘਰਸ਼ 'ਚ ਰਸ਼ਿਮ ਨੇ ਮੇਰਾ ਬੜਾ ਸਾਥ ਦਿੱਤਾ। ਘਰ ਦੀ ਜ਼ਿੰਮੇਵਾਰੀ ਸੰਭਾਲ਼ੀ, ਬੱਚੀ ਨੂੰ ਸਾਂਭਿਆ। ਨਾਲ ਨਾਲ ਨੌਕਰੀ ਵੀ ਕਰਦੀ ਰਹੀ। ਹੁਣ ਕਵਿਤਾ ਨਹੀਂ ਲਿਖੀ ਜਾਂਦੀ। ਇਸਦਾ ਕਾਰਨ ਕੰਮ ਦੇ ਰੁਝੇਵਿਆਂ ਦਾ ਹੋਣਾ ਹੈ। ਇਕ ਦੌਰ ਅਜਿਹਾ ਵੀ ਆਇਆ ਜਦੋਂ ਰੋਜ਼ਾਨਾ ਸੋਲ਼ਾਂ ਸੋਲ਼ਾਂ, ਅਠਾਰਾਂ ਅਠਾਰਾਂ ਘੰਟਿਆਂ ਤਕ ਰੁੱਝਿਆ ਰਿਹਾ। ਸਕਰੀਨ ਪਲੇਅ ਲਿਖੋ, ਸ਼ੂਟਿੰਗ 'ਤੇ ਜਾਓ, ਨਵਾਂ ਕੰਮ ਲੱਭੋ। ਇਕ ਨਹੀਂ ਅਨੇਕਾਂ ਝੰਜਟ ਹੁੰਦੇ ਹਨ। ਇਹਨਾਂ ਹੇਠ ਕਵਿਤਾਵਾਂ ਦੱਬੀਆਂ ਗਈਆਂ, ਭਾਵੇਂ ਟੁਕੜਿਆਂ ਦੇ ਰੂਪ 'ਚ ਸੋਚਦਾ ਜ਼ਰੂਰ ਰਿਹਾ।

? ਤੁਹਾਡਾ ਪਿੰਡ ਮਨਸੂਰਪੁਰ ਛੋਟਾ ਜਿਹਾ ਪਿੰਡ ਹੈ। ਮੁੰਬਈ ਮਹਾਂਨਗਰ ਤੋਂ ਜਦੋਂ ਇਸ ਪਿੰਡ 'ਚ ਆਉਂਦੇ ਹੋ ਤਾਂ ਕਿੱਦਾਂ ਮਹਿਸੂਸ ਹੁੰਦਾ।

-ਬੜਾ ਚੰਗਾ ਲੱਗਦਾ ਹੈ। ਜਦੋਂ ਵੀ ਸਮਾਂ ਲੱਗਦਾ, ਪਿੰਡ ਜ਼ਰੂਰ ਆਉਂਦਾ ਹਾਂ, ਚਾਹੇ ਦੋ ਚਾਰ ਦਿਨਾਂ ਲਈ ਹੀ ਕਿਉਂ ਨਾ ਆਵਾਂ। ਪਿੰਡ ਦੇ ਲੋਕਾਂ ਨੂੰ ਮਿਲਣਾ, ਖੇਤਾਂ 'ਚ ਘੁੰਮਣਾ। ਇੱਥੇ ਘੁੰਮਦਿਆਂ ਮੈਂ ਆਪਣੇ ਬਚਪਨ ਨੂੰ ਯਾਦ ਕਰਦਾ ਹਾਂ। ਉਸ ਤੋਂ ਮੈਨੂੰ ਪ੍ਰੇਰਨਾ ਮਿਲਦੀ ਹੈ। ਕਾਲਿਜ ਵਾਲੇ ਦੋਸਤਾਂ ਨੂੰ ਮਿਲਦਾ ਹਾਂ। ਕੁਲਦੀਪ ਮੋਚੀ ਨੂੰ ਮਿਲਣਾ ਵੀ ਮੈਨੂੰ ਚੰਗਾ ਲਗਦਾ। ਪੜ੍ਹਦਿਆਂ ਇਸਦੇ ਖੋਖੇ 'ਤੇ ਅਸੀਂ ਅਕਸਰ ਬੈਠਿਆ ਕਰਦੇ ਸੀ। ਹੋਰ ਵੀ ਬਹੁਤ ਦੋਸਤ ਹਨ।"

ਫਿਲਮੀ ਦੁਨੀਆਂ ਬੜੀ ਰੰਗੀਨ ਦੁਨੀਆਂ ਹੈ, ਝਿਲਮਿਲਾਉਂਦੇ ਸੁਪਨਿਆਂ ਦੇ ਆਕਾਸ਼ ਸਿਰਜਦੀ। ਬੜੀ ਬੇਰਹਿਮ ਦੁਨੀਆਂ ਵੀ। ਸਿਖਰ 'ਤੇ ਚੜ੍ਹਾਉਂਦਿਆਂ ਵੀ ਪਲ ਨਹੀਂ ਲਾਉਂਦੀ ਤੇ ਸਿਖਰ ਤੋਂ ਲਾਹੁੰਦਿਆਂ ਵੀ। ਇਸ 'ਚ ਪੂਰੀ ਤਰ੍ਹਾਂ ਢਲ ਕੇ ਹੀ ਇਸ ਵਿਚ ਬਚਿਆ ਰਿਹਾ ਜਾ ਸਕਦਾ! ਕਈ ਵਾਰ ਬੰਦਾ ਇਸ ਅੰਨ੍ਹੀ-ਬੋਲ਼ੀ ਦੌੜ 'ਚ ਇਸ ਲਈ ਹੀ ਪਛੜ ਜਾਂਦਾ ਕਿ ਉਸਦੀ ਮਾਨਸਿਕਤਾ ਕਮੀਨਗੀ ਦੀ ਹੱਦ ਤਕ ਸਵਾਰਥੀ ਨਹੀਂ ਬਣ ਸਕਦੀ। ਖ਼ਾਸਕਰ ਪੇਂਡੂ ਰਹਿਤਲ 'ਚ ਪਲ਼ੇ, ਵੱਡੇ ਹੋਏ ਵਿਰਲੇ ਹੀ ਆਪਣੇ ਅਸੂਲਾਂ ਨਾਲ ਬੇਤੁਕੀ ਦੀ ਹੱਦ ਤਕ ਸਮਝੌਤੇ ਕਰ ਸਕਦੇ ਹਨ। ਪਰ ਇਸ ਦੁਨੀਆਂ ਦੀ ਚਮਕ-ਦਮਕ 'ਚ ਆਪਣੇ ਬਹੁਤ ਸਾਰੇ ਅਸੂਲਾਂ 'ਤੇ ਰਹਿ ਕੇ ਉਹ ਕੰਮ ਕਰ ਰਿਹਾ। ਕਈ ਪੰਜਾਬੀ, ਹਿੰਦੀ ਫਿਲਮਾਂ ਦੇ ਸੰਵਾਦ ਲਿਖਣੇ, ਕਹਾਣੀ ਲਿਖਣੀ। ਪਰ ਸਿਖਰ ਤੋਂ ਕੁਝ ਕੁ ਖਿਸਕਿਆ ਹੋਇਆ, ਉਸ 'ਤੇ ਮੁੜ ਪਹੁੰਚਣ ਲਈ ਯਤਨਸ਼ੀਲ ਵੀ। ਜਿੰਨਾ ਕੁ ਮੈਂ ਉਸਨੂੰ ਜਾਣਿਆ, ਉਹ ਬਹੁਤ ਮਿਹਨਤੀ ਹੈ, ਜ਼ਿੱਦ ਦੀ ਹੱਦ ਤਕ। ਇਹ ਜ਼ਿੱਦ ਉਸਦੀ ਜ਼ਿੰਦਗੀ ਦੀਆਂ ਪੈੜਾਂ ਦੀ ਪਹਿਚਾਣ ਵੀ ਹੈ, ਉਸਦੇ ਕੰਮ ਤੇ ਉਸਦੀਆਂ ਪ੍ਰਾਪਤੀਆਂ ਦੀ ਵੀ! ਮਨਸੂਰਪੁਰ ਵਰਗੇ ਪੰਜਾਬ ਦੇ ਦਰਮਿਆਨੇ ਜਿਹੇ ਪਿੰਡ 'ਚੋਂ ਉਠ ਕੇ, ਮੁੰਬਈ ਫਿਲਮ ਨਗਰੀ 'ਚ ਉਸਨੇ ਜਿਹੜੀਆਂ ਪੈੜਾਂ ਸਿਰਜੀਆਂ, ਉਹਨਾਂ 'ਤੇ ਮਾਣ ਕੀਤਾ ਜਾ ਸਕਦਾ! ਪਹਿਲਾਂ ਦੇ ਪਾਏ ਪੂਰਨਿਆਂ 'ਤੇ ਤੁਰਨਾ ਸੌਖਾ ਹੁੰਦਾ! ਪਰ ਆਪ ਹੀ ਪੂਰਨੇ ਪਾਉਣੇ ਤੇ ਫਿਰ ਉਹਨਾਂ 'ਤੇ ਨੰਗੇ ਧੜ ਤੁਰ ਪੈਣਾ....!.... ਅਮਰੀਕ ਗਿੱਲ ਦੀ ਜ਼ਿੰਦਗੀ 'ਤੇ ਝਾਤ ਨਾਲ, ਉਸਦੀਆਂ ਪ੍ਰਾਪਤੀਆਂ ਕਈ ਗੁਣਾਂ ਵੱਡੀਆਂ ਹੋ ਜਾਂਦੀਆਂ ਹਨ! ਉਸਦੀ ਜ਼ਿੰਦਗੀ ਦਾ ਸਫਰ ਨੰਗੇ ਧੜ ਦਾ ਸਫ਼ਰ ਵੀ ਤਾਂ ਹੈ! 000

***(95-ਸੀ, ਪੰਜਾਬ ਐਵਿਨਿਊ, ਸੁਭਾਨਾ, ਜਲੰਧਰ 144 022***
***ਫੋਨ: +91-96309-44345)***

## *ਸਿਰਜਣਾ ਦੇ ਪੁਰਾਣੇ ਅੰਕ*

**SIRJANA ARCHIVES ON INTERNET**

***ਕੈਨੇਡਾ ਵਸਦੇ ਪੰਜਾਬੀ ਚਿੰਤਕ-ਲੇਖਕ ਸੁਖਵੰਤ ਹੁੰਦਲ ਨੇ 'ਸਿਰਜਣਾ' ਦੀਆਂ ਫਾਈਲਾਂ ਨੂੰ ਡਿਜੀਟਲ ਰੂਪ ਵਿਚ ਇੰਟਰਨੈੱਟ 'ਤੇ ਪਾਉਣ ਦਾ ਵੱਡਾ ਕੰਮ ਕੀਤਾ ਹੈ। ਯੂਨੀਵਰਸਿਟੀ ਔਫ ਬ੍ਰਿਟਿਸ਼ ਕੋਲੰਬੀਆ ਵਿਚ ਅਧਿਆਪਕ ਵਜੋਂ ਆਪਣੀ ਸੇਵਾ-ਮੁਕਤੀ ਤੋਂ ਪਿੱਛੋਂ ਉਸਨੇ ਕਾਫੀ ਸਮਾਂ ਨਿੱਠ ਕੇ ਕੰਮ ਕਰਦਿਆਂ ਇਹ ਕਾਰਜ ਨਿਪਟਾਇਆ ਹੈ। ਬਹੁਤ ਸਾਰੀਆਂ ਪੁਰਾਣੀਆਂ ਫਾਈਲਾਂ ਸੁਖਵੰਤ ਹੁੰਦਲ ਨੂੰ ਉਪਲਭਦ ਕਰਾਉਣ ਵਿਚ ਸਾਧੂ ਬਿਨਿੰਗ ਨੇ ਵੀ ਯੋਗਦਾਨ ਪਾਇਆ ਹੈ। ਸੁਖਵੰਤ ਦੀ ਤਿਆਰ ਕੀਤੀ 'ਸਿਰਜਣਾ' ਦੀ ਵੈੱਬਸਾਈਟ ਦਾ ਪਤਾ ਹੈ:***

***https://sirjanaarchives.wordpress.com/***

***ਇਸ ਸਾਈਟ ਉੱਤੇ 'ਸਿਰਜਣਾ' ਦੀਆਂ ਪੀਡੀਐੱਫ ਫਾਈਲਾਂ ਦੇ ਨਾਲ ਨਾਲ 'ਸਿਰਜਣਾ' ਵਿਚ ਛਪੀਆਂ ਲਿਖਤਾਂ ਦੀ ਸੂਚੀ ਵੀ ਹੈ। ਪਿਛਲੇ ਕੁਝ ਅੰਕ ਜੋ ਹਾਲੇ ਇਸ ਵੈੱਬਸਾਈਟ ਉੱਤੇ ਪਾਏ ਨਹੀਂ ਗਏ, ਉਹ ਵੀ ਛੇਤੀ ਹੀ ਪਾ ਦਿੱਤੇ ਜਾਣਗੇ। -ਸੰਪਾਦਕ***

# ਨਾਰੀਵਾਦੀ ਸਿਧਾਂਤ ਅਤੇ ਲਹਿਰਾਂ- ਅੰਤਰ-ਸੰਵਾਦ: ਧਨਵੰਤ ਕੌਰ

ਮਨੁੱਖ/ਮਨੁੱਖੀ ਚੇਤਨਾ/ਮਨੁੱਖੀ ਸਮਾਜ ਨੂੰ ਮਨੁੱਖਤਾ ਲਈ ਹੋਰ ਸਾਵਾਂ-ਸੁਖਾਵਾਂ ਬਣਾਉਣ ਲਈ ਈਜਾਦ ਹੋਈਆਂ ਆਧੁਨਿਕ ਚਿੰਤਨ ਦੀਆਂ ਹੋਰ ਬਹੁਤ ਸਾਰੀਆਂ ਪੱਧਤੀਆਂ ਵਾਂਗ ਨਾਰੀਵਾਦ ਵੀ ਧਰਤੀ 'ਤੇ ਵਸਦੇ ਮਨੁੱਖੀ ਪ੍ਰਵਰਗ ਵਿਚ ਅੱਧੀ ਆਬਾਦੀ ਵਜੋਂ ਵਿਚਰਦੀ ਨਾਰੀ ਦੀਆਂ ਜ਼ਮੀਨੀ ਹਕੀਕਤਾਂ ਦੀ ਤਸ਼ਖ਼ੀਸ ਵਿਚੋਂ ਪੈਦਾ ਹੋਇਆ ਸਮਾਜਕ ਚਿੰਤਨ ਹੈ। ਮਨੁੱਖੀ ਸੱਭਿਅਤਾ ਵਿਚ ਮੁੱਢ ਕਦੀਮ ਤੋਂ ਵਿਚਰਦੀ ਨਾਰੀ ਦੀ ਹੋਂਦ ਸਥਿਤੀ ਅਤੇ ਹੋਂਦ ਮੀਮਾਂਸਾ ਵੱਖਰੇ ਤੇ ਵਿਸ਼ੇਸ਼ ਰੂਪ ਵਿਚ ਇਸਦਾ ਧੁਰਾ ਹੈ। ਮਨੁੱਖ ਦੇ ਮਨੁੱਖੀ ਗੌਰਵ ਦੀ ਬਹਾਲੀ ਅਤੇ ਬਰਕਰਾਰੀ ਲਈ, ਹਰ ਕਿਸਮ ਦੀਆਂ; ਰੰਗ, ਨਸਲ, ਧਰਮ, ਜਾਤ, ਜਮਾਤ ਆਦਿ ਤੇ ਆਧਾਰਿਤ ਦਰਜਾਬੰਦੀਆਂ ਨੂੰ ਮੇਟਣ ਲਈ ਹੋਂਦ ਵਿਚ ਆਈਆਂ ਆਧੁਨਿਕ ਯੁੱਗ ਚੇਤਨਾਵਾਂ ਵਾਂਗ ਨਾਰੀਵਾਦ ਮਨੁੱਖੀ ਸਮਾਜਾਂ ਵਿਚ ਨਾਰੀ ਦੀ ਆਜ਼ਾਦੀ, ਬਰਾਬਰੀ, ਖ਼ੁਦਮੁਖ਼ਤਿਆਰੀ ਨੂੰ ਸਿਧਾਂਤਕ ਆਧਾਰ ਪ੍ਰਦਾਨ ਕਰਨ ਵਾਲੀ ਗਿਆਨ ਮੀਮਾਂਸਾ ਹੈ।

ਸਮਾਜ ਵਿਚ ਨਾਰੀ ਦੀ ਬਰਾਬਰੀ ਦਾ ਏਜੰਡਾ ਲੈ ਕੇ ਨਾਰੀਵਾਦੀ ਚੇਤਨਾ ਦੀ ਲਹਿਰ ਭਾਵੇਂ ਪੱਛਮੀ ਮੁਲਕਾਂ ਵਿਚ ਉੱਭਰੀ, ਪਰ ਇਸਦੇ ਸਰੋਕਾਰਾਂ, ਸੋਝੀਆਂ ਅਤੇ ਪ੍ਰਭਾਵਾਂ ਨੇ ਸਾਰੇ ਸੰਸਾਰ ਦੇ ਮੁਲਕਾਂ, ਸਮਾਜਾਂ, ਸਭਿਆਚਾਰਾਂ ਨੂੰ ਕਲਾਵੇ ਵਿਚ ਲਿਆ। ਇਹ ਇਸ ਕਰਕੇ ਵੀ ਵਾਪਰਿਆ ਕਿ ਨਾਰੀ ਦਾ ਦਮਨ ਅਤੇ ਸ਼ੋਸ਼ਣ ਇਕ ਸਰਬਭੌਮਿਕ ਵਰਤਾਰਾ ਸੀ। ਵੀਹਵੀਂ ਸਦੀ ਵਿਚ ਆਧੁਨਿਕ ਚਿੰਤਨ ਦੇ ਤਾਰਕਿਕ ਅਤੇ ਲੋਕਤੰਤਰਿਕ ਪ੍ਰਭਾਵ ਹੇਠ ਉਪਜੇ ਸਮਾਜਕ ਚਿੰਤਨ ਵਿਚੋਂ ਨਾਰੀਵਾਦ ਹੀ ਇਕੋ ਇਕ ਅਜਿਹਾ ਵਾਦ ਸੀ ਜਿਸ ਦੇ ਮੰਤਵਾਂ, ਮੁੱਦਿਆਂ ਤੋਂ ਹਰ ਸਮਾਜ ਸਭਿਆਚਾਰ ਸਹਿਜੇ ਹੀ ਵਾਕਿਫ਼ ਹੋ ਗਿਆ। ਹਰ ਕਿਸੇ ਨੇ ਨਾ ਕੇਵਲ ਇਸ ਨੂੰ ਸੌਖਿਆਂ ਹੀ ਸਮਝ ਲਿਆ, ਬਲਕਿ ਗੱਲੀਬਾਤੀਂ ਇਸ ਨੂੰ ਸਮਰਥਨ ਦੇ ਕੇ ਆਪਣੇ ਸਭਿਅਕ ਹੋਣ ਦਾ ਸਬੂਤ ਵੀ ਦੇਣਾ ਚਾਹਿਆ। ਪਰ ਇਕ ਚਿੰਤਨ ਪ੍ਰਣਾਲੀ ਵਜੋਂ ਇਸ ਬਾਰੇ ਚੱਲੀ ਡਿਬੇਟ ਅਤੇ ਰੋਜ਼ਮਰ੍ਹਾ ਦੀ ਜ਼ਿੰਦਗੀ ਵਿਚ ਇਸਦੇ ਪ੍ਰਚਲਨ ਸੰਬੰਧੀ ਅੱਜ ਤਕ ਆ ਰਹੀਆਂ ਮੁਸ਼ਕਲਾਂ ਇਸ ਗੱਲ ਦਾ ਪ੍ਰਮਾਣ ਹਨ ਕਿ ਮਨੁੱਖ ਦੇ ਸਭਿਆਚਾਰਕ ਇਤਿਹਾਸ ਨੂੰ ਸਭ ਤੋਂ ਵੱਡੀ ਸੰਨ੍ਹ ਇਸੇ ਚਿੰਤਨ ਨੇ ਲਾਈ। ਸਮਾਜ ਵਿਚ ਨਾਰੀ ਦੀ ਦਮਿਤ ਅਤੇ ਦੁਜੈਲੀ ਸਥਿਤੀ ਨੂੰ ਨਿਰਧਾਰਤ ਕਰਨ ਵਾਲੇ ਸਾਰੇ ਕਾਰਨਾਂ ਨੂੰ ਵਿਸ਼ਲੇਸ਼ਿਤ ਅਤੇ ਪਰਿਭਾਸ਼ਤ ਕਰਨ ਵਾਲੇ ਇਸ ਚਿੰਤਨ ਨੇ ਰੋਜ਼ਮਰ੍ਹਾ ਦੀ ਜ਼ਿੰਦਗੀ ਤੋਂ ਲੈ ਕੇ ਮਨੁੱਖੀ ਸੱਭਿਅਤਾ ਦੇ ਹੁਣ ਤਕ ਦੇ ਇਤਿਹਾਸ ਨੂੰ ਨਵੇਂ ਸਿਰਿਉਂ ਪੜ੍ਹਿਆ ਤੇ ਇਕ ਵੱਢਿਓਂ ਝੰਜੋੜਿਆ ।

ਸਦੀਆਂ ਦੇ ਸਾਧੇ ਸਮਾਜਕ ਪ੍ਰਤੱਖਣ ਵਿਚ ਨਾਰੀਵਾਦ ਅੱਜ ਵੀ, ਬਿਨਾਂ ਕਿਸੇ ਸੰਗ-ਸੰਕੋਚ ਦੇ ਨਾਰੀ ਦੇ ਰੋਹ, ਵਿਦਰੋਹ, ਨਾਬਰੀ ਦਾ ਪਰਿਆਇ ਹੈ। ਅੱਜੋਕੀ ਨਾਰੀ ਦੇ ਸ਼ਿਕਵਿਆਂ, ਸ਼ਿਕਾਇਤਾਂ, ਫਜ਼ੂਲ ਦੇ ਦਾਅਵਿਆਂ ਦੀ ਇਬਾਰਤ ਹੈ ਅਤੇ ਚੰਗੇ ਭਲੇ ਵਸਦੇ-ਰਸਦੇ ਘਰਾਂ ਵਿਚ ਖਲਬਲੀ ਮਚਾਉਣ ਅਤੇ ਖੱਜਲ ਖ਼ੁਆਰੀਆਂ ਵਿਹਾਝਣ ਵਾਲੀ ਬਿੱਜ ਹੈ। ਨਾਰੀਵਾਦ ਨੂੰ ਸਮਾਜ ਵਿਚ ਪ੍ਰਚਲਤ ਲਿੰਗ ਆਧਾਰਤ ਦਰਜਾਬੰਦੀਆਂ ਵਿਚ ਨਾਰੀ ਦੇ ਸਮਾਨ ਹੱਕਾਂ ਦਾਅਵਿਆਂ ਵਾਲੀ ਸੰਗਠਤ ਚੇਤਨਾ ਵਜੋਂ ਉਪਜੀ/ਵਿਗਸ ਰਹੀ ਸੋਚ/ਲਹਿਰ ਵਜੋਂ ਪ੍ਰਵਾਨ ਕਰਨ ਵਿਚ ਤਾਂ ਪਹਿਲੇ ਪਹਿਲ ਅਕਾਦਮਿਕ ਹਲਕਿਆਂ ਨੇ ਵੀ ਮੁਸ਼ਕਲ ਮੰਨੀ ਸੀ। ਸਮਾਜਕ ਰੱਵਈਏ ਵਾਂਗ ਤਰਕਾਂ, ਦਲੀਲਾਂ, ਦਾਅਵਿਆਂ 'ਤੇ ਦਾਰੋਮਦਾਰ ਰੱਖਣ ਵਾਲੀ ਚਿੰਤਨ ਦੀ ਦੁਨੀਆਂ ਨੇ ਵੀ ਨਾਰੀਵਾਦ ਨੂੰ

ਚਿੰਤਨ/ਫਿਲਾਸਫੀ ਮੰਨਣੋਂ ਇਨਕਾਰ ਕੀਤਾ ਸੀ। ਵਿਦਵਾਨਾਂ ਦੀ ਦਲੀਲ ਸੀ ਕਿ ਫਿਲਾਸਫੀ ਦੀ ਕੈਟਾਗਰੀ ਵਿਚ ਸ਼ਾਮਲ ਹੋਣ ਵਾਲਾ ਚਿੰਤਨ ਨਿਰਲੇਪ ਅਤੇ ਨਿਰਪੱਖ ਹੋਣਾ ਚਾਹੀਦਾ ਹੈ। ਮਨੁੱਖ ਅਤੇ ਮਨੁੱਖੀ ਸੰਸਾਰ ਬਾਰੇ ਗੱਲ ਕਰਦਿਆਂ ਉਸ ਕੋਲ਼ ਨਿਰਪੱਖ ਵਿਚਾਰਾਂ ਅਤੇ ਨਿਰਪੇਖ ਰਾਏ ਦੀ ਯੋਗਤਾ ਹੋਣੀ ਚਾਹੀਦੀ ਹੈ। ਤਰਕ ਇਹ ਸੀ ਕਿ ਨਾਰੀਵਾਦ ਦਾ ਝੁਕਾਅ ਕਿਉਂਕਿ ਨਾਰੀ ਵੱਲ ਹੈ, ਇਸ ਕਰਕੇ ਇਸਦੀ ਮੂਲ ਪ੍ਰਵਿਰਤੀ ਹੀ ਪੱਖਪਾਤੀ ਹੈ। ਪਰ ਉਨ੍ਹਾਂ ਦੀ ਇਸੇ ਦਲੀਲ ਨੇ ਹੀ ਨਾਰੀਵਾਦ ਨੂੰ ਦਾਰਸ਼ਨਿਕ, ਸਿਧਾਂਤਕ, ਵਿਚਾਰਧਾਰਕ, ਸਮਾਜਕ ਵੈਧਤਾ ਦਿਵਾਈ। ਬੜਾ ਵਾਜਬ ਜਿਹਾ ਸਵਾਲ ਪੈਦਾ ਹੋਇਆ ਕਿ ਕੀ ਇਸ ਤੋਂ ਪਹਿਲਾਂ ਦੇ ਦਾਰਸ਼ਨਿਕ ਦਾਅਵੇ, ਵਿਚਾਰਧਾਰਕ ਮਾਪਦੰਡ ਪੱਖਪਾਤੀ ਨਹੀਂ ਸਨ? ਨਾਰੀ ਨੂੰ ਮਨਫੀ ਰੱਖ ਕੇ ਸਿਰਜੀ ਇਸ ਤੋਂ ਪਹਿਲਾਂ ਦੀ ਗਿਆਨ ਮੀਮਾਂਸਾ ਜਾਂ ਨੈਤਿਕ ਸ਼ਾਸਤਰ ਨੂੰ ਪੱਖਪਾਤੀ ਕਿਉਂ ਨਾ ਮੰਨਿਆ ਜਾਵੇ?

ਨਾਰੀਵਾਦ ਨੇ ਆਪਣਾ ਆਧਾਰ ਇਸ ਤੱਥਗਤਤਾ ਵਿਚੋਂ ਗ੍ਰਹਿਣ ਕੀਤਾ ਕਿ ਇਸ ਕਾਇਨਾਤ ਵਿਚ ਨਾਰੀ ਉਸ ਪ੍ਰਾਣੀ ਪ੍ਰਵਰਗ ਦਾ ਹਿੱਸਾ ਹੈ ਜਿਸ ਨੂੰ ਮਨੁੱਖ/ਮਾਨਵ ਕਿਹਾ ਜਾਂਦਾ ਹੈ ਅਤੇ ਜਿਹੜਾ ਚੇਤਨਾਯੁਕਤ ਹੋਣ ਕਰਕੇ ਸਭ ਤੋਂ ਸ੍ਰੇਸ਼ਟ ਅਤੇ ਉੱਤਮ ਮੰਨਿਆ ਗਿਆ ਹੈ। ਨਾਰੀ ਦੀ ਹੋਂਦ ਚੇਤਨਾ ਵਿਚ ਅਜਿਹੇ ਗੌਰਵ ਨੂੰ ਕਲੇਮ ਕਰਨ ਦੇ ਟੋਹ ਚਿੰਨ੍ਹ ਸਤਾਰਵੀਂ ਅਠਾਰਵੀਂ ਸਦੀ ਦੇ ਯੂਰਪ ਵਿਚ ਉਠੀ ਪ੍ਰਬੁੱਧਤਾ ਲਹਿਰ ਦੇ ਨਵੇਂ ਗਿਆਨ ਵਿਚ ਲੱਭੇ ਜਾ ਸਕਦੇ ਹਨ, ਜਿਸ ਨੇ ਰਾਜਾਸ਼ਾਹੀ ਅਤੇ ਚਰਚ ਦੀ ਹੱਠਧਰਮੀ ਦਾ ਵਿਰੋਧ ਕਰਦਿਆਂ ਮਨੁੱਖ ਨੂੰ ਮਨੁੱਖ ਦੇ ਭੈਅ ਤੋਂ ਮੁਕਤ ਹੋਣ ਅਤੇ ਆਪਣੇ ਮਨ ਵਿਚ ਮਨੁੱਖ ਹੋਣ ਦਾ ਗੌਰਵ ਵਸਾਉਣ ਦੀ ਚੇਤਨਾ ਪ੍ਰਦਾਨ ਕੀਤੀ । ਪਰ ਇਹ ਕਹਿਣਾ ਸਰਾਸਰ ਗ਼ਲਤ ਹੋਵੇਗਾ ਕਿ ਨਾਰੀਵਾਦ ਪ੍ਰਬੁੱਧਤਾ ਪ੍ਰਾਜੈਕਟ ਦਾ ਹਿੱਸਾ ਸੀ। ਬਲਕਿ ਸੱਚ ਇਹ ਹੈ ਕਿ ਨਾਰੀ ਚੇਤਨਾ ਇਸ ਪ੍ਰਾਜੈਕਟ ਦੇ ਰਾਜਨੀਤਕ ਪਰਿਪੇਖ ਦੀ ਪੁਰਖ਼ ਕੇਂਦਰੀਅਤਾ ਲਈ ਚੁਣੌਤੀ ਬਣ ਕੇ ਉੱਭਰੀ। ਅਠਾਰਵੀਂ ਸਦੀ ਦੇ ਲੋਕਤੰਤਰੀ ਇਨਕਲਾਬ ਜਿਹੜੇ ਮਨੁੱਖ ਨੂੰ ਮਨੁੱਖ (ਤਾਨਾਸ਼ਾਹ) ਦੇ ਗ਼ਲਬੇ ਹੇਠੋਂ ਕੱਢਣ ਦਾ ਮਕਸਦ ਰੱਖਦੇ ਸਨ ਤਾਂ ਪ੍ਰਭਾਵੀ ਦਲੀਲ ਪ੍ਰਬੁੱਧਤਾ ਲਹਿਰ ਦਾ ਗਿਆਨ ਹੀ ਬਣਾਉਂਦਾ ਸੀ ਕਿ ਸਾਰੇ ਮਨੁੱਖ ਬਰਾਬਰ ਪੈਦਾ ਹੋਏ ਹਨ ਅਤੇ ਅਜ਼ਾਦੀ ਦੇ ਬਰਾਬਰ ਦੇ ਹੱਕਦਾਰ ਹਨ। ਪਰ ਮਨੁੱਖ ਦੇ ਪ੍ਰਵਰਗ ਵਿਚ ਮਰਦ ਹੀ ਸ਼ਾਮਿਲ ਮੰਨੇ ਗਏ ਸਨ, ਨਾਰੀ ਨਹੀਂ। ਅਮਰੀਕਾ ਅਤੇ ਫਰਾਂਸ ਦੇ ਰਾਜਨੀਤੱਗ ਹੀ ਨਹੀਂ, ਲੋਕਤੰਤਰੀ ਕ੍ਰਾਂਤੀਕਾਰੀ ਵੀ ਨਾਰੀ ਨੂੰ ਰਾਜਨੀਤਕ ਭਾਈਚਾਰੇ ਵਿਚ ਸ਼ਾਮਿਲ ਕਰਨੋਂ ਇਨਕਾਰੀ ਸਨ। ਉਨ੍ਹਾਂ ਦੀ ਦਲੀਲ ਸੀ ਕਿ ਨਾਰੀ ਦਾ ਚਰਿੱਤਰ ਅਤੇ ਯੋਗਤਾ ਉਨ੍ਹਾਂ ਦੀਆਂ ਪ੍ਰਜਣਨ ਨਾਲ ਜੁੜੀਆਂ ਸਰੀਰਕ ਕਿਰਿਆਵਾਂ ਨਿਰਧਾਰਤ ਕਰਦੀਆਂ ਹਨ। ਜੇ ਉਨ੍ਹਾਂ ਨੂੰ ਰਾਜਨੀਤਕ ਮਾਮਲਿਆਂ ਵਿਚ ਸ਼ਾਮਿਲ ਕੀਤਾ ਗਿਆ ਤਾਂ ਸਮਾਜ ਅਤੇ ਸਭਿਅਤਾ ਦਾ ਆਧਾਰ ਹੀ ਹਿੱਲ ਜਾਵੇਗਾ।

ਨਾਰੀਵਾਦ ਪ੍ਰਬੁੱਧਤਾ ਲਹਿਰ ਵੱਲੋਂ ਗਿਆਨ ਪ੍ਰਾਪਤੀ ਅਤੇ ਮਨੁੱਖੀ ਸਮਾਜ ਵਿਚ ਮਨੁੱਖ ਦੀ ਅਜ਼ਾਦੀ ਬਰਾਬਰੀ ਤੇ ਵਿਕਾਸ ਲਈ ਜੁਟਾਈਆਂ ਸਾਰੀਆਂ ਦਲੀਲਾਂ ਅਤੇ ਵਿਆਖਿਆਵਾਂ ਵਿਚੋਂ ਨਾਰੀ ਨੂੰ ਬਾਹਰ ਧੱਕਣ ਦੀਆਂ ਇਨ੍ਹਾਂ ਪਿਤਰਕੀ ਜ਼ਿੱਦਾਂ ਅਤੇ ਨੀਤੀਆਂ ਨੂੰ ਗਿਆਨ ਦੇ ਇਨ੍ਹਾਂ ਹੀ ਤਰਕਾਂ ਨਾਲ ਵੰਗਾਰ ਕੇ ਹੋਂਦ ਵਿਚ ਆਇਆ। ਨਾਰੀ ਚੇਤਨਾ ਦੇ ਹਵਾਲੇ ਨਾਲ ਪਹਿਲੀ ਪ੍ਰਮਾਣਿਕ ਆਵਾਜ਼ ਬਣਨ ਵਾਲੀ ਮੇਰੀ ਐਸਲ ਨੇ ਤਤਕਾਲੀ ਦੌਰ ਵਿੱਚ ਤਾਨਾਸ਼ਾਹਾਂ ਦੀ ਨਿਰੰਕੁਸ਼ ਪ੍ਰਭੁਸੱਤਾ ਨੂੰ ਖ਼ਤਮ ਕਰਨ ਲਈ ਲੜੇ ਜਾ ਰਹੇ ਗ੍ਰਹਿਯੁੱਧਾਂ ਅਤੇ ਕ੍ਰਾਂਤੀ ਦੇ ਤਰਕਾਂ ਨੂੰ ਨਾਰੀ ਦੀ ਸਥਿਤੀ 'ਤੇ ਬਾਖ਼ੂਬੀ ਢੁਕਾਉਂਦਿਆਂ ਅਤੇ ਇਨ੍ਹਾਂ ਨੂੰ ਹੀ ਨਾਰੀ ਦੀ ਬੰਦਖਲਾਸੀ ਲਈ ਦਲੀਲ ਬਣਾਉਂਦਿਆਂ ਲਿਖਿਆ: ਜੇ ਮੁਕੰਮਲ ਪ੍ਰਭੁਸੱਤਾ ਰਾਜ ਲਈ ਜ਼ਰੂਰੀ ਨਹੀਂ, ਤਾਂ ਇਹ ਪਰਿਵਾਰ ਲਈ ਕਿਉਂ ਜ਼ਰੂਰੀ ਹੈ?... ਆਪਣੀ ਪੁਸਤਕ Some Reflections on Marriage (1700) ਵਿਚ ਵਿਆਹਾਂ ਨੂੰ ਨਾਰੀ ਦੀ ਗ਼ੁਲਾਮੀ ਦੇ ਪ੍ਰਮਾਣ ਵਜੋਂ ਪੇਸ਼ ਕਰਦਿਆਂ ਉਸਨੇ ਲਿਖਿਆ ਕਿ ਸਟੇਟ ਦੀ

ਜਿਸ ਸੱਤਾ ਨੂੰ ਮਰਦ ਘਿਰਣਾ ਦੀ ਨਜ਼ਰ ਨਾਲ ਵੇਖਦੇ ਹਨ, ਓਹੀ ਸੱਤਾ ਹਰ ਮਰਦ ਆਪਣੇ ਪਰਿਵਾਰ ਵਿਚ ਨਿਰੰਕੁਸ਼ ਰੂਪ ਵਿਚ ਮਾਣਦਾ ਹੈ। ਉਸਦਾ ਨਾਰੀ ਦੀ ਹੋਂਦ ਸਥਿਤੀ ਬਾਰੇ ਉਠਾਇਆ ਇਹ ਸਵਾਲ ਇਤਿਹਾਸਕ ਹੋ ਨਿਬੜਿਆ ਕਿ: ਜੇ ਸਾਰੇ ਮਰਦ ਆਜ਼ਾਦ ਪੈਦਾ ਹੁੰਦੇ ਹਨ ਤਾਂ ਇਹ ਕਿਵੇਂ ਹੈ ਕਿ ਸਾਰੀਆਂ ਔਰਤਾਂ ਮੁੱਢੋਂ ਹੀ ਗ਼ੁਲਾਮ ਹਨ?

ਫ਼ਰਾਂਸੀਸੀ ਨਾਟਕਕਾਰ ਮੈਰੀ ਓਲੰਪੀ ਗੂਗਸ ਅਤੇ ਬ੍ਰਿਟਿਸ਼ ਲੇਖਕ ਮੇਰੀ ਵੂਲਸਟੋਨਕ੍ਰਾਫਟ ਵਰਗੀਆਂ ਜਾਗਰੂਕ ਔਰਤਾਂ ਨੇ ਫਰਾਂਸ ਦੀ ਕ੍ਰਾਂਤੀ ਉਪਰੰਤ ਅਮਰੀਕਾ ਵੱਲੋਂ ਆਧੁਨਿਕ ਰਾਜਾਂ ਦੇ ਸੰਵਿਧਾਨਾਂ ਵਿਚ ਨਾਗਰਿਕਾਂ ਦੇ ਹੱਕਾਂ ਦੀ ਘੋਸ਼ਣਾ ਵੇਲ਼ੇ ਨਾਰੀ ਨੂੰ ਨਾਗਰਿਕਾਂ ਦੀ ਪਰਿਭਾਸ਼ਾ ਅਤੇ ਘੇਰੇ ਵਿਚ ਸ਼ਾਮਿਲ ਨਾ ਕਰਨ ਦੇ ਮਸਲੇ ਨੂੰ ਤਿੱਖੇ ਸਵਾਲਾਂ ਅਤੇ ਪੱਖਪਾਤੀ ਪ੍ਰਮਾਣਾਂ ਸਹਿਤ ਵੰਗਾਰਿਆ।

ਕੈਰੋਲਿਨ ਨੋਰਟਨ, ਸੌਜਰਨਰ ਟਰੁੱਥ ਵਰਗੀਆਂ ਔਰਤਾਂ ਨੇ ਆਪਣੇ ਬੱਚਿਆਂ, ਆਪਣੀ ਕਮਾਈ ਤੇ ਹੱਕ ਲੈਣ ਲਈ ਨਿੱਜੀ ਤੌਰ ‘ਤੇ ਕਾਨੂੰਨੀ ਲੜਾਈਆਂ ਲੜੀਆਂ। ਵਿਆਹੀਆਂ ਔਰਤਾਂ ਦੇ ਜਾਇਦਾਦ ਸੰਬੰਧੀ ਹੱਕਾਂ ਵਿਚ ਪਾਈ ਪਟੀਸ਼ਨ ‘ਤੇ 25000 ਔਰਤਾਂ ਨੇ ਦਸਤਖ਼ਤ ਕੀਤੇ ਤਾਂ ਸੀਮਿਤ ਜਿਹੇ ਅਧਿਕਾਰਾਂ ਵਾਲਾ Matrimonial Causes Act of 1857 ਹੋਂਦ ਵਿਚ ਆਇਆ।18 ਹੋਰ ਨਿੱਕੇ-ਨਿੱਕੇ ਐਕਟ ਪਾਸ ਹੋਣ ਉਪਰੰਤ 1870 ਵਿਚ ਵਿਆਹੀ ਔਰਤ ਨੂੰ ਆਪਣੀ ਕਮਾਈ ਆਪਣੇ ਕੋਲ਼ ਰੱਖਣ ਜਾਂ ਨਿੱਜੀ ਜਾਇਦਾਦ ਦੀ ਵਿਰਾਸਤ ਦਾ ਹੱਕ ਮਿਲਿਆ।

ਜੌਨ ਸਟੂਅਰਟ ਮਿਲ 1867 ਵਿਚ ਬ੍ਰਿਟਿਸ਼ ਸਰਕਾਰ ਦੇ ਹਾਊਸ ਆਫ ਕਾਮਨਜ਼ ਵਿਚ ਨਾਰੀ ਲਈ ਵੋਟ ਦੇ ਅਧਿਕਾਰ ਦੀ ਵਜ਼ਾਹਤ ਕਰਨ ਵਾਲਾ ਪਹਿਲਾ ਮਰਦ ਸੀ। ਜਰਮਨ ਫਿਲਾਸਫਰ ਫਰੈਡਰਿਕ ਏਂਗਲਜ਼ ਨੇ ਪਰਿਵਾਰਾਂ ਵਿਚ ਪਤਨੀਆਂ ਨੂੰ ਪਤੀਆਂ ਦੇ ਗ਼ੁਲਾਮਾਂ ਵਜੋਂ ਤਸਦੀਕ ਕੀਤਾ ਅਤੇ ਵਰਜੀਨੀਆ ਵੂਲਫ਼ ਨੇ ਔਰਤ ਦੇ ਜੀਵਨ ਦੀਆਂ ਤਮਾਮ ਸਥਿਤੀਆਂ; ਆਰਥਿਕ ਤੌਰ ‘ਤੇ ਪੂਰਨ ਰੂਪ ਵਿਚ ਨਿਰਭਰ, ਸਰੀਰਕ ਅਤੇ ਮਾਨਸਿਕ ਰੂਪ ਵਿਚ ਪ੍ਰਤਿਬੰਧਾਂ ਵਿਚ ਘਿਰੀ, ਸਿੱਖਿਆ ਦੇ ਮਾਮਲੇ ਵਿਚ ਵਾਂਝੀ ਰੱਖੀ ਗਈ, ਨੂੰ ਹੀ ਔਰਤ ਦੇ ਖਿਲਾਫ਼ ਭੁਗਤਦੀਆਂ ਵਿਖਾਇਆ।

ਉਨੀਵੀਂ ਸਦੀ ਦੀ ਪਿਛਲੀ ਚੌਥਾਈ ਵਿਚ ਜਦੋਂ ਲਗਪਗ ਸਾਰੀ ਦੁਨੀਆਂ ਵਿਚ ਹੀ ਨਾਰੀ ਵੋਟ ਦੇ ਅਧਿਕਾਰ ਲਈ ਅੰਦੋਲਿਤ ਹੋਈ ਜਾਂ ਨਾਰੀ ਦੀ ਸਿੱਖਿਆ ਸੰਬੰਧੀ ਹਲਚਲ ਪੈਦਾ ਹੋਈ ਤਾਂ ਇਸ ਚੇਤਨਾ ਨੂੰ, ਇਸ ਇਥੋਸ ਨੂੰ ਆਧਾਰ ਇਨ੍ਹਾਂ ਵਿਅਕਤੀਗਤ ਸੋਝੀਆਂ/ਸਾਹਸਾਂ ਨੇ ਹੀ ਦਿੱਤਾ ਜਿਨ੍ਹਾਂ ਨੇ ਨਾਰੀ ਦੀ ਸਥਿਤੀ ਨੂੰ ਗ਼ੁਲਾਮੀ ਦੇ ਮਾਡਲ ਵਿਚ ਪੜ੍ਹਿਆ, ਪੜਚੋਲਿਆ ਅਤੇ ਵੰਗਾਰਿਆ। ਬਲਕਿ ਇਹ ਉਜ਼ਰ ਵੀ ਕੀਤਾ ਕਿ ਕੁੜੀਆਂ ਨੂੰ ਦਿੱਤੀ ਜਾਣ ਵਾਲੀ ਸਿੱਖਿਆ ਸਿਖਲਾਈ ਨਾਕਾਫ਼ੀ ਹੀ ਨਹੀਂ, ਗੁੰਮਰਾਹਕੁਨ ਵੀ ਹੈ। ਇਹ ਲਿਖਤਾਂ/ਅਵਾਜ਼ਾਂ/ਉੱਦਮਾਂ ਨੇ ਹੀ ਦਰਅਸਲ ਨਾਰੀਵਾਦ ਨੂੰ ਇਕ ਲਹਿਰ ਵਜੋਂ ਸੰਗਠਤ ਕੀਤਾ ਅਤੇ ਮੱਤ ਅਧਿਕਾਰ ਦੀ ਇਤਿਹਾਸਕ ਜਿੱਤ ਦਰਜ ਕੀਤੀ।

ਬਹੁਤੀ ਵਾਰ ਨਾਰੀਵਾਦ ਦੇ ਇਤਿਹਾਸ ਨੂੰ ਸਿਰਫ਼ ਨਾਰੀਵਾਦੀ ਲਹਿਰਾਂ ਦੇ ਪਰਿਪੇਖ ਪੱਥ ਵਿਚ ਪੜ੍ਹਿਆ ਜਾਂਦਾ ਹੈ, ਪਰ ਨਾਰੀਵਾਦ ਨੂੰ ਨਾਰੀ ਚਿੰਤਨ ਤੋਂ ਵਿਛੁੰਨ ਕੇ ਵੇਖਣਾ ਵੀ ਇਕ ਰਾਜਨੀਤੀ ਹੈ। ਅਸਲ ਨਾਰੀਵਾਦ ਨਾਰੀ ਸੰਸਾਰ ਵਿਚ ਆਜ਼ਾਦੀ ਬਰਾਬਰੀ ਸੰਬੰਧੀ ਜਾਗਰੂਕਤਾ ਪੈਦਾ ਕਰਨ ਵਾਲੀਆਂ ਸਮਾਜਕ ਲਹਿਰਾਂ ਅਤੇ ਰਾਜਨੀਤਕ ਸੰਘਰਸ਼ਾਂ ਦੇ ਸਮਵਿੱਥ ਇਕ ਵਿਸ਼ਲੇਸ਼ਣਾਤਮਕ ਚਿੰਤਨ ਵਜੋਂ ਵਿਕਸਦਾ ਵਿਗਸਦਾ ਹੈ। ਮਿਸਾਲ ਵਜੋਂ ਨਾਰੀਵਾਦ ਦੀ ਪਹਿਲੀ ਲਹਿਰ (First Wave Feminism) ਦਾ ਸਮਾਂ 1848 ਤੋਂ1920 ਤਕ ਦਾ ਮੰਨਿਆ ਜਾਂਦਾ ਹੈ, ਭਾਵ 1848 ਵਿਚ ਨਿਊਯਾਰਕ ਵਿਖੇ ਹੋਈ ਸੈਨਿਕਾ ਫਾਲਜ਼ ਕਨਵੈਨਸ਼ਨ ਵਿਚ ਨਾਰੀਆਂ ਲਈ

ਵੋਟ ਦੇ ਅਧਿਕਾਰ ਲਈ ਮਤਾ ਰੱਖਣ ਤੋਂ ਲੈ ਕੇ 1920 ਵਿਚ ਅਮਰੀਕਾ ਵਿਚ ਨਾਰੀਆਂ ਨੂੰ ਵੋਟ ਦਾ ਅਧਿਕਾਰ ਮਿਲਣ ਤਕ। ਇਸ ਵਿਚ ਕੋਈ ਸ਼ੱਕ ਨਹੀਂ ਕਿ ਨਾਰੀ ਚੇਤਨਾ ਨੂੰ ਸਮੂਹਕ ਅੰਦੋਲਨ ਵਿਚ ਵਟਦਾ ਵੇਖਣ ਦਾ ਇਤਿਹਾਸ ਅਮਰੀਕਾ ਦੀ ਧਰਤੀ ਨਾਲ ਜੁੜਿਆ ਹੋਇਆ ਹੈ, ਪਰ ਦੁਨੀਆਂ ਦੇ ਕਈ ਮੁਲਕਾਂ ਵਿਚ ਤਾਂ ਨਾਰੀ ਨੂੰ ਇਹ ਹੱਕ ਲੈਣ ਲਈ ਇੱਕੀਵੀਂ ਸਦੀ ਦਾ ਇੰਤਜ਼ਾਰ ਵੀ ਕਰਨਾ ਪਿਆ ਹੈ। ਅਮਰੀਕਾ ਵਿਚ ਤਾਂ ਨਾਰੀਵਾਦੀ ਲਹਿਰ ਮੱਤ ਅਧਿਕਾਰ ਮਿਲਣ ਨੂੰ 'ਇਤਿਹਾਸ ਦੀ ਸਭ ਤੋਂ ਵੱਡੀ ਕ੍ਰਾਂਤੀ' ਦੱਸ "1920 ਤੋਂ ਬਾਅਦ ਜੰਮਣ ਵਾਲੀ ਔਰਤ ਲਈ ਨਾਰੀਵਾਦ ਬੀਤਿਆ ਯੁੱਗ ਹੋਵੇਗਾ" (ਬੈਟੀ ਫਰੀਡਨ), ਜਾਂ ਨਾਰੀਵਾਦ ਨੇ "ਮਨੁਖੀ ਨਸਲ ਦੀ ਅੱਧੀ ਆਬਾਦੀ ਨੂੰ ਮੁੱਢ ਕਦੀਮ ਦੀ ਅਧੀਨਗੀ ਵਿਚੋਂ ਕੱਢ ਲਿਆਉਣ ਦਾ ਟੀਚਾ ਪੂਰਾ ਕਰ ਲਿਆ ਹੈ" (ਕੇਟ ਮਿਲਟ) ਵਰਗੇ ਐਲਾਨ ਕਰਕੇ, ਸਾਰੀ ਦੁਨੀਆਂ ਵਿਚ ਸਭ ਕੁੱਝ ਆਪਣੇ ਆਪ ਸਹੀ ਹੋ ਜਾਣ ਦੀ ਆਸ ਨਾਲ ਵਿਹਲੀ ਹੋ ਗਈ ਸੀ।

ਨਾਰੀਵਾਦ ਦੀ ਦੂਜੀ ਲਹਿਰ ਜਿਸ ਨੂੰ ਨਾਰੀਵਾਦ ਦੇ ਇਤਿਹਾਸ ਵਿਚ Second Wave Feminism (1963-1980) ਵਜੋਂ ਇਤਿਹਾਸਬੱਧ ਕੀਤਾ ਜਾਂਦਾ ਹੈ, ਲਗਪਗ ਚਾਰ ਦਹਾਕਿਆਂ ਬਾਅਦ ਇੰਗਲੈਂਡ (Equal Rights Group), ਅਮਰੀਕਾ (EEOG) ਅਤੇ ਫਰਾਂਸ (MLF) ਵਿਚ ਪੁਨਰ ਸੁਰਜੀਤ ਹੋਈ, ਜਦੋਂ ਔਰਤਾਂ ਨੇ, ਖਾਸ ਤੌਰ 'ਤੇ ਮਜ਼ਦੂਰ ਵਰਗ ਦੀਆਂ ਔਰਤਾਂ ਨੇ, ਬਰਾਬਰ ਦੇ ਮੌਕੇ ਅਤੇ ਬਰਾਬਰ ਦੀ ਤਨਖ਼ਾਹ ਨਾ ਮਿਲਣ ਕਰਕੇ ਘੁਟਨ ਮਹਿਸੂਸ ਕੀਤੀ।

ਪਰ ਇਸ ਕਾਲ ਅੰਤਰਾਲ ਵਿਚ ਹੀ ਨਾਰੀਵਾਦ ਦੀ ਪਹਿਲੀ ਸਿਧਾਂਤਕਾਰ/ਫਿਲਾਸਫਰ ਵਜੋਂ ਨਾਮਣਾ ਖੱਟਣ ਵਾਲੀ ਫ਼ਰਾਂਸੀਸੀ ਚਿੰਤਕ ਸਿਮੋਨ ਦ ਬੋਅਵਾਰ ਦੀ ਪੁਸਤਕ 'ਦ ਸੈਕੰਡ ਸੈਕਸ' ਛਪੀ ਜਿਸ ਦੀ ਸਥਾਪਨਾ One is not born but becomes woman ਨੇ ਨਾਰੀ ਸੰਬੰਧੀ ਸੋਚਣ ਦਾ ਢੰਗ ਬਦਲ ਦਿੱਤਾ। ਸਿਮੋਨ ਨੇ ਜਰਮਨਾਂ ਦੇ ਦਾਬੇ ਅਤੇ ਨਾਜ਼ੀਆਂ ਦੇ ਸਕਤੇ ਹੇਠੋਂ ਨਿਕਲੀ ਫਰਾਂਸ ਦੀ ਪਿਤਰਕੀ ਦੇ ਫ਼ਰਾਂਸੀਸੀ ਨਾਰੀ 'ਤੇ ਪੈ ਰਹੇ ਦਬਾਅ ਨੂੰ ਨੇੜਿਉਂ ਵਾਚਦਿਆਂ ਨਾਰੀ ਦੀ ਹੋਂਦ ਸਥਿਤੀ ਅਤੇ ਹੋਂਦ ਚੇਤਨਾ ਨੂੰ ਆਪਣੇ ਅਧਿਐਨ ਦਾ ਵਿਸ਼ਾ ਬਣਾਇਆ। ਉਸਦੀ ਆਪਣੀ ਸਿੱਖਿਆ ਅਤੇ ਸਿਖਲਾਈ ਦਰਸ਼ਨ ਦੇ ਖੇਤਰ ਦੀ ਸੀ। ਨਾਰੀ ਕੀ ਹੈ? ਵਰਗੀ ਪ੍ਰਤੱਖ ਸਚਾਈ ਨੂੰ ਉਹ ਦਾਰਸ਼ਨਿਕ ਵਾਂਗ ਮੁਖ਼ਾਤਿਬ ਹੋਈ ਅਤੇ ਨਾਰੀ ਦੀ ਸਥਿਤੀ ਨੂੰ ਸਮਝਣ ਅਤੇ ਵਿਸ਼ਲੇਸ਼ਤ ਕਰਨ ਲਈ ਗਿਆਨ, ਵਿਗਿਆਨ, ਸਾਹਿਤ, ਸਭਿਆਚਾਰ ਦੇ ਸਾਰੇ ਸ੍ਰੋਤਾਂ ਨੂੰ ਉਸ ਨੇ ਸਮਾਜ ਵਿਚ ਨਾਰੀ ਹੋਣ ਦੇ ਮਾਇਨੇ ਲੱਭਣ ਲਈ ਫਰੋਲਿਆ। ਉਸਨੇ ਦਰਸ਼ਨ, ਧਰਮ, ਇਤਿਹਾਸ, ਵਿਗਿਆਨ, ਭਾਸ਼ਾ, ਸਾਹਿਤ ਦੀਆਂ ਸਿਧਾਂਤਕ ਸਥਾਪਨਾਵਾਂ ਅਤੇ ਸਭਿਆਚਾਰਕ ਪੇਸ਼ਕਾਰੀਆਂ ਨੂੰ ਨਾ ਕੇਵਲ ਨਾਰੀ ਦੇ ਹਵਾਲੇ ਨਾਲ ਪੜ੍ਹਿਆ, ਬਲਕਿ ਨਾਰੀ ਦੇ ਦ੍ਰਿਸ਼ਟੀਕੋਣ ਤੋਂ ਮੁੜ ਲਿਖ ਕੇ ਵਿਖਾਇਆ। ਨਾਰੀ ਦੇ ਜੀਵੇ ਅਨੁਭਵ ਵਿਚ ਗੁੰਨ੍ਹਿਆ ਜਾ ਚੁੱਕਾ ਦਮਨ ਅਤੇ ਨਾਰੀ ਦੀਆਂ ਘਾੜਤਾਂ ਵਿਚ ਹੀ ਮਿਥ ਬਣ ਚੁੱਕੀ ਉਸਦੀ ਆਪਣੀ ਚੇਤਨਾ ਵਾਲੀ ਅਸਤਿਤਵੀ ਪਛਾਣ ਨੂੰ ਲੱਭ ਲਿਆਉਣ ਦੀ ਪਹਿਲ ਵੀ ਸਿਮੋਨ ਦੇ ਹਿੱਸੇ ਆਈ। ਇਹੀ ਕਾਰਨ ਸੀ ਕਿ ਅਗਲੇ ਦੌਰ ਵਿਚ ਨਾਰੀਵਾਦ ਇਕ ਵਿਚਾਰਧਾਰਕ ਚੁਣੌਤੀ ਬਣ ਕੇ ਉਭਰਿਆ।

ਨਾਰੀਵਾਦ ਦੀ ਦੂਜੀ ਲਹਿਰ ਨੇ Personal is political ਦੇ ਨਾਅਰੇ ਹੇਠ ਨਾਰੀ ਨੂੰ ਅਧੀਨਗੀ ਵਿਚੋਂ ਕੱਢ ਲਿਆਉਣ ਲਈ ਪ੍ਰਚੱਲਤ ਵਿਧੀ ਵਿਧਾਨ ਪ੍ਰਤਿ ਸ਼ਿਕਾਇਤੀ ਲਹਿਜ਼ਾ ਜਾਂ ਸੁਧਾਰਾਂ ਦੀ ਮੰਗ ਵਾਲਾ ਉਦਾਰਵਾਦੀ ਰੱਵਈਆ ਅਪਨਾਉਣ ਦੀ ਥਾਂ ਨਾਰੀ ਦੀ ਦਮਿਤ ਸਥਿਤੀ ਨੂੰ ਉੱਚੀ ਆਵਾਜ਼ ਵਿਚ ਨਸ਼ਰ ਕਰਨ ਅਤੇ ਦਲੀਲਾਂ ਨਾਲ ਕਲੇਮ ਕਰਨ ਦਾ ਪੈਂਤੜਾ ਅਪਣਾਇਆ। ਨਾਰੀ ਦੇ ਪੇਟੇ ਪਈ ਘਰੇਲੂ ਕੰਮਾਂ ਦੀ ਵੰਡ, ਬੱਚਿਆਂ ਦੀ ਪਰਵਰਿਸ਼ ਅਤੇ ਉਨ੍ਹਾਂ ਦਾ ਆਪਣੀ ਹੀ ਕਾਮੁਕਤਾ ਜਾਂ ਪ੍ਰਜਣਨ ਸ਼ਕਤੀ 'ਤੇ ਕੰਟਰੋਲ ਨਾ ਹੋਣ ਦੀ ਸਥਿਤੀ ਜਿਸਨੂੰ ਪ੍ਰਕਿਰਤਕ, ਸੁਭਾਵਕ

ਤੇ ਗ਼ੈਰ ਰਾਜਨੀਤਕ ਮੰਨਿਆ ਜਾ ਰਿਹਾ ਸੀ, ਅੱਗੇ ਸਵਾਲੀਆ ਚਿੰਨ੍ਹ ਲੱਗ ਗਏ। 1970 ਵਿਚ ਜਦੋਂ ਇੰਗਲੈਂਡ ਵਿਖੇ National Women Liberation Conference ਹੋਈ ਤਾਂ ਜਿਹੜੀਆਂ ਚਾਰ ਮੰਗਾਂ ਸਨਮੁਖ ਆਈਆਂ ਉਹ ਸਨ: 1. ਬਰਾਬਰ ਦੀ ਸਿੱਖਿਆ, ਮੌਕੇ ਅਤੇ ਤਨਖ਼ਾਹ, 2. ਬੱਚਿਆਂ ਲਈ ਨਰਸਰੀਆਂ, 3. ਮੁਫਤ ਗਰਭ ਨਿਰੋਧਕ, 4. ਲੋੜ ਪੈਣ 'ਤੇ ਗਰਭਪਾਤ ਦਾ ਅਧਿਕਾਰ।

ਇਸਦੇ ਸਮਵਿੱਥ ਸੱਤਰਵਿਆਂ ਦਾ ਦੌਰ ਨਾਰੀਵਾਦੀ ਚਿੰਤਨ ਵਿਚ ਵਿਸਫੋਟ ਦਾ ਯੁੱਗ ਸੀ।ਇਕ ਤਰ੍ਹਾਂ ਨਾਰੀ ਦਾ ਨਿੱਜੀ ਅਨੁਭਵ ਨਾਰੀਵਾਦ ਦੀ ਸਮੱਸਿਆਕਾਰੀ ਦੇ ਕੇਂਦਰ ਵਿਚ ਆ ਚੁੱਕਾ ਸੀ। ਬਲਕਿ ਇਕ ਵਿਸ਼ਲੇਸ਼ਣਾਤਮਕ ਸੰਦ ਬਣ ਗਿਆ ਸੀ ਜਿਸ ਨੇ ਸੁਭਾਵਕ ਜਾਪਦੇ ਵਰਤਾਰਿਆਂ ਦੀ ਰਾਜਨੀਤੀ ਤੋਂ ਪਰਦਾ ਚੁੱਕਿਆ। ਆਧੁਨਿਕ ਚਿੰਤਨ ਨੂੰ ਡਿਜ਼ਾਈਨ ਕਰਨ ਵਾਲੇ ਮਾਰਕਸ ਅਤੇ ਫਰਾਇਡ ਨੇ ਆਪਣੇ ਚਿੰਤਨ ਵਿਚ ਨਾਰੀ ਜਾਂ ਨਾਰੀ ਪਛਾਣ ਨੂੰ ਕੋਈ ਵੱਖਰੀ ਸਪੇਸ ਨਾ ਦਿੱਤੀ ਪਰ ਨਾਰੀ ਚਿੰਤਨ ਵਿਚ ਸਮਾਜਵਾਦੀ ਨਾਰੀਵਾਦ ਅਤੇ ਮਨੋਵਿਸ਼ਲੇਸ਼ਣੀ ਨਾਰੀਵਾਦ ਦੀਆਂ ਪ੍ਰਵਿਰਤੀਆਂ ਜ਼ੋਰ-ਸ਼ੋਰ ਨਾਲ ਕਾਰਜਸ਼ੀਲ ਰਹੀਆਂ। ਸਮਾਜਵਾਦੀ ਨਾਰੀਵਾਦ ਦੇ ਬਿਰਤਾਂਤ ਵਿਚ ਨਾਰੀ ਇਕ ਜਮਾਤ ਸੀ ਜਿਸ ਨੂੰ ਪੂੰਜੀਵਾਦੀ ਪਿਤਰਕੀ ਦੇ ਪਾਠਾਂ/ਪ੍ਰੈਕਟਿਸਾਂ/ਸੰਸਥਾਵਾਂ ਨੇ ਅਧੀਨਗੀ ਵਿਚ ਲਿਆ ਹੋਇਆ ਹੈ ਅਤੇ ਮਨੋਵਿਸ਼ਲੇਸ਼ਣੀ ਨਾਰੀਵਾਦ ਇਹ ਦਾਅਵਾ ਠੋਕ ਰਿਹਾ ਸੀ ਕਿ ਮਨੋਵਿਸ਼ਲੇਸ਼ਣ ਹੀ ਇਹ ਸਮਝਣ ਵਿਚ ਮਦਦ ਕਰਦਾ ਹੈ ਕਿ ਪਿਤਰਕੀ ਵਿਅਕਤੀ ਦੀ ਮਾਨਸਿਕਤਾ ਵਿਚ ਖੁਣੀ ਕਿਵੇਂ ਜਾਂਦੀ ਹੈ।

ਇਸੇ ਦੌਰ ਵਿਚ ਨਾਰੀ ਨੂੰ ਮੁਕੰਮਲ ਮੁਕਤੀ ਲਈ ਆਪ ਹੀ ਵਿਆਹ, ਮਾਤਰਤਵ ਤੋਂ ਕਿਨਾਰਾ ਕਰਨ ਜਾਂ ਨਾਰੀ ਦੀ ਬੰਦਖਲਾਸੀ ਲਈ ਪ੍ਰਜਣਨ ਤਕਨਾਲੋਜੀ ਨੂੰ ਸੱਦਾ ਦੇਣ ਵਾਲਾ ਨਾਰੀਵਾਦੀ ਯੂਟੋਪੀਆ ਭਾਵੇਂ ਪ੍ਰਤਿਕ੍ਰਿਆਵਾਦੀ ਸੀ, ਪਰ ਇਸ ਦੌਰ ਦੇ ਨਾਰੀ ਚਿੰਤਨ ਨੇ ਧਰਮ, ਭਾਸ਼ਾ, ਵਿਆਹ ਆਦਿ ਦੇ ਹਵਾਲੇ ਨਾਲ ਨਾਰੀ ਦੇ ਦਮਨ ਨੂੰ ਕਈ ਕੋਣਾਂ ਤੋਂ ਵਿਚਾਰਿਆ। ਇਸ ਪੇਚੀਦਾ ਗੁੰਝਲ ਨੂੰ ਵਿਅਕਤੀਗਤ ਤੌਰ 'ਤੇ ਵੀ, ਸਮੂਹਕ ਰੂਪ ਵਿਚ ਵੀ, ਵਾਸਤਵਿਕਤਾ ਦੀ ਪੱਧਰ 'ਤੇ ਵੀ, ਪ੍ਰਤੀਕਾਤਮਕ ਰੂਪ ਵਿਚ ਵੀ, ਅਨੁਭਵ ਦੇ ਰੂਪ ਵਿਚ ਵੀ, ਪਰਿਣਾਮਾਂ ਦੇ ਰੂਪ ਵਿਚ ਸਮਝਣ ਲਈ ਵਿਰਚਨਾਵਾਦੀ ਕ੍ਰਿਟੀਕ ਅਪਣਾਈ। ਨਾਰੀ ਚਿੰਤਨ ਨੇ ਯਥਾਰਥ, ਜਿਸਨੂੰ ਅਸੀਂ ਭਾਸ਼ਾ ਦੇ ਜ਼ਰੀਏ ਗ੍ਰਹਿਣ ਕਰਦੇ ਹਾਂ, ਵਿਚਲੇ ਵਿਰੋਧੀ ਜੁੱਟ ਨਾਰੀ ਨੂੰ ਕਿਵੇਂ ਸੱਤਾ ਵਿਹੀਣ ਕਰਦੇ ਹਨ ਜਾਂ ਧਰਮਾਂ ਦੀ ਬਿੰਬਕਾਰੀ ਨੇ ਨਾਰੀ ਦੀ ਨਿਰਾਦਰੀ ਨੂੰ ਕਿਵੇਂ ਨਿਆਂਇਕ ਬਣਾਇਆ ਹੈ, ਦੀ ਵਿਆਖਿਆ ਰਾਹੀਂ ਅਣਦਿਸਦੇ ਨੂੰ ਵਿਖਾਇਆ, ਖ਼ਾਮੋਸ਼ੀਆਂ ਨੂੰ ਸਮਝ ਲਿਖੇ ਵਿਚਲੀ ਸਪੇਸ ਨੂੰ ਉਠਾ ਨਵਾਂ ਲਿਖਿਆ। ਨਾਰੀਵਾਦ ਦੀ ਦੂਜੀ ਲਹਿਰ ਨੇ ਸਾਰੀ ਦੁਨੀਆਂ ਦੀਆਂ ਨਾਰੀਆਂ ਲਈ ਸਿਸਟਰਹੁੱਡ ਦੀ ਦਲੀਲ ਵੀ ਇਸੇ ਆਧਾਰ 'ਤੇ ਘੜੀ ਕਿ ਸਾਰੇ ਹੀ ਸਮਾਜਾਂ ਸਭਿਆਚਾਰਾਂ ਵਿਚ ਪਿਤਰਕੀ ਨੇ ਨਾਰੀ ਨੂੰ ਬੜੇ ਵਿਵਸਥਿਤ ਢੰਗ ਨਾਲ ਇਤਿਹਾਸ ਤੋਂ ਬਾਹਰ ਧੱਕਿਆ ਹੋਇਆ ਹੈ।

ਨਾਰੀਵਾਦ ਦੇ ਇਤਿਹਾਸ ਵਿਚ ਤੀਜੀ ਲਹਿਰ ਦੀ ਸ਼ੁਰੂਆਤ ਨੱਬੇਵਿਆਂ ਵਿਚ ਵਿਸ਼ਵੀਕਰਨ ਦੇ ਪਰਿਪੇਖ ਅਤੇ ਸੰਦਰਭ ਵਿਚ ਰੱਖ ਕੇ ਮੰਨੀ ਗਈ ਹੈ ।ਲੂਸੀ ਇਰਿਗਰੈ, ਜੂਲੀਆ ਕ੍ਰਿਸਤੀਵਾ, ਹੇਲੇਨ ਸਿਖੂ, ਜੂਡਿਥ ਬਟਲਰ, ਲੌਰਾ ਮੁਲਵੇ ਵਰਗੀਆਂ ਦੇ ਨਾਰੀ ਚਿੰਤਨ ਨੇ ਨਾਰੀ ਪਛਾਣ, ਨਾਰੀ ਵੱਖਰਤਾ ਨੂੰ ਲਿੰਗ ਭੇਦ, ਕਾਮੁਕਤਾ ਜਾਂ ਹੋਰ ਖ਼ੁਦਮੁਖ਼ਤਿਆਰ ਵਿਸ਼ਿਆਂ ਦੇ ਹਵਾਲੇ ਨਾਲ ਅੱਗੇ ਲਿਆਂਦਾ। ਦਵੈਤਵਾਦ ਨੂੰ ਵਿਭਿੰਨਤਾ, ਇਕਮੱਤ ਨੂੰ ਵੰਨ-ਸੁਵੰਨਤਾ ਨਾਲ ਕੱਟਣ ਵਾਲੀਆਂ ਇਨ੍ਹਾਂ ਉਤਰ-ਆਧੁਨਿਕ ਆਵਾਜ਼ਾਂ ਨੇ ਨਾਰੀਵਾਦ ਵਿਚ ਬੌਧਿਕ ਬਹਿਸ ਦੇ ਜ਼ੋਰਦਾਰ ਖੇਤਰ ਨੂੰ ਅੰਜਾਮ ਦਿੱਤਾ। ਇਸੇ ਕਰਕੇ ਨਾਰੀਵਾਦ ਦੀ ਤੀਜੀ ਲਹਿਰ ਵੇਲ਼ੇ ਨਾਰੀ ਮੁਕਤੀ ਦੇ ਰਾਜਨੀਤਕ ਬਿਰਤਾਂਤ

ਨੂੰ ਸਮਰੂਪ ਬਣਾਈ ਰੱਖਣਾ ਸੰਭਵ ਹੀ ਨਾ ਰਿਹਾ।

ਵਿਕਸਤ ਮੁਲਕਾਂ ਵਿਚ ਨਾਰੀ ਨੂੰ ਜਿਹੜੀ ਦ੍ਰਿਸ਼ਟਤਾ, ਅਧਿਕਾਰ ਸੰਪੰਨਤਾ ਅਤੇ ਸਭਿਆਚਾਰਕ ਮਹੱਤਤਾ ਮਿਲ ਰਹੀ ਸੀ, ਉਸ ਤੋਂ ਜਾਪਦਾ ਸੀ ਨਾਰੀਵਾਦ ਨੇ ਸਾਰੇ ਟੀਚੇ ਪ੍ਰਾਪਤ ਕਰ ਲਏ ਹਨ। 29 ਜੂਨ 1998 ਦੇ Time ਮੈਗਜ਼ੀਨ ਦੇ ਕਵਰ ਨੇ ਤਾਂ ਨਾਰੀਵਾਦ ਦੇ ਖਾਤਮੇ ਦੀ ਘੋਸ਼ਣਾ ਕਰ ਦਿੱਤੀ ਸੀ। ਪਰ ਨਾਰੀਵਾਦ ਦੀ ਰਾਜਨੀਤੀ ਨੂੰ ਲਾਂਭੇ ਪਾਉਣ ਵਾਲਾ ਇਹ ਵਰਤਾਰਾ ਪਹਿਲੀ ਦੁਨੀਆ ਦਾ ਹੀ ਸੀ ਜਿਹੜੀ ਨਾਰੀ ਨੂੰ ਇਕ ਵਿਅਕਤੀ ਵਜੋਂ ਨਹੀਂ, ਮੰਡੀ ਵਿਚੋਂ ਫੈਸ਼ਨ ਤੇ ਸਟਾਈਲ ਖਰੀਦ ਸਕਣ ਵਾਲੀ ਸੱਤਾ ਰੱਖਣ ਵਾਲੀ ਹਸਤੀ ਦੱਸ ਕੇ ਨਾਰੀਵਾਦ ਦੀ ਰਾਜਨੀਤੀ ਬਦਲ ਰਿਹਾ ਸੀ। ਪਰ ਇਸੇ ਦੌਰਾਨ ਨਾਰੀਵਾਦੀ ਚਿੰਤਨ ਆਪਣਾ ਪੋਟੈਂਨਸ਼ੀਅਲ ਅੱਡੋ-ਅੱਡ ਸਮਾਜਾਂ ਸਭਿਆਚਾਰਾਂ ਦੀਆਂ ਵਾਸਤਵਿਕ ਹਾਲਤਾਂ ਵਿਚ ਜਿਉਂ ਰਹੀਆਂ ਔਰਤਾਂ ਦੀਆਂ ਵਿਹਾਰਕਤਾਵਾਂ ਵਿਚੋਂ ਲੱਭ ਰਿਹਾ ਸੀ। ਇਸ ਪ੍ਰਥਾਇ ਸਭ ਤੋਂ ਜ਼ੋਰਦਾਰ ਆਵਾਜ਼ ਰੰਗਦਾਰ ਨਾਰੀ ਚਿੰਤਕਾਂ ਦੀ ਉਭਰੀ, ਜਿਨ੍ਹਾਂ ਨੇ ਇਕਜੁੱਟਤਾ ਦੇ ਓਹਲੇ ਹੇਠ ਆਪਣਾ ਪ੍ਰਭੁਤਵ ਸਥਾਪਤ ਕਰ ਰਹੇ ਪੱਛਮੀ ਨਾਰੀਵਾਦ ਨੂੰ ਇਹ ਕਹਿ ਕੇ ਚੁਣੌਤੀ ਦਿੱਤੀ ਕਿ ਇਸ ਚਿੰਤਨ ਵਿਚ ਗੋਰੀ ਔਰਤ ਹੀ ਪ੍ਰਤਿਮਾਨਕ ਬਣਦੀ ਹੈ, ਨਸਲੀ ਪਛਾਣਾਂ ਦਾ ਸਾਰ ਹੀ ਨਹੀਂ, ਨਸਲੀ ਜ਼ਖ਼ਮਾਂ ਦੀ ਪੀੜ ਵੀ ਪਿੱਛੇ ਰਹਿ ਜਾਂਦੀ ਹੈ। ਨਾਰੀ ਚਿੰਤਨ ਜਿਉਂ ਹੀ ਆਪੋ ਆਪਣੇ ਇਤਿਹਾਸ ਅਤੇ ਸਥਾਨ ਵਿਸ਼ੇਸ਼ ਨਾਲ ਜੁੜਿਆ, ਨਸਲ, ਧਰਮ, ਜਮਾਤ, ਜਾਤ ਵਰਗੇ ਕਈ ਲਾਜ਼ਮੀ ਅਤੇ ਨਿਸਬਤੀ ਤੱਤ ਖੁਦ-ਬਖੁਦ ਸ਼ਾਮਲ ਹੋ ਗਏ।

ਨਾਰੀ ਨੂੰ ਇਕ ਅਖੰਡ ਪ੍ਰਵਰਗ ਵਜੋਂ ਵਿਚਾਰਨ ਨੂੰ ਪਹਿਲੀ ਚੁਣੌਤੀ ਕਾਲ਼ੇ ਨਾਰੀਵਾਦ ਨੇ ਦਿੱਤੀ। ਅਫਰੀਕਨ, ਬ੍ਰਾਜ਼ੀਲੀਅਨ, ਕੈਰੇਬੀਅਨ ਨਾਰੀ ਚਿੰਤਨ ਨੇ ਕਾਲੀ ਔਰਤ ਦੇ ਆਤਮ ਦੀ ਵੱਖਰੀ ਪਛਾਣ ਦਰਜ ਕਰਦਿਆਂ ਲਿਖਿਆ ਕਿ ਗ਼ੁਲਾਮ ਪ੍ਰਥਾ ਵਿਚ ਫਾਥੀ ਕਾਲ਼ੀ ਔਰਤ ਮਾਦਾ ਜੀਵ ਸੀ, ਗੋਰੀ ਔਰਤ ਵਾਂਗ ਸਭਿਆਚਾਰ ਵੱਲੋਂ ਘੜੀ ਔਰਤ ਨਹੀਂ, ਜਿਹੜੀ ਸੰਭਾਵੀ ਪਤਨੀ ਹੁੰਦੀ ਹੈ। ਇਸ ਕਰਕੇ ਇਨ੍ਹਾਂ ਦੇ ਦਮਨ ਅਤੇ ਘਾੜਤ ਨੂੰ ਪੱਛਮੀ ਨਾਰੀ ਦੇ ਦਮਨ ਦੀ ਮੈਟ੍ਰਿਕਸ ਵਿਚ ਪੜ੍ਹਨਾ ਨਾ ਵਾਜਬ ਹੈ ਨਾ ਸੰਭਵ।

ਰੰਗਦਾਰ ਨਾਰੀ ਚਿੰਤਕਾਂ ਨੇ ਬਸਤੀਵਾਦੀ, ਉਤਰ-ਬਸਤੀਵਾਦੀ, ਡਾਇਸਪੋਰਕ ਨਾਰੀ ਦੇ ਪੂਰਬੀ, ਨਸਲੀ ਆਤਮ ਨੂੰ ਲੱਭਣ ਅਤੇ ਪੱਛਮੀ ਮਾਪਦੰਡਾਂ/ਤੱਕਣੀਆਂ ਵੱਲੋਂ ਪਾਏ ਵਖਰੇਵੇਂ ਦੇ ਵਾਧੂ ਭਾਰ ਨੂੰ ਪਛਾਣਿਆ। ਭਾਰਤੀ ਨਾਰੀ ਦੇ ਸਾਰ ਅਤੇ ਭਾਰ ਦੇ ਹਵਾਲੇ ਨਾਲ ਗਾਇਤ੍ਰੀ ਚੱਕਰੋਵਰਤੀ ਸਪੀਵਾਕ ਨੇ ਵਿਚਾਰਿਆ ਕਿ ਬਸਤੀਵਾਦ ਨੇ ਬਸਤੀਆਂ ਦੀਆਂ ਨਾਰੀਆਂ ਦੀ ਜ਼ਿੰਦਗੀ ਨੂੰ ਹੋਰ ਬਦਤਰ ਬਣਾਇਆ। ਉਸ ਨੇ ਭਾਰਤੀ ਨਾਰੀ ਦੇ ਬੋਲਣ ਨਾਲੋਂ ਵੱਧ ਸੁਣੇ/ਪਛਾਣੇ/ ਸਮਝੇ ਜਾਣ ਦੀਆਂ ਦੁਸ਼ਵਾਰੀਆਂ ਨੂੰ ਸਾਹਮਣੇ ਲਿਆਂਦਾ।

ਵੀਹਵੀਂ ਸਦੀ ਦੇ ਨਾਰੀਵਾਦ ਕੋਲ ਦੁਨੀਆਂ ਭਰ ਦੀ ਨਾਰੀ ਬਾਰੇ ਇਕ ਵਿਆਪਕ ਸਮਝ, ਇਕ ਸਾਂਝੀ ਯੋਜਨਾ, ਇਕ ਹਾਂ ਪੱਖੀ ਸੋਚ, ਇਕ ਸਸ਼ਕਤ ਦਾਅਵਾ ਸੀ ਕਿ ਔਰਤਾਂ ਬਦਲਣਗੀਆਂ ਤੇ ਉਨ੍ਹਾਂ ਦੀ ਹਿੱਸੇਦਾਰੀ ਨਾਲ ਦੁਨੀਆਂ ਬਦਲੇਗੀ। ਪਰ ਇੱਕੀਵੀਂ ਸਦੀ ਦੇ ਸਭਿਆਚਾਰਕ ਦ੍ਰਿਸ਼ 'ਤੇ ਨਾਰੀ ਚੇਤਨਾ ਖੰਡ-ਖੰਡ ਹੋਈ ਵਿਖਾਈ ਦਿੰਦੀ ਹੈ। ਪਹਿਲੀ ਦੁਨੀਆ ਵਿਚ ਵਿਗਿਆਪਨ, ਫੈਸ਼ਨ, ਪੋਰਨੋਗ੍ਰਾਫੀ, ਸਾਈਬਰ ਸੈਕਸ ਤੇ ਹੋਰ ਸੈਕਸ ਇੰਡਸਟਰੀ ਨਾਰੀ ਦੀਆਂ ਕਾਮ-ਕਾਮਨਾਵਾਂ ਨੂੰ ਉਧਾਲੀ ਫਿਰਦੀ ਹੈ ਤਾਂ ਤੀਜੀ ਦੁਨੀਆਂ ਦੀ ਗ਼ਰੀਬੀ ਗੁਲਾਮੀ ਵਿਚ ਇਸੇ ਨੇ ਬਲਾਤਕਾਰਾਂ, ਭਰੂਣ ਹੱਤਿਆਵਾਂ ਅਤੇ ਘਰੇਲੂ ਹਿੰਸਾ ਵਰਗੀਆਂ ਅਲਾਮਤਾਂ ਵਿਚ ਜ਼ੋਰਦਾਰ ਵਾਧਾ ਕੀਤਾ ਹੈ। ਨਾਰੀ ਚਿੰਤਨ ਦਾ ਕਹਿਣਾ ਹੈ ਕਿ ਪੋਰਨੋਗ੍ਰਾਫੀ ਸਿਧਾਂਤ ਘੜਦੀ ਹੈ, ਬਲਾਤਕਾਰ ਪ੍ਰੈਕਟਿਸ ਬਣਦੇ ਹਨ। ਪਹਿਲੀ ਦੁਨੀਆਂ ਦੀ ਨਾਰੀ ਸੈਕਸ ਵਰਕਰ ਬਣਨਾ ਚੁਣਦੀ ਹੈ, ਤੀਜੀ ਦੁਨੀਆਂ ਦੀ ਨਾਰੀ

ਦੀ ਤਸਕਰੀ ਹੁੰਦੀ ਹੈ।

ਅੱਜੋਕਾ ਨਾਰੀ ਚਿੰਤਨ ਸਮੁੱਚੀ ਨਾਰੀ ਦੀ victim ਦੇ ਤੌਰ ‘ਤੇ ਇਕੋ-ਇਕ ਪਰਿਭਾਸ਼ਾ ਨੂੰ ਵੀ ਅਤੇ ਇਕੋ ਹੱਲੇ ਸਰਬਵਿਆਪੀ ਹੱਲ ਨੂੰ ਵੀ ਨਕਾਰਦਾ ਹੈ, ਪਰ ਇਕ ਸਮਾਜਕ ਲਹਿਰ ਵਜੋਂ ਨਾਰੀਵਾਦੀ ਲਹਿਰ ਦੇ ਮੰਤਵਾਂ ਅਤੇ ਨੀਤੀਆਂ ਵਿਚ ਕੋਈ ਢਿੱਲ ਨਹੀਂ ਆਉਂਦੀ। ਨਾਰੀਵਾਦ ਦੇ ਅੰਤਰਗਤ ਸਾਈਬਰ ਨਾਰੀਵਾਦ, ਈਕੋ ਨਾਰੀਵਾਦ, ਪਾਰਰਾਸ਼ਟਰੀ ਨਾਰੀਵਾਦ, ਇੰਟਰਸੈਕਸ਼ਨਲ ਨਾਰੀਵਾਦ ਵਰਗੀਆਂ ਪ੍ਰਵਿਰਤੀਆਂ ਇਸ ਗੱਲ ਦਾ ਪ੍ਰਮਾਣ ਹਨ ਕਿ ਨਾਰੀਵਾਦ ਨਾਰੀ ਦੇ ਇਕੱਲੇ ਇਕਹਿਰੇ ਇਤਿਹਾਸ ਦੀ ਗਾਥਾ ਨਾ ਰਹਿ ਕੇ ਬਹੁਵੰਨੇ ਸਮਾਜਾਂ ਸਭਿਆਚਾਰਾਂ ਦੇ ਜਟਿਲ ਸੰਦਰਭਾਂ ਵਿਚ ਵਿਚਰ ਰਹੀ ਨਾਰੀ ਦਾ ਵਿਵੇਕ ਬਣ ਰਿਹਾ ਹੈ। ਇੰਟਰਨੈੱਟ ਨੂੰ ਇਸ ਨੇ ਆਪਣੇ ਸਸ਼ਕਤੀਕਰਣ ਲਈ ਮਾਧਿਅਮ ਬਣਾ ਲਿਆ ਹੈ।2006 ਵਿਚ me too movement ਨੂੰ ਦੁਨੀਆਂ ਭਰ ਦੀਆਂ ਔਰਤਾਂ ਨੇ ਜਿਵੇਂ ਹੁੰਗਾਰਾ ਭਰਿਆ, ਨਾਰੀਵਾਦੀਆਂ ਨੇ ਨਾਰੀਵਾਦ ਦੀ ਚੌਥੀ ਲਹਿਰ ਐਲਾਨਣ ਵਿਚ ਦੇਰੀ ਨਾ ਕੀਤੀ। ਔਰਤਾਂ ਨਾਲ ਪਬਲਿਕ ਥਾਵਾਂ ‘ਤੇ ਹੋ ਰਹੀ ਛੇੜਛਾੜ, ਦੇਹੀ ਸ਼ਰਮਸਾਰੀ, ਜਿਨਸੀ ਹਿੰਸਾ ਦੇ ਵਧਦੇ ਮਾਮਲਿਆਂ ਵਿਰੁੱਧ ਇਕਜੁੱਟਤਾ ਵਿਖਾਉਣ ਵਾਸਤੇ ਚੀਨ ਵਿੱਚ Feminist Five, ਹਿੰਦੁਸਤਾਨ ਵਿਚ ਨਿਰਭੈ ਕਾਂਡ ਜਾਂ ਸਬਰੀਮਾਲਾ ਮੰਦਰ ਨਾਲ ਸੰਬੰਧਤ happy to bleed ਵਰਗੀਆਂ ਇੰਟਰਨੈੱਟ ‘ਤੇ ਚੱਲੀਆਂ ਮੁਹਿੰਮਾਂ ਨਾਰੀ ਮਸਲਿਆਂ ‘ਤੇ ਇਕਜੁੱਟਤਾ ਦੇ ਅਗਲੇ ਪ੍ਰਮਾਣ ਵੀ ਬਣੇ।

2020 ਵਿਚ ਨਾਰੀਵਾਦੀਆਂ ਨੇ ਨਾਰੀਵਾਦ ਦੀ ਪੰਜਵੀਂ ਲਹਿਰ ਨੂੰ ਇਹ ਪ੍ਰਮਾਣ ਦੇ ਕੇ ਨਿਖੇੜਿਆ ਹੈ ਕਿ ਸਮਾਜਕ ਰਾਜਨੀਤਕ ਮੁੱਦਿਆਂ ਦੀ ਜਦੋਂ ਨਾਰੀ ਪ੍ਰਤਿਨਿਧਤਾ ਕਰਦੀ ਹੈ ਤਾਂ ਕੀ ਫਰਕ ਹੁੰਦਾ ਹੈ। ਕੋਵਿਡ ਕਾਲ ਵਿਚ ਨਿਊਜ਼ੀਲੈਂਡ, ਜਰਮਨੀ, ਤਾਇਵਾਨ ਵਰਗੇ ਮੁਲਕ ਜਿਨ੍ਹਾਂ ਵਿਚ ਨਾਰੀਆਂ ਸੱਤਾ ਵਿਚ ਸਨ, ਦੀ ਬਿਹਤਰ ਕਾਰਗੁਜ਼ਾਰੀ, ਅਮਰੀਕਾ ਦੀਆਂ ਚੋਣਾਂ ਵਿਚ ਕਮਲਾ ਹੈਰਿਸ ਦੀ ਜਿੱਤ, ਹਿੰਦੁਸਤਾਨ ਦੇ ਕਿਸਾਨ ਅੰਦੋਲਨ ਵਿਚ ਨਾਰੀਆਂ ਦੀ ਵੱਡੀ ਤਾਦਾਦ ਵਿਚ ਸ਼ਮੂਲੀਅਤ ਇਸ ਨੁਮਾਇੰਦਗੀ ਦੇ ਫੌਰੀ ਪ੍ਰਮਾਣਾਂ ਵਜੋਂ ਪੇਸ਼ ਕੀਤੀ ਗਈ।

ਇਕ ਪਾਸੇ ਨਾਰੀਵਾਦੀ ਚਿੰਤਨ ਦੀ ਨਾਰੀ ਦੀਆਂ ਵਿਭਿੰਨ ਹਾਲਤਾਂ ਦੇ ਸਾਰ ਅਤੇ ਭਾਰ ਨੂੰ ਧਿਆਨ ਵਿਚ ਰੱਖ ਕੇ ਗੱਲ ਕਰਨ ਦੀ ਸਤਰਕਤਾ ਅਤੇ ਦੂਜੇ ਪਾਸੇ ਨਾਰੀਵਾਦੀ ਲਹਿਰ ਦੀ ਵੱਖਰੇਵਿਆਂ ਨੂੰ ਲਾਂਭੇ ਕਰ ਨਾਰੀ ਚੇਤਨਾ ਦੇ ਹਾਂਪੱਖੀ ਉਭਾਰ ਨੂੰ ਕਲੇਮ ਕਰਨ ਦੀ ਇਹ ਨੀਤੀ ਇਸ ਗੱਲ ਦਾ ਪ੍ਰਮਾਣ ਹੈ ਕਿ ਨਾਰੀਵਾਦ ਆਪਣੇ ਆਸ਼ਿਆਂ ਅਤੇ ਅੰਤਰ-ਸੰਵਾਦਾਂ ਸਮੇਤ ਅੱਜ ਵੀ ਪ੍ਰਸੰਗਕ ਹੈ। 000

***(ਸੇਵਾਮੁਕਤ ਪ੍ਰੋਫੈਸਰ, ਪੰਜਾਬੀ ਯੂਨੀਵਰਸਿਟੀ***
***245 ਚਰਨ ਬਾਗ਼, ਪਟਿਆਲਾ-147 001***
***ਫੋਨ: +91-94172-43245***
***Email: prof.dhanwant@gmail.com)***

## ਪੁਲ਼ ਤੇ ਪਾਣੀ (ਕਾਵਿ ਸੰਗ੍ਰਹਿ) ਸੁਰਿੰਦਰ ਗਿੱਲ

ਕਵਿਤਾ ਤੇ ਕਾਵਿਕ ਸੋਚ ਸੁਰਿੰਦਰ ਗਿੱਲ ਦੇ ਸਦਾ ਹੀ ਸਾਥ ਰਹੀ ਹੈ। ਉਸਦਾ ਪ੍ਰਥਮ ਗੀਤ 12 ਵਰ੍ਹੇ ਦੀ ਉਮਰੇ ਸਕੂਲ ਦੇ ਮੈਗਜ਼ੀਨ ਵਿਚ ਛਪਿਆ ਤੇ ਪ੍ਰਥਮ ਕਵਿਤਾ ਸੋਲ੍ਹਵੇਂ ਸਾਲ ਵਿਚ 'ਕਵਿਤਾ' ਨਾਂ ਦੇ ਮਾਸਕ ਰਸਾਲੇ ਵਿਚ। 1942 ਵਿਚ ਜਨਮਿਆ ਸੁਰਿੰਦਰ 21ਵੇਂ ਵਰ੍ਹੇ ਵਿਚ 'ਸ਼ਗਨ' ਨਾਂ ਦੇ ਕਾਵਿ ਸੰਗ੍ਰਹਿ ਦਾ ਲੇਖਕ ਬਣ ਚੁੱਕਿਆ ਸੀ। ਛੇਤੀ ਹੀ ਪਿੱਛੋਂ ਆਪਣੇ ਦੂਜੇ ਕਾਵਿ ਸੰਗ੍ਰਹਿ 'ਸਫਰ ਤੇ ਸੂਰਜ' (1967) ਦੇ ਛਪਣ ਨਾਲ ਤਾਂ ਉਹ ਜਿਵੇਂ ਪੰਜਾਬੀ ਕਾਵਿ ਜਗਤ ਉੱਤੇ ਛਾ ਗਿਆ ਸੀ। 'ਪੁਲ਼ ਤੇ ਪਾਣੀ' (ਸਪਤਰਿਸ਼ੀ ਪ੍ਰਕਾਸ਼ਨ ਚੰਡੀਗੜ੍ਹ, ਪੰਨੇ 116, ਮੁੱਲ 175 ਰੁਪਏ) ਉਸਦਾ ਦਸਵਾਂ ਕਾਵਿ ਸੰਗ੍ਰਹਿ ਹੈ। ਇਸ ਦੀਆਂ ਕਵਿਤਾਵਾਂ ਨੂੰ ਉਹ ਆਪਣੇ ਜੀਵਨ ਦੀਆਂ ਅਤਿ ਪਿਆਰੀਆਂ, ਅਤਿ ਗੰਭੀਰ ਤੇ ਅਤਿ ਮਹੱਤਵਸ਼ਾਲੀ ਘੜੀਆਂ ਕਹਿੰਦਾ ਹੈ। "ਇਨ੍ਹਾਂ ਵਿਚ ਪ੍ਰਗਟ ਹਾਂ ਮੈਂ ਸਾਰੇ ਦਾ ਸਾਰਾ" ਕਹਿ ਕੇ। ਏਥੇ ਪੁਲ ਵੀ ਹਨ, ਪੁਲ਼ਾਂ ਦੇ ਥੱਲਿਉਂ ਲੰਘਦੇ ਪਾਣੀ ਵੀ ਤੇ ਪਾਣੀਆਂ ਦੇ ਵਹਿਣ ਵੀ। ਆਪਣੇ ਜੀਵਨ ਦੀਆਂ ਅੱਸੀ ਬਹਾਰਾਂ ਤੇ ਅੱਸੀ ਪੱਤਝੜਾਂ ਦੀ ਇਸ ਕਮਾਈ ਨੂੰ ਉਹ ਨਿਮਰਤਾ ਸਹਿਤ ਲੂਣ ਦੀ ਡਲ਼ੀ ਕਹਿ ਕੇ ਮਿਸਰੀ ਵਾਂਗ ਪ੍ਰਵਾਨ ਕਰਨ ਦਾ ਵਾਸਤਾ ਪਾਉਂਦਾ ਹੈ।

ਇਨ੍ਹਾਂ ਕਵਿਤਾਵਾਂ ਵਿਚ ਬਚਪਨ ਵਿਚ ਤੁਰ ਗਈ ਮਾਂ ਦਾ ਵਿਗੋਚਾ ਵੀ ਹੈ, ਜਵਾਨੀ ਵਿਚ ਮਾਣੀ ਮੋਹ ਮੁਹੱਬਤਾਂ ਦੀ ਕਮਾਈ ਤੇ ਅਪੂਰਨ ਪਿਆਰ ਦਾ ਉਦਰੇਵਾਂ ਵੀ। ਜਿਵੇਂ:

*ਤੂੰ ਮਿਲ਼ੀ*
*ਸਰ੍ਹੋਂ ਨਹੀਂ ਚਿੰਤਨ ਦਾ ਤੇਲ ਸਮੋਇਆ*
*ਨਿੱਘ ਦੀ ਸੂਖਮ ਬੱਤੀ*
*ਮੋਹ ਦੀ ਕੁੱਪੀ ਪਾਈ*
*ਆਸਾਂ ਆਸ਼ਾਵਾਂ ਦੀ ਤੀਲ੍ਹੀ ਲਾਈ*
*ਮੈਂ ਜਗਿਆ, ਮੈਂ ਮਘਿਆ*
*ਚਾਨਣ ਚਾਨਣ ਹੋਇਆ*
*ਮੇਰੇ ਅੰਤਰ ਮਨ ਦਾ ਚਾਨਣ*
*ਤੇਰੇ ਮੋਹ ਦਾ ਹੀ ਮੰਤਰ ਹੈ*

*ਕਲੀਆਂ ਦੀ ਰੁੱਤ, ਮਿਹਰ ਦੀ ਛਹਿਬਰ*
*ਮੈਂ ਤੇ ਉਹ ਸੀ*
*ਚੰਦਨ ਗੇਲੀ ਵਿਛੀ ਪਈ ਸੀ*
*ਮੂਕ ਆਵਾਜ਼ਾਂ ਮਾਰ ਰਹੀ ਸੀ*
*ਪਰ ਮੈਂ ਭੋਲ਼ਾ ਪੰਛੀ, ਕੁਝ ਸਮਾਜਕ ਬੰਧਨਾਂ ਵਿਚ ਜਕੜਿਆ*
*ਮੋਹ ਮੂਰਤ ਦੇ ਉਹ ਸੰਕੇਤ ਸਮਝ ਨਾ ਸਕਿਆ*
*ਲਛਮਣ ਕਾਰ ਉਲੰਘ ਨਾ ਸਕਿਆ*

ਸੁਰਿੰਦਰ ਗਿੱਲ ਦਾ ਮਨ ਮਸਤਕ ਸਦਾ ਹੀ ਚਾਨਣ ਦਾ ਸ਼ੈਦਾਈ ਰਿਹਾ ਹੈ। ਪਹਿਲੀਆਂ ਵਿਚ

ਜਦੋਂ ਵੀ ਉਹ ਆਪਣਾ ਗੀਤ 'ਛੱਟਾ ਚਾਨਣਾਂ ਦਾ ਦਈ ਜਾਣਾ' ਗਾ ਕੇ ਸੁਣਾਉਂਦਾ ਸੀ ਤਾਂ ਧਰਤੀ ਤੇ ਆਕਾਸ਼ ਗੱਲਾਂ ਕਰਦੇ ਨਜ਼ਰ ਆਉਂਦੇ ਸਨ। ਮਾੜੀ ਗੱਲ ਇਹ ਹੋਈ ਕਿ 1968 ਵਿਚ ਛੋਟੀ ਉਮਰੇ ਉਹ ਟਿਊਬੀਕਲਰ ਮੈਨੇਜਾਈਟਸ (ਸਰਸਾਮ) ਨਾਮੀ ਦੀਰਘ ਰੋਗ ਦਾ ਸ਼ਿਕਾਰ ਹੋ ਗਿਆ ਜਿਹੜਾ ਉਸਨੂੰ coma (ਬੇਸੁਰਤੀ) ਵਿਚ ਲੈ ਗਿਆ। ਉਸਦੀ ਯਾਦ ਸ਼ਕਤੀ ਜਾਂਦੀ ਰਹੀ ਤੇ ਪੁਰਾਣੇ ਨਾਂ, ਥਾਂ, ਮਿੱਤਰ ਅਤੇ ਸਨੇਹੀ ਭੁੱਲ ਗਏ। ਅਸ਼ਕੇ ਜਾਈਏ ਪਾਸੋਨੈਕਸ ਨਾਂ ਦੀ ਦਵਾਈ ਦੇ ਜਿਸ ਨੇ ਉਸ ਦਾ ਜਿਸਮ ਤੇ ਜੁੱਸਾ ਮੋਟਾ ਤੇ ਬੋਝਲ ਤਾਂ ਕੀਤਾ ਪਰ ਮੁੜ ਉਸਨੂੰ ਪੈਰਾਂ ਉੱਤੇ ਖੜ੍ਹਾ ਕਰ ਦਿੱਤਾ। ਇਕ ਵਾਰ ਫੇਰ ਜ਼ਿੰਦਗੀ ਦਾ ਚਾਨਣ ਮਾਨਣ ਦੀ ਤਾਂਘ ਉਮਡਣਾ ਉਸ ਦਵਾਈ ਦੀ ਹੀ ਦਾਤ ਹੈ:

*ਹੁਣ ਤਾਂ ਮਿੱਤਰੋ! ਚਾਨਣ ਵੱਲ ਮੁੱਖ ਕਰੀਏ*
*ਸਵੈ ਪੜਚੋਲ ਤੇ ਚਿੰਤਨ ਕਰੀਏ*
*ਮੁੱਖ ਮੁੱਦੇ 'ਤੇ ਉਂਗਲ਼ ਧਰੀਏ*
*ਫੋਕੇ ਦਾਅਵੇ ਕਰਨੇ ਛੱਡੀਏ*
*ਘਟੀਆਪਨ ਦੇ ਅਤਿ ਭਿਆਨਕ ਅਹਿਸਾਸ ਤੋਂ*
*ਮੁਕਤ ਹੋਈਏ*
*ਸੂਝ ਸੁਹਜ ਸਿਰਜਣ ਰਾਹ ਤੁਰੀਏ*
*ਸੱਚ ਕੁਰੇਦੀਏ, ਸੱਚ ਹੀ ਭੁਰੀਏ*
*ਆਓ ਗੀਤ ਦੀ ਜੂਨ ਹੰਢਾਈਏ*
*ਗੀਤ ਗੀਤ ਹੋ ਜਾਈਏ*

ਸੁਰਿੰਦਰ ਗਿੱਲ ਦੇ ਸ਼ਬਦਾਂ ਵਿਚ 'ਜਵਾਨੀ ਵੇਲ਼ੇ ਕਵਿਤਾ ਇਕ ਸ਼ੌਕ ਸੀ। ਪਰ ਹੁਣ ਕਵਿਤਾ ਜੀਵਨ ਢੰਗ ਹੈ, ਕਰਤੱਵ ਹੈ।' ਤੇ ਇਸ ਪ੍ਰਕਿਰਿਆ ਨੂੰ ਨਿਰੰਤਰ ਤਰੋ-ਤਾਜ਼ਾ ਰੱਖਣ ਵਿਚ ਉਸ ਦੀ ਹਮਸਫਰ ਦਾ ਭਰਵਾਂ ਯੋਗਦਾਨ ਹੈ। ਇਹ ਪ੍ਰਕਿਰਿਆ ਨਿੱਜ ਤਕ ਹੀ ਸੀਮਤ ਨਹੀਂ। ਹਾਂ-ਪੱਖੀ ਬੁੱਧੀਜੀਵੀਆਂ ਤੇ ਵਿਦਵਾਨਾਂ ਨੂੰ ਸੱਦਾ ਦੇਣੋਂ ਵੀ ਪਿਛੇ ਨਹੀਂ ਰਹਿੰਦੀ:

*ਉੱਠੋ ਜਾਗੋ, ਨੀਂਦ ਤਿਆਗੋ*
*ਦਿੱਲੀ ਦੀਆਂ ਹੱਦਾਂ 'ਤੇ ਬੈਠੇ*
*ਘੋਲ਼ ਕਰ ਰਹੇ, ਹੱਕ ਮੰਗਦੇ*
*ਦੇਸ਼ ਭਰ ਦੇ ਕਿਰਤੀ ਕਿਸਾਨਾਂ ਦਾ ਸਾਥ ਦਿਓ*

ਸਮੇਂ ਦੇ ਵੇਗ ਨੇ ਸਾਡੇ ਕਵੀ ਦੀ ਜਾਗ੍ਰਤੀ ਵਿਚ ਵਾਧਾ ਕੀਤਾ ਹੈ। ਇਹ ਗੱਲ ਵੱਖਰੀ ਹੈ ਕਿ ਜਾਗ੍ਰਤੀ ਕਾਵਿ ਕਲਾ 'ਤੇ ਭਾਰੂ ਹੋ ਗਈ ਹੈ। ਜਿਵੇਂ ਕਿਸੇ ਭੁੱਲੀ ਵਿਸਰੀ ਸਹਿ ਪਾਠਣ ਦੇ ਆਉਣ 'ਤੇ ਉਸਦਾ ਤਨ ਮਨ ਰੁਸ਼ਨਾਉਂਦਾ ਹੈ ਤੇ ਉਸਦੇ ਘਰ ਦੀ ਸਰਦਲ ਉੱਤੇ ਚੰਨ ਤੇ ਸੂਰਜ ਦੀਵੇ ਬਾਲ਼ਦੇ ਹਨ। ਪਰ ਛੇਤੀ ਹੀ ਉਸਦੇ ਪਰਤ ਜਾਣ ਦਾ ਅਹਿਸਾਸ ਉਸਨੂੰ ਅਜਿਹੀ ਨਿਰਾਸ਼ਾ ਵਿਚ ਲੈ ਜਾਂਦਾ ਹੈ ਕਿ ਉਸ ਦਾ ਕਵੀ ਮਨ ਡਿੱਕੋ ਡੋਲੇ ਖਾਣ ਲਗਦਾ ਹੈ:

*ਕਾਸ਼ ਕੋਈ ਕੌਤਕ ਹੋ ਜਾਵੇ*
*ਉਹ ਜਿਉਂ ਹੀ ਪ੍ਰਵੇਸ਼ ਕਰੇ, ਬੈਠੀ ਮੁਸਕਾਵੇ*
*ਨਗਰ ਵਿਚ ਕਰਫਿਊ ਲੱਗ ਜਾਵੇ*

ਇਸ ਵਿਚ ਕਵਿਤਾ ਤਾਂ ਹੈ ਪਰ ਕਾਵਿ ਉੱਤਮਤਾ ਨਹੀਂ। ਖਾਸ ਕਰਕੇ ਉਨ੍ਹਾਂ ਲਈ ਜਿਨ੍ਹਾਂ ਨੇ ਅਜਿਹੇ ਵਿਅਕਤੀ ਦੇ ਵਿਹੜੇ ਆਉਣ ਉੱਤੇ ਹੇਠ ਲਿਖੇ ਬੋਲ ਸੁਣੇ ਤੇ ਮਾਣੇ ਹੋਣ:

*ਬੰਨ੍ਹੋ ਨੀ ਕੋਈ ਪਹਾੜ ਸਮੇਂ ਦੇ ਪੈਰੀਂ*
*ਰੋਕੋ ਨੀ ਕੋਈ ਰਾਤ ਦਿਵਸ ਦੇ ਗੇੜੇ*

ਏਸ ਪੁਸਤਕ ਨੂੰ ਪਰੋਸਣ ਵੇਲੇ ਕਵੀ ਨੇ 'ਮਿੱਤਰਾਂ ਦੀ ਲੂਣ ਡੀ ਡਲ਼ੀ ਮਿਸ਼ਰੀ ਬਰੋਬਰ ਜਾਣੀ' ਦੀ ਲੋਕ ਬੋਲੀ ਦਾ ਪਰੋਖ ਰੂਪ ਵਿਚ ਸਹਾਰਾ ਤਾਂ ਲਿਆ ਹੈ। ਪਰ ਉਹ ਭੁੱਲ ਜਾਂਦਾ ਹੈ ਕਿ ਇਸ ਵਿਚ ਲੂਣ ਪਹਿਲਾਂ ਹੀ ਘੁਲ਼ ਚੁੱਕਿਆ ਹੈ।

ਕੁਝ ਵੀ ਹੋਵੇ ਅਸੀਂ ਖੁਸ਼ ਹਾਂ ਕਿ ਸਾਡਾ ਕਵੀ ਮਿੱਤਰ ਏਨੇ ਦੀਰਘ ਰੋਗ ਵਿਚੋਂ ਲੰਘਣ ਦੇ ਬਾਵਜੂਦ ਮੁੜ ਪੈਰਾਂ ਉੱਤੇ ਖੜ੍ਹਾ ਹੋਣ ਤੋਂ ਪਿੱਛੋਂ ਆਪਣੀਆਂ ਪਹਿਲੀਆਂ ਦੋ ਤੇ ਹੱਥਲੀ ਰਚਨਾ ਤੋਂ ਬਿਨਾਂ 'ਗੁੰਗਾ ਦਰਦ' (1987), 'ਆਵਾਜ਼' (1998), 'ਹੁਣ ਧੀਆਂ ਦੀ ਵਾਰੀ' (2005), 'ਦੋਸਤੀ ਦੀ ਰੁੱਤ' (2007), 'ਰਸੀਆਂ ਨਮੋਲ਼ੀਆਂ' (2013), 'ਗੀਤ ਦਾ ਬੇਦਾਵਾ' (2015), ਤੇ 'ਉਸ ਨੇ ਕਿਹਾ' (2019) ਪੰਜਾਬੀ ਕਾਵਿ ਜਗਤ ਦੀ ਝੋਲੀ ਪਾ ਚੁੱਕਿਆ ਹੈ। ਖੂਬੀ ਇਹ ਕਿ ਕਵਿਤਾ ਦੇ ਇਸ ਦਰਿਆ ਨੂੰ ਉਹ ਆਪਣੇ ਜੀਵਨ ਦੀਆਂ ਆਉਣ ਵਾਲੀਆਂ ਬਹਾਰਾਂ ਤੇ ਪੱਤਝੜਾਂ ਵਿਚ ਇਸੇ ਤਰ੍ਹਾਂ ਵਗਦਾ ਦੇਖਣ ਦਾ ਇੱਛਕ ਹੈ। ਏਥੋਂ ਤਕ ਕਿ ਉਹ ਦਰਿਆ ਦੇ ਤਰੋ-ਤਾਜ਼ਾ ਪਾਣੀ ਨੂੰ ਪੁਰਾਣੇ ਪੁਲ਼ ਦੇ ਥੱਲਿਉਂ ਦੀ ਲੰਘਦਾ ਦੇਖ ਕੇ ਪੁਲ਼ ਨੂੰ ਬੁੱਢਾ ਖੋਸੜ ਗਰਦਾਨਦਾ ਹੈ। ਆਮੀਨ !

**-ਗੁਲਜ਼ਾਰ ਸਿੰਘ ਸੰਧੂ**

## ਖ਼ੁਸ਼ਬੂ ਜਾਤ ਨਾ ਜਾਣਦੀ (ਕਹਾਣੀ ਸੰਗ੍ਰਹਿ) ਜੋਗੇ ਭੰਗਲ

ਜੋਗੇ ਭੰਗਲ ਵਰਤਮਾਨ ਪੰਜਾਬੀ ਕਹਾਣੀ ਦਾ ਅਹਿਮ ਕਥਾਕਾਰ ਹੈ। ਉਹ ਪਿਛਲੇ 15 ਸਾਲਾਂ ਤੋਂ ਕਹਾਣੀ ਖੇਤਰ ਵਿਚ ਸਰਗਰਮ ਹੈ। 'ਖੁਸ਼ਬੂ ਜਾਤ ਨਾ ਜਾਣਦੀ' (ਪੰਨੇ 104, ਮੁੱਲ 150 ਰੁਪਏ, ਤਰਕ ਭਾਰਤੀ ਪ੍ਰਕਾਸ਼ਨ, ਬਰਨਾਲਾ) ਉਸ ਦਾ ਨਵਾਂ ਕਹਾਣੀ ਸੰਗ੍ਰਹਿ ਹੈ। ਇਸ ਤੋਂ ਪਹਿਲਾਂ ਉਹ 'ਕਾਹੀ ਵੱਢ' ਅਤੇ 'ਬੰਦਾ ਸਮੁੰਦਰ ਨਹੀਂ ਹੁੰਦਾ' ਪੁਸਤਕਾਂ ਦੁਆਰਾ ਪੰਜਾਬੀ ਕਥਾ ਜਗਤ ਵਿਚ ਆਪਣੀ ਹਾਜ਼ਰੀ ਲਗਾ ਚੁੱਕਾ ਹੈ। ਕਵਿਤਾ ਅਤੇ ਕਾਵਿ ਨਾਟਕ ਦੇ ਖੇਤਰ ਵਿਚ ਵੀ ਜੋਗੇ ਭੰਗਲ ਦੀਆਂ ਛੇ ਪੁਸਤਕਾਂ ਦਰਜ ਹਨ। ਭੰਗਲ ਦੀਆਂ ਲਿਖਤਾਂ ਵਿਚ ਸਮਾਜਕ ਆਰਥਿਕ ਵਿਤਕਰੇ, ਸੰਸਥਾਵੀ ਭ੍ਰਿਸ਼ਟਾਚਾਰ, ਜਾਤੀ ਜਮਾਤੀ ਭੇਦਭਾਵ, ਫਿਰਕਾਪ੍ਰਸਤੀ ਅਤੇ ਰਾਜਨੀਤਕ ਬੁਰਛਾਗਰਦੀ ਪ੍ਰਤੀ ਸੰਵੇਦਨਸ਼ੀਲ ਫਿਕਰ ਪੇਸ਼ ਹੁੰਦੇ ਹਨ। ਉਸਦੀ ਕਥਾ ਸੰਵੇਦਨਾ ਲੋਕ ਪੱਖੀ ਸਰੋਕਾਰਾਂ ਨਾਲ ਜੁੜੀ ਹੈ ਜਿਸਦਾ ਪ੍ਰਗਟਾਵਾ ਉਸਦੀਆਂ ਕਹਾਣੀਆਂ ਦੀ ਬਿਰਤਾਂਤਕ ਸਤ੍ਹਾ 'ਤੇ ਤਰਦਾ ਹੈ। ਉਹ ਸੰਸਕ੍ਰਿਤੀ ਦੇ ਉਸਾਰੂ ਮੁੱਲ ਪ੍ਰਬੰਧਾਂ ਪ੍ਰਤੀ ਹੇਰਵੇ ਵਾਲਾ ਲੇਖਕ ਹੈ ਜਿਸ ਕੋਲ ਸਮਾਜੀ ਵਰਤਾਰਿਆਂ ਦੀ ਤਹਿ ਹੇਠਾਂ ਦੇਖਣ ਵਾਲੀ ਸਿਰਜਣਾਤਮਕ ਸੋਝੀ ਵੀ ਹੈ।

ਜੋਗੇ ਭੰਗਲ ਦੀ ਕਹਾਣੀ ਵਿਚ ਪੰਜਾਬ ਦੇ ਪੇਂਡੂ ਅਤੇ ਸ਼ਹਿਰੀ ਜੀਵਨ ਦੇ ਮੱਧਵਰਗੀ ਸੰਸਾਰ ਦੀ ਲੁਕਵੀਂ ਵਾਸਤਵਿਕਤਾ ਪੇਸ਼ ਹੈ। ਪਿਛਲੇ ਕੁਝ ਸਾਲਾਂ ਤੋਂ ਪੰਜਾਬੀ ਸਮਾਜ ਜਿਸ ਤਰ੍ਹਾਂ ਦੀਆਂ ਚੁਣੌਤੀਆਂ ਦੇ ਰੂਬਰੂ ਹੈ ਜੋਗੇ ਭੰਗਲ ਨੇ ਆਪਣੀ ਕਥਾ ਬੋਧ ਵਿਚ ਇਹਨਾਂ ਚੁਣੌਤੀਆਂ ਪ੍ਰਤੀ ਤੱਤ ਫੱਟ ਪ੍ਰਤੀਕਰਮ ਵੀ ਦਿੱਤੇ ਹਨ ਅਤੇ ਚਿੰਤਨੀ ਕਥਾ ਬਿੰਬ ਵੀ ਸਿਰਜੇ ਹਨ। ਉਸਦੀ ਕਹਾਣੀ ਕਲਾ ਦਾ ਅਹਿਮ ਪਹਿਲੂ ਕਹਾਣੀਆਂ ਦੀ ਚੁਸਤ ਗੋਲਾਈਦਾਰ ਬਣਤਰ, ਨਾਟਕੀ ਦ੍ਰਿਸ਼ਕਾਰੀ ਅਤੇ ਪਾਤਰਾਂ ਦੇ ਉਸਰਦੇ ਢਹਿੰਦੇ ਮਾਨਸਿਕ ਘੋਲ਼ਾਂ ਨੂੰ ਪੇਸ਼ ਕਰਨ ਨਾਲ ਜੁੜਿਆ ਹੈ। ਉਸ ਦੀ ਕਹਾਣੀ ਵਿਚ ਆਰਥਿਕ ਅਤੇ ਸਮਾਜਕ ਝਮੇਲਿਆਂ ਵਿਚ ਫਸੇ ਮੱਧਵਰਗੀ ਅਤੇ ਨਿਮਨ ਵਰਗੀ ਜੀਵਨ ਦੀਆਂ ਬੇਤਰਤੀਬੀਆਂ ਪੇਸ਼ ਹਨ। ਇਨ੍ਹਾਂ ਬੇਤਰਤੀਬੀਆਂ ਨੂੰ ਤਰਤੀਬਬੱਧ ਕਰਦੇ ਲੇਖਕ ਦੇ ਕਥਾ ਪਾਤਰ ਪ੍ਰਤਿਕੂਲ ਸਥਿਤੀਆਂ ਨਾਲ ਜੂਝਦੇ ਹੋਏ ਵੀ ਜੀਣ ਥੀਣ ਦਾ ਕੋਈ ਨਾ ਕੋਈ ਆਹਰ ਜੁਟਾ ਲੈਂਦੇ ਹਨ।

ਜੋਗੇ ਭੰਗਲ ਦੀ ਕਹਾਣੀ ਦਾ ਅਹਿਮ ਥੀਮ ਭਾਰਤ ਦੀ ਨਿਆਇਕ ਵਿਵਸਥਾ, ਸੰਸਥਾਵੀ ਭ੍ਰਿਸ਼ਟਾਚਾਰ ਅਤੇ ਪ੍ਰਸ਼ਾਸਨਕ ਪ੍ਰਬੰਧ ਦੇ ਨਿਘਾਰ ਸਮੇਤ ਸੱਤਾ ਸਿਆਸਤ ਦੀਆਂ ਜੁਮਲੇਬਾਜ਼ੀਆਂ ਨੂੰ ਵੀ ਸੰਬੋਧਤ ਹੈ। ਇਸ ਸੰਗ੍ਰਹਿ ਦੀਆਂ ਕਹਾਣੀਆਂ ਵੀ ਨਿਆਇਕ ਵਿਵਸਥਾ ਦੀ ਕਾਣ,

ਦਫ਼ਤਰਾਂ ਦੇ ਬਾਬੂਸ਼ਾਹੀ ਕਲਚਰ ਅਤੇ ਰਾਜਸੀ ਅਵਸਰਵਾਦ ਦੇ ਘਿਣਾਉਣੇ ਪ੍ਰਬੰਧ ਅੰਦਰ ਆਮ ਆਦਮੀ ਦੇ ਪਛਾਣ ਸੰਕਟਾਂ ਨੂੰ ਸੰਬੋਧਤ ਹਨ। ਇਸ ਤੋਂ ਇਲਾਵਾ ਉਹ ਬਾਜ਼ਾਰ ਕੇਂਦਰਤ ਉਪਭੋਗੀ ਸਭਿਆਚਾਰ ਦੇ ਅਸਰ ਹੇਠਾਂ ਵਰਤਮਾਨ ਮਨੁੱਖ ਦੀ ਪਦਾਰਥਕ ਆਪਾ ਧਾਪੀ, ਅਨੈਤਿਕ ਵਿਹਾਰ ਅਤੇ ਸਵੈ ਕੇਂਦਰਤ ਸੋਚ ਨੂੰ ਕਲਾਤਮਕਤਾ ਨਾਲ ਪੇਸ਼ ਕਰਦਾ ਹੈ। ਕਹਾਣੀਆਂ ਵਿਚ ਕਰੋਨਾ ਕਾਲ ਤੋਂ ਪਹਿਲਾਂ ਅਤੇ ਬਾਅਦ ਦੇ ਸਮਾਜ ਦਾ ਤੁਲਨਾਤਮਕ ਪਰਿਪੇਖ ਵੀ ਉਜਾਗਰ ਹੁੰਦਾ ਹੈ। ਉਹ ਭਾਰਤ ਦੀ ਸੱਤਾ ਸਿਆਸਤ 'ਤੇ ਹਾਵੀ ਦੱਖਣ ਪੰਥੀ ਧਿਰਾਂ ਦੀ ਧੌਂਸਵਾਦੀ ਸਿਆਸਤ ਤੋਂ ਉਪਜੇ ਸੰਕਟਾਂ ਦਾ ਵੀ ਪੇਸ਼ਕਾਰ ਹੈ। ਇਸ ਸੰਗ੍ਰਹਿ ਦੀ ਕਹਾਣੀ 'ਸ਼ਹਿਰ ਜਲ ਰਿਹਾ ਹੈ' ਦਾ ਬਿਰਤਾਂਤ ਦੇਸ਼ ਅੰਦਰ ਨੋਟਬੰਦੀ ਤੋਂ ਬਾਅਦ ਪੈਦਾ ਹੋਈ ਆਰਥਿਕ ਐਮਰਜੈਂਸੀ ਨਾਲ ਜੂਝਦੇ ਮਿਹਨਤਕਸ਼ ਵਰਗਾਂ ਦੇ ਮਾਨਸਿਕ ਵਿਸ਼ਾਦ ਨਾਲ ਸੰਬੰਧਤ ਹੈ। ਕਹਾਣੀ ਦੀ ਕੇਂਦਰੀ ਧੁਨੀ 'ਰੋਮ ਜਲ ਰਿਹਾ ਸੀ ਤੇ ਨੀਰੋ ਬੰਸਰੀ ਵਜਾ ਰਿਹਾ ਸੀ' ਦੇ ਕਟਾਕਸ਼ੀ ਬੋਲਾਂ ਨਾਲ ਜੁੜ ਕੇ ਭਾਰਤ ਦੀ ਸਮਕਾਲੀ ਸਮਾਜਕ ਰਾਜਸੀ ਸਥਿਤੀ ਉੱਤੇ ਵੱਡਾ ਵਿਅੰਗ ਸਿਰਜਦੀ ਹੈ। ਕਹਾਣੀ 'ਮੈਂ ਢਿੱਡ ਬੋਲ ਰਿਹਾ' ਵਿਚ ਕਰੋਨਾ ਕਾਲ ਤੋਂ ਪਹਿਲਾਂ ਅਤੇ ਬਾਅਦ ਦੀ ਜੀਵਨ ਜਾਚ ਦਾ ਤੁਲਨਾਤਮਕ ਰੂਪ ਪੇਸ਼ ਹੋਇਆ ਹੈ। ਕਰੋਨਾ ਕਾਲ ਦੌਰਾਨ ਚੁਫੇਰੇ ਪਸਰੇ ਮਾਤਮ ਵਰਗੇ ਸੰਕਟਾਂ ਨਾਲ ਤੇਜ਼ ਤਰਾਰ ਜ਼ਿੰਦਗੀ ਦੀ ਰੁਕੀ ਗੱਡੀ ਦੇ ਪ੍ਰਭਾਵ ਅੰਕਤ ਕੀਤੇ ਗਏ ਹਨ। ਇਹ ਕਹਾਣੀ ਪਦਾਰਥਕ ਨੱਠ ਭੱਜ ਵਾਲੀ ਜ਼ਿੰਦਗੀ ਨਾਲ ਪੈਦਾ ਹੋਏ ਸਮਾਜਕ ਤੇ ਕੁਦਰਤੀ ਵਿਗਾੜਾਂ ਉਤੇ ਪ੍ਰਸ਼ਨ ਚਿੰਨ੍ਹ ਖੜ੍ਹੇ ਕਰਦੀ ਹੈ। ਇਸੇ ਤਰ੍ਹਾਂ ਭਾਰਤ ਦੀ ਨਿਆਇਕ ਵਿਵਸਥਾ ਅਤੇ ਪੁਲੀਸ ਪ੍ਰਬੰਧ ਦਾ ਭ੍ਰਿਸ਼ਟ ਰੂਪ ਕਹਾਣੀ 'ਨਾ ਜ਼ਮੀਨ ਤੇ ਨਾ ਹਵਾ ਵਿਚ' ਦੇਖਣ ਨੂੰ ਮਿਲਦਾ ਹੈ। ਚੁਸਤ ਆਕਾਰ ਦੀ ਇਸ ਕਹਾਣੀ ਵਿਚ ਨਿਆਇਕ ਪ੍ਰਬੰਧ ਅੱਗੇ ਇਨਸਾਫ ਦੀ ਉਡੀਕ ਲਈ ਬੈਠੇ ਸਾਧਾਰਨ ਲੋਕ ਆਪਣੀ ਹੋਂਦ ਨਾ ਜ਼ਮੀਨ ਤੇ ਅਤੇ ਨਾ ਹਵਾ ਵਿਚ ਮਹਿਸੂਸ ਕਰਦੇ ਦੁੱਖ ਭੋਗਦੇ ਹਨ। ਕੁਝ ਕਹਾਣੀਆਂ ਵਿਚ ਨਾਰੀ ਪਾਤਰ ਦੇ ਆਪਣੇ ਆਜ਼ਾਦ ਫੈਸਲੇ ਅਤੇ ਜ਼ਿੰਦਗੀ ਜਿਉਣ ਦੀ ਵੱਖਰੀ ਤੋਰ ਮਰਦਾਵੀਂ ਮਨੋ ਬਣਤਰਾਂ ਨੂੰ ਭੁਆਟਣੀ ਦੇ ਦਿੰਦੀ ਹੈ। ਕਹਾਣੀ 'ਉਹ ਆਟੇ ਦੀ ਚਿੜੀ ਨਹੀਂ ਸੀ' ਦੀ ਮੁੱਖ ਪਾਤਰ ਵਿਆਹ ਸੰਸਥਾ ਅਤੇ ਮਰਦ ਕੇਂਦਰ ਰਿਸ਼ਤਾ ਪ੍ਰਬੰਧ ਤੋਂ ਆਕੀ ਹੋ ਕੇ ਆਪਣਾ ਸੁਤੰਤਰ ਜੀਵਨ-ਰਸਤਾ ਅਖਤਿਆਰ ਕਰ ਲੈਂਦੀ ਹੈ। 'ਸੀਤਾ ਪਰਤ ਆਈ' ਕਹਾਣੀ ਵਿਚ ਵੀ ਅਜਿਹਾ ਬਿਰਤਾਂਤ ਮਰਦ ਪ੍ਰਧਾਨ ਵਿਵਸਥਾ ਪ੍ਰਤੀ ਨਾਰੀ ਦੇ ਨਾਬਰ ਰੂਪ ਨੂੰ ਪੇਸ਼ ਕਰਦਾ ਹੈ। ਇਸੇ ਤਰ੍ਹਾਂ 'ਮਜਨੂ ਅਜੇ ਵੀ ਜਿੰਦਾ' ਕਹਾਣੀ ਵਿਚ ਵਿਆਹੁਤਾ ਔਰਤ ਰਾਣੀ ਦਾ ਪਾਲੇ ਨਾਲ ਘਰੋਂ ਦੌੜ ਕੇ ਕੀਤਾ ਵਿਆਹ ਉਸ ਦੀ ਦੱਬੀ ਘੁੱਟੀ ਹੋਂਦ ਨੂੰ ਵਿਦਰੋਹੀ ਰੂਪ ਵਿਚ ਪੇਸ਼ ਕਰਦਾ ਹੈ। ਇਨ੍ਹਾਂ ਕਹਾਣੀਆਂ ਦਾ ਯਥਾਰਥ ਬੇਸ਼ੱਕ ਕਈ ਵਾਰ ਲੇਖਕ ਦੇ ਮਨ ਇੱਛਤ ਪ੍ਰਸੰਗਾਂ ਅਤੇ ਗ਼ੈਰ ਵਿਸ਼ਵਾਸ ਯੋਗ ਕਥਾ ਵੇਰਵਿਆਂ ਦੁਆਲੇ ਕੇਂਦਰਤ ਹੋ ਜਾਂਦਾ ਹੈ ਪਰ ਕਹਾਣੀਆਂ ਦੀ ਉਦੇਸ਼ ਭਾਵਨਾ ਵਿਚ ਲੇਖਕ ਹਰ ਕਿਸਮ ਦੇ ਦਮਨ ਦੇ ਖਿਲਾਫ ਇਕ ਨਿਆਰੀ ਕਥਾ ਦ੍ਰਿਸ਼ਟੀ ਨੂੰ ਉਸਾਰਨ ਦਾ ਤਰੱਦਦ ਕਰਦਾ ਹੈ। ਪੁਸਤਕ ਦੇ ਸਿਰਲੇਖ ਵਾਲੀ ਕਹਾਣੀ 'ਖੁਸ਼ਬੂ ਜਾਤ ਨਾ ਜਾਣਦੀ' ਇਸ ਕਥਾ ਦ੍ਰਿਸ਼ਟੀ ਉੱਤੇ ਟਿਕੀ ਹੈ ਕਿ ਕੰਮ ਅਤੇ ਹੁਨਰ ਦੀ ਕੋਈ ਜਾਤ ਜਾਂ ਜਮਾਤ ਨਹੀਂ ਹੁੰਦੀ। ਇਸ ਦ੍ਰਿਸ਼ਟੀ ਦੁਆਰਾ ਲੇਖਕ ਭਾਰਤ ਦੀ ਸਨਾਤਨੀ ਮਨੂਵਾਦੀ ਸੋਚ ਅਧੀਨ ਸਮਾਜ ਵਿਚ ਜਾਤ ਵੰਡ ਦੇ ਮਸਲੇ ਨੂੰ ਵੀ ਨਵੇਂ ਸਿਰੇ ਤੋਂ ਦੇਖਦਾ ਹੈ। ਨਾਲ ਹੀ ਦ੍ਰਿੜ ਸੰਕਲਪ ਸ਼ਕਤੀ ਨਾਲ ਹਰ ਖੇਤਰ ਵਿਚ ਮਨੁੱਖ ਦੇ ਫਤਹਿ ਹੋਣ ਦਾ ਤਰਕ ਉਸਾਰਦਾ ਹੈ। ਕਹਾਣੀ ਦਾ ਸ਼ੀਰਾ ਪਾਤਰ ਗੁੜ ਬਣਾਉਣ ਦੀ ਕਲਾ ਅਤੇ ਆਪਣੇ ਹੁਨਰ, ਮਿਹਨਤ ਅਤੇ ਸਬਰ ਸੰਤੋਖ ਭਰੀ ਜੀਵਨ ਸ਼ੈਲੀ ਨਾਲ ਸਮਾਜ ਦੇ ਅਖੌਤੀ ਉੱਚ ਵਰਗੀ ਲੋਕਾਂ ਦੇ ਧੌਂਸਵਾਦੀ ਤੇ ਹੈਂਕੜ ਭਰੇ ਵਿਵਹਾਰ ਨੂੰ ਪੰਕਚਰ ਕਰ ਦਿੰਦਾ ਹੈ।

'ਸੈਂਚਰੀ ਜਿੱਤਣ ਤੋਂ ਬਾਅਦ' ਕਹਾਣੀ ਵਿਚ ਬੇਰੁਜ਼ਗਾਰ ਜੀਵਨ ਹਰਜਾਪ ਸਿੰਘ ਨੂੰ ਵਿਸ਼ੇਸ਼ ਧਰਮ ਦੀਆਂ ਰੀਤਾਂ ਅਨੁਸਾਰ ਜੀਵਨ ਸ਼ੈਲੀ ਅਪਣਾ ਕੇ ਪੱਕੀ ਨੌਕਰੀ ਹਾਸਲ ਕਰਨਾ ਇਖਲਾਕੀ ਤੌਰ 'ਤੇ ਨੀਵਾਂ ਕਾਰਜ ਜਾਪਦਾ ਹੈ। ਇਸ ਕਹਾਣੀ ਦੁਆਰਾ ਲੇਖਕ ਧਰਮ ਦੇ ਸੰਸਥਾਗਤ ਰੂਪ ਵਿਚ

ਆਈ ਉਸ ਕੱਟੜਤਾ ਵੱਲ ਇਸ਼ਾਰਾ ਕਰਦਾ ਹੈ ਜਿਸ ਪ੍ਰਤੀ ਆਮ ਮਨੁੱਖ ਅਵੇਸਲਾ ਰਹਿੰਦਾ ਹੈ। ਜੋਗੇ ਭੰਗਲ ਦੀਆਂ ਸਾਰੀਆਂ ਕਹਾਣੀਆਂ ਸਮਾਜਕ ਵਾਸਤਵਿਕਤਾ ਦੀ ਕਰੂਰਤਾ ਨੂੰ ਪ੍ਰਗਟ ਕਰਦੀਆਂ ਹਨ। ਵਰਗੀ ਸਮਾਜ ਅੰਦਰ ਜਿਸ ਤਰ੍ਹਾਂ ਇਕ ਸੰਵੇਦਨਸ਼ੀਲ ਮਨੁੱਖ ਕਤਰਾ ਕਤਰਾ ਕਰ ਕੇ ਸ਼ੰਕਾ ਗ੍ਰਸਤ ਹੋਂਦ ਨਾਲ ਜੂਝਦਾ ਹੈ, ਲੇਖਕ ਦੀਆਂ ਕਹਾਣੀਆਂ ਨਾ ਸਿਰਫ ਅਜਿਹੇ ਮਨੁੱਖ ਦੇ ਦਰਦੀਲੇ ਉਚਾਰ ਬਣਦੀਆਂ ਹਨ ਬਲਕਿ ਇਸ ਪ੍ਰਬੰਧ ਨੂੰ ਬਦਲਣ ਦਾ ਸੁਪਨਾ ਵੀ ਵਿਉਂਤਦੀਆਂ ਹਨ। ਉਸ ਦੀ ਕਹਾਣੀ ਨੂੰ ਪੜ੍ਹਦਿਆਂ ਪੰਜਾਬੀ ਦੀ ਆਦਰਸ਼ਵਾਦੀ ਸੁਧਾਰਵਾਦੀ ਕਹਾਣੀ ਦੀ ਯਾਦ ਤਾਜ਼ਾ ਹੋ ਜਾਂਦੀ ਹੈ ਜਿੱਥੇ ਜਾਣੇ ਪਛਾਣੇ ਅਤੇ ਚਰਚਿਤ ਪ੍ਰਤਿਮਾਨ ਕਹਾਣੀ ਦੇ ਬਿਰਤਾਂਤਕ ਧਰਾਤਲ ‘ਤੇ ਉਭਰਦੇ ਹਨ।

ਵਿਚਾਰਅਧੀਨ ਪੁਸਤਕ ਵਿਚਲੀਆਂ ਕਹਾਣੀਆਂ ਦਾ ਅਹਿਮ ਥੀਮ ਵਰਤਮਾਨ ਸਮੇਂ ਅੰਦਰ ਮਾਨਵੀ ਰਿਸ਼ਤਿਆਂ ਦੇ ਤਣਾਅਗ੍ਰਸਤ ਅਤੇ ਸੰਕਟਮਈ ਹੋਣ ਦਾ ਵੀ ਹੈ। ਇਸ ਤੋਂ ਇਲਾਵਾ ਸੰਸਥਾਵੀ ਭ੍ਰਿਸ਼ਟਾਚਾਰ ਅਤੇ ਗ਼ੈਰ ਇਖਲਾਕੀ ਵਿਹਾਰ ਤੋਂ ਪੈਦਾ ਹੁੰਦਾ ਵਿਸ਼ਾਦ ਵੀ ਇਨ੍ਹਾਂ ਕਹਾਣੀਆਂ ਦਾ ਕੇਂਦਰ ਹੈ। ਕਹਾਣੀਆਂ ਦਾ ਪਾਠ ਸਿੱਧ ਕਰਦਾ ਹੈ ਕਿ ਲੇਖਕ ਉਪਭੋਗੀ ਸੰਸਕ੍ਰਿਤੀ ਦੇ ਮਾਰੂ ਪ੍ਰਭਾਵਾਂ ਪ੍ਰਤੀ ਚਿੰਤਤ ਹੈ ਜਿਸਨੇ ਮਨੁੱਖ ਨੂੰ ਆਪਣੇ ਸਭਿਆਚਾਰ ਦੇ ਉਸਾਰੂ ਜੀਵਨ ਮੁੱਲਾਂ ਅਤੇ ਲੋਕ ਪੱਖੀ ਕਦਰਾਂ ਕੀਮਤਾਂ ਤੋਂ ਤੋੜ ਦਿੱਤਾ ਹੈ। ਇਸ ਨਾਲ ਮਨੁੱਖੀ ਹੋਂਦ ਸਵੈ ਕੇਂਦਰਤ, ਖੁਦਗਰਜ਼ ਅਤੇ ਖੰਡਤ ਕਿਸਮ ਦੇ ਵਿਹਾਰ ਵਾਲੀ ਹੋ ਗਈ ਹੈ। ਲੇਖਕ ਇਸ ਵਰਤਾਰੇ ਦੇ ਸਮਾਂਨਅੰਤਰ ਬੰਦੇ ਨੂੰ ਆਪਣੇ ਅੰਦਰਲੀ ਬੰਦਿਆਈ ਦੀ ਪਛਾਣ ਕਰਨ ਲਈ ਵੰਗਾਰਦਾ ਹੈ।

ਭੰਗਲ ਦੀਆਂ ਕਹਾਣੀਆਂ ਦਾ ਕਲਾਤਮਕ ਸੰਸਾਰ ਕਾਲੇ ਚਿੱਟੇ ਪਾਤਰਾਂ, ਲਕੀਰੀ ਬਿਰਤਾਂਤਕਾਰੀ ਅਤੇ ਉਦੇਸ਼ਭਾਵੀ ਰਚਨਾਕਾਰੀ ਨਾਲ ਜੁੜਿਆ ਹੈ। ਉਹ ਬੇਸ਼ੱਕ ਸਮਾਜਕ ਇਨਸਾਫ ਦੇ ਰੁਮਾਂਟਿਕ ਸੁਪਨੇ ਨਾਲ ਜੁੜਿਆ ਲੇਖਕ ਹੈ ਪਰ ਉਸਦੀ ਚਿੰਤਾ ਵਿਚ ਚਿੰਤਨ ਦੀਆਂ ਸਾਰੀਆਂ ਸੰਭਾਵਨਾਵਾਂ ਹਾਜ਼ਰ ਹਨ। ਵਰਤਮਾਨ ਪੰਜਾਬੀ ਕਹਾਣੀ ਆਪਣੇ ਗੁੰਝਲਦਾਰ ਬਿਰਤਾਂਤ ਅਤੇ ਚਿੰਤਨੀ ਕਥਾ ਲਹਿਜੇ ਕਰਕੇ ਪਾਠਕਾਂ ਵਿਚ ਵੱਧ ਮਕਬੂਲ ਹੈ ਪਰ ਜੋਗੇ ਭੰਗਲ ਦੀ ਕਹਾਣੀ ਸਹਿਜ ਬਿਰਤਾਂਤ, ਗੋਲਾਈਦਾਰ ਕਥਾ ਬਣਤਰ ਸਮੇਤ ਆਦਰਸ਼ਵਾਦੀ ਸੁਧਾਰਵਾਦੀ ਨਾਅਰੇ ਵਾਲੀ ਹੈ। ਇਨ੍ਹਾਂ ਕਹਾਣੀਆਂ ਦੇ ਪਾਤਰ ਸਮਾਜ ਦੀ ਮੁੱਖ ਧਾਰਾ ਤੋਂ ਹਾਸ਼ੀਏ ਵੱਲ ਧੱਕੇ ਹੋਏ ਹਨ। ਅਜਿਹੇ ਪਾਤਰਾਂ ਦੀ ਸੰਵੇਦਨਾ ਨੂੰ ਆਪਣੇ ਗਲਪੀ ਬੋਧ ਦਾ ਹਿੱਸਾ ਬਣਾ ਕੇ ਲੇਖਕ ਕਲਾ ਦੇ ਧਰਮੀ ਉਦੇਸ਼ ‘ਤੇ ਪਹਿਰਾ ਦਿੰਦਾ ਹੈ। ਇਸ ਤੋਂ ਇਲਾਵਾ ਪਿੱਛਲਝਾਤ ਦੀ ਕਥਾ ਜੁਗਤ ਦੇ ਨਾਲ ਨਾਲ ਦੋਆਬੇ ਦੀ ਆਂਚਲਿਕ ਭਾਸ਼ਾ ਲੇਖਕ ਦੇ ਕਥਾ ਸ਼ਿਲਪ ਦੇ ਪਛਾਨਣਯੋਗ ਪਹਿਲੂ ਹਨ। ਜੋਗੇ ਭੰਗਲ ਦੀ ਕਹਾਣੀ ਚੁਸਤ ਕਿਸਮ ਦੇ ਲਕੀਰੀ ਕਥਾ ਕ੍ਰਮ, ਸੂਚਨਾਮੁੱਖੀ ਬਿਰਤਾਂਤ ਅਤੇ ਨਾਟਕੀਯਤਾ ਦੇ ਅੰਸ਼ਾਂ ਨਾਲ ਪਾਠਕਾਂ ਵਿਚ ਆਪਣੀ ਪੜ੍ਹਨਯੋਗਤਾ ਬਣਾਈ ਰੱਖਦੀ ਹੈ। ਕਹਾਣੀਆਂ ਦੇ ਸੁਖਾਂਤਕ ਅੰਤ ਵਾਲੇ ਕਥਾ ਬਿੰਬ ਸਿਰਜ ਕੇ ਲੇਖਕ ਪ੍ਰਤੀਕੂਲ ਹਾਲਾਤ ਅੰਦਰ ਵੀ ਜੀਣ ਥੀਣ ਦੀ ਸਪੇਸ ਭਾਲਣ ਵਾਲੇ ਪਾਤਰਾਂ ਦੀ ਵੱਖਰੀ ਨੁਹਾਰ ਘੜਨ ਵਿਚ ਕਾਮਯਾਬ ਹੋ ਜਾਂਦਾ ਹੈ। ਜੋਗੇ ਭੰਗਲ ਆਪਣੇ ਇਸ ਕਥਾ ਸੰਗ੍ਰਹਿ ਲਈ ਵਧਾਈ ਦਾ ਹੱਕਦਾਰ ਹੈ। **–ਡਾ. ਜੇ.ਬੀ. ਸੇਖੋਂ**

## ਮੋਰ ਪੈਲ਼ ਕਿਉਂ ਨਹੀਂ ਪਾਉਂਦੇ (ਕਹਾਣੀ ਸੰਗ੍ਰਹਿ) ਗੁਰਮੀਤ ਕੜਿਆਲਵੀ

ਗੁਰਮੀਤ ਕੜਿਆਲਵੀ ਪੰਜਾਬੀ ਕਹਾਣੀ ਜਗਤ ਵਿਚ ਨਾਮਵਰ ਹਸਤਾਖਰ ਹੈ, ਜਿਸ ਨੇ ਕਹਾਣੀ ਦੀ ਵਿਧਾ ਵਿਚ ਵੱਡੀ ਦੇਣ ਤੋਂ ਇਲਾਵਾ ਨਾਵਲ ਅਤੇ ਵਾਰਤਕ ਲਿਖਣ ਲਈ ਵੀ ਕਲਮ ਚਲਾਈ ਹੈ। ਹੁਣ ਤਕ ਉਸ ਦੇ ਪੰਜ ਕਹਾਣੀ ਸੰਗ੍ਰਹਿ ‘ਅੱਕ ਦਾ ਬੂਟਾ’, ‘ਊਣੇ’, ‘ਆਤੂ ਖੋਜੀ’, ‘ਢਾਲ਼’ ਤੇ ‘ਹਾਰੀਂ ਨਾ ਬਚਨਿਆ’ ਪ੍ਰਕਾਸ਼ਤ ਹੋ ਚੁੱਕੇ ਹਨ। ਇਨ੍ਹਾਂ ਤੋਂ ਇਲਾਵਾ ‘ਉਹ ਇੱਕੀ ਦਿਨ’ ਨਾਵਲ ਦੇ ਨਾਲ ਨਾਲ ‘ਖ਼ਤਰਨਾਕ ਅੱਤਵਾਦੀ ਦੀ ਜੇਲ੍ਹ ਯਾਤਰਾ’, ‘ਬੰਦ ਦਰਵਾਜ਼ਾ’,

‘ਦਹਿਸ਼ਤ ਭਰੇ ਦਿਨਾਂ ’ਚ’ ਅਤੇ ‘ਨਕਸ਼ ਨੱਕਾਸ਼’ ਉਸਦੀਆਂ ਵਾਰਤਕ ਪੁਸਤਕਾਂ ਵੀ ਛਪ ਚੁੱਕੀਆਂ ਹਨ। ਗੁਰਮੀਤ ਨੇ ਗੁਣਾਤਮਕ ਤੇ ਗਿਣਨਯੋਗ ਬਾਲ ਸਾਹਿਤ ਵੀ ਲਿਖਿਆ ਹੈ ਅਤੇ ਬਾਲ ਸਾਹਿਤ ਪੁਸਤਕ ‘ਸੱਚੀ ਦੀ ਕਹਾਣੀ’ ’ਤੇ ਉਹ ਭਾਰਤੀ ਸਾਹਿਤ ਅਕਾਦਮੀ ਪੁਰਸਕਾਰ ਵੀ ਪ੍ਰਾਪਤ ਕਰ ਚੁੱਕਿਆ ਹੈ। ਹੁਣ ਗੁਰਮੀਤ ਆਪਣਾ ਛੇਵਾਂ ਕਹਾਣੀ ਸੰਗ੍ਰਹਿ ‘ਮੋਰ ਪੈਲ਼ ਕਿਉਂ ਨਹੀਂ ਪਾਉਂਦੇ’ (ਪੰਨੇ 196, ਮੁੱਲ 300 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ) ਲੈ ਕੇ ਪੰਜਾਬੀ ਸਾਹਿਤ ਦੇ ਪਾਠਕਾਂ ਦੇ ਰੂਬਰੂ ਹੋਇਆ ਹੈ।

ਹੱਥਲੀ ਪੁਸਤਕ ਵਿਚ ਬਾਰਾਂ ਕਹਾਣੀਆਂ ਦਰਜ ਹਨ ਜਿਹਨਾਂ ਵਿਚ ਸਮਕਾਲੀ ਪੰਜਾਬੀ ਸਮਾਜ ਦੇ ਵੱਖਰੇ-ਵੱਖਰੇ ਮਸਲਿਆਂ ਤੇ ਸਮੱਸਿਆਵਾਂ ਨੂੰ ਛੂਹਿਆ ਗਿਆ ਹੈ। ਸਮਕਾਲ ਵਿਚ ਪੰਜਾਬੀ ਵੱਡੀ ਗਿਣਤੀ ਵਿਚ ਪਰਦੇਸਾਂ ਵੱਲ ਰੁਖ ਕਰ ਰਹੇ ਹਨ। ਪਰਵਾਸੀ ਬਣਨ ਦੀ ਹੋੜ ਵਿਚ ਵਰਤੇ ਜਾਂਦੇ ਕਾਨੂਨੀ ਗ਼ੈਰ ਕਾਨੂਨੀ ਹਰ ਪ੍ਰਕਾਰ ਦੇ ਤਰੀਕਿਆਂ ਅਤੇ ਪਰਵਾਸ ਧਾਰਨ ਉਪਰੰਤ ਆਰਥਿਕ ਤੇ ਸਮਾਜ-ਸਭਿਆਚਾਰਕ ਸਥਿਤੀਆਂ ਵਿਚਲੀ ਤਬਦੀਲੀ ਸਦਕਾ ਮਾਨਸਿਕ ਤਣਾਅ ਦੇ ਨਾਲ ਨਾਲ ਰਿਸ਼ਤਿਆਂ ਵਿਚਲੀ ਟੁੱਟ-ਭੱਜ ਤੇ ਹੋਰ ਜੋ ਸਮਾਜਕ ਸਮੱਸਿਆਵਾਂ ਉਭਰਦੀਆਂ ਹਨ, ‘ਨਿੱਕੇ ਅੰਬਰ ’ਤੇ ਵੱਡੀ ਉਡਾਰੀ’ ਅਤੇ ‘ਚੱਲ ਟਿਮ ਹੌਰਟਨ ਚੱਲੀਏ’ ਨਾਂ ਦੀਆਂ ਕਹਾਣੀਆਂ ਵਿਚ ਉਹ ਪੇਸ਼ ਹੋਈਆਂ ਹਨ। ਪਹਿਲੀ ਕਹਾਣੀ ਵਿਚ ਕੇਂਦਰੀ ਪਾਤਰ ਅਮਰ ਦੀ ਪਤਨੀ ਹਰਜੀਤ ਆਪਣੀ ਪਰਵਾਸੀ ਭੈਣ ਤੇ ਜੀਜੇ ਤੋਂ ਪ੍ਰਭਾਵਤ ਹੋ ਕੇ ਖੁਦ ਪਰਵਾਸੀ ਬਣਨ ਦੀ ਜ਼ਿੱਦ ਫੜ ਲੈਂਦੀ ਹੈ ਅਤੇ ਇਹ ਜ਼ਿੱਦ ਅਮਰ ਦੇ ਪਰਿਵਾਰ ਦੀ ਸ਼ਾਂਤੀ ਤੇ ਖੁਸ਼ੀਆਂ ਨੂੰ ਖਾ ਜਾਂਦੀ ਹੈ।ਅਮਰ ਪਰਵਾਸੀ ਬਣਨ ਦਾ ਚਾਹਵਾਨ ਨਹੀਂ ਜਦਕਿ ਹਰਜੀਤ ਆਪਣੇ ਜੀਜੇ ਦੇ ਭਰਾ ਨਾਲ ਰਿਸ਼ਤਾ ਜੋੜਕੇ ਪਰਦੇਸ ਚਲੀ ਜਾਂਦੀ ਹੈ ਅਤੇ ਇਉਂ ਅਮਰ ਤੇ ਹਰਜੀਤ ਦਾ ਆਪਸੀ ਨਾਤਾ ਪੂਰੀ ਤਰ੍ਹਾਂ ਖਤਮ ਹੋ ਜਾਂਦਾ ਹੈ। ਮਾਯੂਸੀ ਦੀ ਹਾਲਤ ‘ਚੋਂ ਕੱਢਣ ਲਈ ਅਮਰ ਦਾ ਦੋਸਤ ਉਸਨੂੰ ਸੈਰ ਸਪਾਟੇ ਲਈ ਰੰਗੀਨੀਆਂ ਵਾਲੇ ਦੇਸ ਥਾਈਲੈਂਡ ਵਿਚ ਲੈ ਆਉਂਦਾ ਹੈ ਜਿੱਥੇ ਜੈਸਿਕਾ ਨਾਂ ਦੀ ਸੈਕਸ ਵਰਕਰ ਨਾਲ ਉਸਦਾ ਮੇਲ ਹੁੰਦਾ ਹੈ। ਸੈਕਸ ਵਰਕਰ ਹੋਣ ਦੇ ਬਾਵਜੂਦ ਜੈਸਿਕਾ ਦੀ ਨੈਤਿਕ ਉੱਚਤਾ ਦੇ ਟਾਕਰੇ ਹਰਜੀਤ ਦੀ ਬੇਵਫਾਈ ਨੂੰ ਪੇਸ਼ ਕਰਦੀ ਹੋਈ ਅਮਰ, ਜੈਸਿਕਾ ਤੇ ਹਰਜੀਤ ਦੇ ਵਿਅਕਤੀਤਵ ਨੂੰ ਨਵੇਂ ਦ੍ਰਿਸ਼ਟੀ ਤੋਂ ਵੇਖਣ ਤੇ ਸਮਝਣ ਲਈ ਪ੍ਰੇਰਕ ਦੀ ਭੂਮਿਕਾ ਨਿਭਾਉਂਦੀ ਹੈ। ਦੂਜੀ ਕਹਾਣੀ ‘ਚੱਲ ਟਿਮ ਹੌਰਟਨ ਚੱਲੀਏ’ ਵਿਚ ਬਲਦੇਵ ਸਿੰਘ ਤੇ ਹਰਬੰਸ ਕੌਰ ਦੀ ਨੂੰਹ ਚਰਨਜੀਤ ਕੌਰ ਸਾਹਮਣੇ ਆਉਂਦੀ ਹੈ ਜੋ ਇਕ ਤਰ੍ਹਾਂ ਹਰਜੀਤ ਦਾ ਹੀ ਬਦਲਵਾਂ ਰੂਪ ਹੈ। ਕੈਨੇਡਾ ਵਿਚ ਸੈਟਲ ਹੋਈ ਇਹ ਔਰਤ ਆਪਣੇ ਸੱਸ ਸਹੁਰੇ ਨੂੰ ਸੁਪਰ ਵੀਜ਼ੇ ‘ਤੇ ਕਨੇਡਾ ਬੁਲਾ ਤਾਂ ਲੈਂਦੀ ਹੈ ਪਰ ਇਹ ਨਹੀਂ ਚਾਹੁੰਦੀ ਕਿ ਬਜ਼ੁਰਗ ਘਰ ਹੀ ਬੈਠੇ ਰਹਿਣ, ਹਾਲਾਂਕਿ ਘਰ ਵਿਚ ਰਹਿ ਕੇ ਉਹ ਛੋਟੇ ਜਿਹੇ ਪੋਤਰੇ ਦੀ ਸਾਂਭ ਸੰਭਾਲ ਕਰਦੇ ਹਨ। ਅਸਲ ਵਿਚ ਬਲਦੇਵ ਸਿੰਘ ਤੇ ਹਰਬੰਸ ਕੌਰ ਆਪਣੇ ਪੋਤੇ ਦੀ ਦੇਖਭਾਲ ਕਰਨ ਦੀ ਖਾਤਰ ਹੀ ਪੁੱਤ ਕੋਲ ਕਨੇਡਾ ਆਏ ਸਨ। ਸਾਹਿਤ ਤੇ ਸੰਗੀਤ ਵਿਚ ਦਿਲਚਸਪੀ ਰੱਖਣ ਵਾਲੇ ਆਪਣੇ ਸਹੁਰੇ ਦੀ ਪਰਮਜੀਤ ਵੀ ਪ੍ਰਸ਼ੰਸਕ ਰਹੀ ਹੈ ਪਰ ਪਰਵਾਸ ਨੇ ਉਸਦੀ ਮਾਨਸਿਕਤਾ ਬਦਲ ਦਿੱਤੀ ਹੈ ਤੇ ਹੁਣ ਉਸਦਾ ਸਾਰਾ ਫੋਕਸ ਪੈਸੇ ‘ਤੇ ਹੋ ਗਿਆ ਹੈ। ਜੇ ਪਰਮਜੀਤ ਤੋਂ ਪੈਮ ਬਣੀ ਨੂੰਹ ਪੈਸੇ ਮਗਰ ਭੱਜ ਰਹੀ ਹੈ ਤਾਂ ਜਗਬੀਰ ਤੋਂ ਜੈਗ ਬਣਿਆ ਬਲਦੇਵ ਸਿੰਘ ਦਾ ਪੁੱਤਰ ਵੀ ਕਿਸੇ ਤਰ੍ਹਾਂ ਘੱਟ ਨਹੀ।ਉਹ ਵੀ ਰਿਸ਼ਤਿਆਂ ਦੀ ਪਛਾਣ ਭੁੱਲ ਬੈਠਾ ਹੈ। ਪਰਮਜੀਤ ਤੇ ਜਗਬੀਰ ਦੇ ਨਾਵਾਂ ਦਾ ਰੂਪਾਂਤਰਣ ਹੀ ਉਹਨਾਂ ਦੀ ਮਾਨਸਿਕਤਾ ਤੇ ਸਮਾਜ-ਸਭਿਆਚਾਰਕ ਵਿਚਾਰ ਵਿਚ ਆਈ ਤਬਦੀਲੀ ਦਾ ਪ੍ਰਤੀਕ ਹੈ।

ਉੱਤਮਪੁਰਖੀ ਬਿਰਤਾਂਤਕ ਸ਼ੈਲੀ ਰਾਹੀਂ ਉਸਾਰੀ ਗਈ ਕਹਾਣੀ ‘ਅਲੇਹਾ’ ਦੀ ਮੁਖ ਪਾਤਰ ਮਨਦੀਪ ਪਰਦੇਸ ਵਿਚ ਇਕੱਲੀ ਰਹਿ ਰਹੀ ਹੈ। ਜਾਤੀ ਵਿਤਕਰੇ ਕਾਰਨ ਮਨਦੀਪ ਆਪਣਾ ਪਿਆਰ ਹਾਸਲ ਨਹੀਂ ਸੀ ਕਰ ਸਕੀ। ਕਹਾਣੀ ਦਾ ਬਿਰਤਾਂਤਕਾਰ ਕੁਮਾਰ ਇਕ ਲੇਖਕ ਹੈ ਅਤੇ ਮਨਦੀਪ ਉਸਦੀ ਪਾਠਕ ਹੈ। ਉਹ ਕੁਮਾਰ ਨੂੰ ਚਿੱਠੀਆਂ ਰਾਹੀਂ ਆਪਣੇ ਨਿੱਜੀ ਜ਼ਿੰਦਗੀ ਬਾਰੇ

ਦੱਸਦੀ ਹੋਈ ਉਸ ਤੋਂ ਸਲਾਹਾਂ ਲੈਂਦੀ ਰਹਿੰਦੀ ਹੈ। ਪਰਦੇਸ ਵਿਚ ਮਨਦੀਪ ਲਿੰਡਾ ਦੀ ਦੋਸਤ ਬਣਦੀ ਹੈ ਜੋ ਨਾਰੀਵਾਦੀ ਢੰਗ ਨਾਲ ਜ਼ਿੰਦਗੀ ਬਤੀਰ ਕਰਦੀ ਨਜ਼ਰ ਆਉਂਦੀ ਹੈ। ਅਸਲ ਵਿਚ ਲਿੰਡਾ ਦੀ ਵਿਥਿਆ ਰਾਹੀਂ ਹੀ ਕਹਾਣੀ ਦੀ ਕੇਂਦਰੀ ਸੁਰ ਉਭਰਦੀ ਹੈ। ਚੰਗੀ ਚੋਖੀ ਜਾਇਦਾਦ ਦੀ ਮਾਲਕ ਲਿੰਡਾ ਵੱਲੋਂ ਇਕ ਕਾਲੀ ਲੜਕੀ ਨੂੰ ਗੋਦ ਲਿਆ ਜਾਂਦਾ ਹੈ। ਦੂਜੇ ਬੰਨੇ ਮਨਦੀਪ ਲਿੰਡਾ ਤੋਂ ਪ੍ਰਭਾਵਤ ਵੀ ਹੈ ਅਤੇ ਉਸਦੀ ਆਪਣੀ ਪਿਆਰ ਕਹਾਣੀ ਜਾਤੀ ਵਿਤਕਰੇ ਕਾਰਨ ਅਧੂਰੀ ਰਹੀ ਹੈ। ਪਰ ਇਸ ਦੇ ਬਾਵਜੂਦ ਲਿੰਡਾ ਵਾਂਗ ਬੱਚੀ ਗੋਦ ਲੈਣ ਵੇਲੇ ਉਹ ਜਾਤੀ ਤੇ ਰੰਗ ਨੂੰ ਵਿਚਾਰਦੀ ਵਿਖਾਈ ਦਿੰਦੀ ਹੈ।

'ਬਸੰਤ' ਕਹਾਣੀ ਮੁਟਿਆਰ ਕੁੜੀ ਦੇ ਮਨ ਦੀਆਂ ਅਕਾਂਖਿਆਵਾਂ, ਇੱਛਾਵਾਂ, ਸੁਪਨਿਆਂ, ਚਾਵਾਂ-ਮਲ੍ਹਾਰਾਂ ਦੇ ਅਧੂਰੇ ਰਹਿ ਜਾਣ ਅਤੇ ਕੁੜੀਆਂ ਨੂੰ ਉਡਾਣ ਲਈ ਖੁੱਲੇ ਆਸਮਾਨ ਦੀ ਥਾਂ ਘਰ ਦੀਆਂ ਕੰਧਾਂ ਵਿਚ ਨਜ਼ਰਬੰਦ ਰੱਖਣ ਦੀ ਪੇਸ਼ਕਾਰੀ ਕਰਦੀ ਹੈ। ਕਹਾਣੀ ਵਿਚਲੀ ਸ਼ੀਲਾ ਮਾਸਟਰਾਂ ਦੇ ਮੁੰਡੇ ਨੂੰ ਪਸੰਦ ਕਰਦੀ ਸੀ ਪਰ ਸਮਾਜ-ਸਭਿਆਚਾਰਕ ਤਾਣੇ-ਪੇਟੇ ਅਤੇ ਮੁੱਲ ਪ੍ਰਬੰਧ ਦੀ ਪ੍ਰਤੀਕ ਦਾਦੀ ਉਸ ਦੇ ਪਿਆਰ ਦੇ ਰਾਹ ਵਿਚ ਪਹਾੜ ਬਣ ਖਲੋਤੀ ਸੀ। ਸ਼ੀਲਾ ਦੀ ਦਾਦੀ ਕਾਰਨ ਹੀ ਸ਼ੀਲਾ ਦੀ ਮਾਂ ਦਾ ਰਿਸ਼ਤਾ ਮਾਸਟਰਾਂ ਦੇ ਘਰ ਹੋਣ ਤੋਂ ਰਹਿ ਗਿਆ ਸੀ। ਸ਼ੀਲਾ ਦੀ ਮਾਂ ਦੀ ਹੋਣੀ ਫਿਰ ਸ਼ੀਲਾ ਦੇ ਅਧੂਰੇ ਪਿਆਰ ਦੀ ਕਹਾਣੀ ਰਾਹੀਂ ਦੁਹਰਾਈ ਜਾਂਦੀ ਹੈ। ਸ਼ੀਲਾ ਦੀ ਸੱਸ ਦੁਆਰਾ ਸ਼ੀਲਾ ਦੀ ਧੀ ਸਵੀਟੀ ਨੂੰ ਛੱਤ 'ਤੇ ਜਾਣ ਤੋਂ ਰੋਕਣਾ, ਪਤੰਗ ਉਡਾਉਣ 'ਤੇ ਬੁੜ-ਬੁੜ ਕਰਨਾ ਆਦਿ ਸ਼ੀਲਾ(ਔਰਤ) ਦੀ ਹੋਣੀ ਨੂੰ ਹੀ ਫਿਰ ਦੁਹਰਾਉਣ ਦੀ ਕਥਾ ਹੈ ਪਰ ਸ਼ੀਲਾ ਆਪਣੀ ਧੀ ਸਵੀਟੀ ਦੇ ਹਿੱਸੇ ਦਾ ਚੁਬਾਰਾ ਤੇ ਉਸ ਦੇ ਹਿੱਸੇ ਦਾ ਖੁੱਲ੍ਹਾ ਆਸਮਾਨ ਖੁੱਸਣ ਨਹੀਂ ਦੇਣਾ ਚਾਹੁੰਦੀ।

'ਰੱਬ ਜੀ' ਕਹਾਣੀ ਵਿਚ ਪੰਜਾਬੀ ਪੇਂਡੂ ਸਮਾਜ ਵਿਚ ਵੱਡੇ ਲੋਕਾਂ ਦੀ ਧੱਕੇਸ਼ਾਹੀ ਅਤੇ ਸਮਾਜਕ ਮੁੱਲ ਪ੍ਰਬੰਧ ਦੇ ਪ੍ਰਸੰਗ ਵਿਚ ਦਲਿਤ ਬੰਦੇ ਦੀ ਮਾਨਸਿਕ ਤੇ ਸਮਾਜ-ਸਭਿਆਚਾਰਕ ਸਥਿਤੀ ਪੇਸ਼ ਹੋਈ ਹੈ। ਕਹਾਣੀ ਵਿਚ ਜਾਗੀਰੂ ਵਿਚਾਰਧਾਰਾਈ ਨਿਜਾਮ ਦਾ ਹਾਮੀ ਸਰਬਾ ਆਪਣੇ ਸੀਰੀ ਰੱਬ ਦੀ ਪਤਨੀ ਨਾਲ ਗ਼ੈਰ ਸਮਾਜਕ ਰਿਸ਼ਤੇ ਵਿਚ ਰਹਿੰਦਾ ਹੈ। ਸਰਬੇ ਤੇ ਸਾਹਬੋ ਦੇ ਗ਼ੈਰ ਸਮਾਜਕ ਰਿਸ਼ਤੇ ਦੀ ਖ਼ਬਰ ਸਾਰੇ ਪਿੰਡ ਨੂੰ ਹੁੰਦੀ ਹੈ। ਪਰ ਨੈਤਿਕ ਮੁੱਲਾਂ 'ਤੇ ਪਹਿਰਾ ਦੇਣ ਵਾਲਾ ਖੋਖਲਾ ਸਮਾਜ ਸਰਬੇ ਦੀ ਅਨੈਤਿਕਤਾ ਦਾ ਵਿਰੋਧ ਕਿਸੇ ਥਾਂ ਵੀ ਕਰਦਾ ਵਿਖਾਈ ਨਹੀਂ ਦਿੰਦਾ। ਦਲਤਿ ਸਮਾਜ ਦੇ ਜੀਵਾਂ ਦੀ ਤ੍ਰਾਸਦਕ ਹੋਣੀ ਦੇ ਸਮਾਨਾਂਤਰ ਹੀ ਔਰਤ ਦੀ ਸਦੀਵ ਨਿਗੂਣੀ ਸਥਿਤੀ ਹੈ ਜਿਸਦਾ ਜਾਤ ਪਾਤ ਜਾਂ ਉਚ ਨੀਚ ਵੀ ਕੋਈ ਸੰਬੰਧ ਨਹੀਂ।ਕਹਾਣੀ ਵਿਚ ਮਰਦ ਔਰਤ ਨੂੰ ਆਪਣੇ ਕਬਜ਼ੇ ਵਿਚ ਰੱਖਣ ਦੇ ਯਤਨ ਵਿਚ ਰਹਿੰਦਾ ਪ੍ਰਤੀਤ ਹੁੰਦਾ ਹੈ ਭਾਵੇਂ ਉਹ ਸਰਬਾ ਹੈ ਤੇ ਕਿਤੇ ਨਾ ਕਿਤੇ ਰੱਬ ਵੀ। ਰੱਬ ਕਿਸੇ ਜੁਗਤ ਨਾਲ ਸਰਬੇ ਦੇ ਮਨ ਵਿਚ ਇਹ ਸ਼ੱਕ ਪੈਦਾ ਕਰਨ ਵਿਚ ਸਫਲ ਰਿਹਾ ਕਿ ਸਰਬੇ ਦੀ ਪਤਨੀ ਰੱਬ ਵੱਲ ਕੋਈ ਖਿੱਚ ਰੱਖਦੀ ਹੈ।ਇਸ ਕਰਕੇ ਸਰਬੇ ਨੇ ਆਪਣੀ ਤੀਵੀਂ ਕੁੱਟ ਧਰੀ। ਦਲਿਤ ਰੱਬ ਆਖਰ ਮਰਦ ਵਜੋਂ ਰੂਪਮਾਨ ਹੋਇਆ ਹੈ ਜੋ ਸਰਬੇ ਤੋਂ ਉਸ ਦੀ ਪਤਨੀ ਦੇ ਕੁੱਟ ਪਵਾਉਣ ਤੋਂ ਦੁਖੀ ਵੀ ਹੈ ਅਤੇ ਸਰਬੇ ਨੂੰ ਔਰਤ ਦੇ ਗ਼ੈਰ ਮਰਦ ਨਾਲ ਸੰਬੰਧਾਂ ਦੇ ਦੁੱਖ ਦਾ ਅਹਿਸਾਸ ਕਰਵਾ ਕੇ ਖੁਸ਼ ਵੀ ਹੈ।

ਦਲਿਤ ਸਮਾਜ ਦੀ ਹੋਣੀ ਦੀ ਬਾਤ ਪਾਉਂਦੀ ਇਕ ਹੋਰ ਕਹਾਣੀ 'ਮੋਰ ਪੈਲ਼ ਕਿਉਂ ਨਹੀਂ ਪਾਉਂਦੇ' ਹੈ ਜਿਸ ਵਿਚ ਜਗਦੇਵ ਤੇ ਪਾਰੋ ਦੇ ਅਧੂਰੇ ਪਿਆਰ ਦੀ ਬਾਤ ਪਾਈ ਗਈ ਹੈ। ਸਮਾਜ ਵਿਚ ਜਾਤੀ ਭੇਦਭਾਵ ਦੀਆਂ ਕੰਧਾਂ ਏਨੀਆਂ ਉੱਚੀਆਂ ਤੇ ਮਜ਼ਬੂਤ ਹਨ ਕਿ ਜਗਦੇਵ ਦਾ ਪਾਰੋ ਲਈ ਪਿਆਰ ਇਹਨਾਂ ਕੰਧਾਂ ਤੋਂ ਪਾਰ ਨਹੀਂ ਜਾ ਪਾਉਂਦਾ। ਜਾਤ-ਪਾਤ ਦੀਆਂ ਵੰਡੀਆਂ ਤੇ ਆਰਥਿਕ ਨਾ ਬਰਾਬਰੀ ਕਰਕੇ ਨਿੱਕੇ ਵਰਗੇ ਲਾਇਕ ਵਿਦਿਆਰਥੀ ਤੇ ਪਾਰੋ ਵਰਗੀਆਂ ਮੁਟਿਆਰਾਂ ਦੇ ਸੁਪਨਿਆਂ ਨੂੰ ਸਮਾਜ-ਸਭਿਆਚਾਰਕ ਮੁੱਲ ਪ੍ਰਬੰਧ ਦੇ ਕਿਲ੍ਹੇ ਦੀਆਂ ਨੀਹਾਂ ਵਿਚ ਦੱਬ ਦਿੱਤਾ ਜਾਂਦਾ ਹੈ। ਮੋਰ ਬਹੁ ਅਰਥੀ ਮੈਟਾਫਰ ਹੈ ਜੋ ਕਹਾਣੀ ਵਿਚ ਪਾਰੋ ਤੇ ਜਗਦੇਵ ਦੇ ਸੁਪਨਿਆਂ ਤੇ

ਅਕਾਂਵਿਖਆਵਾਂ ਦੇ ਨਾਲ-ਨਾਲ ਜਾਤੀ ਵਿਤਕਰੇ ਵਾਲੇ ਪੰਜਾਬੀ ਸਮਾਜ ਵਿਚ ਪਿਆਰ ਦੀ ਹੋਣੀ ਦਾ ਪ੍ਰਤੀਕ ਹੋ ਨਿਬੜਦਾ ਹੈ। ਇਹੀ ਮਾਨਸਿਕਤਾ 'ਅਲੋਹਾ' ਕਹਾਣੀ ਦੀ ਕੇਂਦਰੀ ਪਾਤਰ ਮਨਦੀਪ ਦਾ ਪਰਵਾਸ ਵਿਚ ਵੀ ਪਿੱਛਾ ਨਹੀਂ ਛੱਡਦੀ।

'ਪਿੰਡ ਆਏਂ ਨ੍ਹੀ ਮਰਦਾ' ਕਹਾਣੀ ਵਿਚ ਪਿੰਡ ਦੀ ਸਮਾਜ ਸ਼ਾਸ਼ਤਰੀ ਵੰਡ ਤੇ ਕਿਸਾਨ ਮਜਦੂਰ ਦੀ ਸਮਾਜ-ਸਭਿਆਚਾਰਕ, ਆਰਥਿਕ ਤੇ ਮਾਨਸਿਕ ਸਥਿਤੀ ਨੂੰ ਪੇਸ਼ ਕੀਤਾ ਗਿਆ ਹੈ। ਜਿੱਥੇ ਸਾਂਝੇ ਹਿੱਤਾਂ ਸਮੇਂ ਦਿੱਲੀ ਮੋਰਚੇ ਵਿਚ ਕਿਸਾਨ ਮਜਦੂਰ ਦੀ ਸਾਂਝੀਵਾਲਤਾ ਦੀ ਗੱਲ ਤੁਰਦੀ ਹੈ ਉੱਥੇ ਬਦਲ ਰਹੇ ਸਮੇਂ ਦੌਰਾਨ ਪਿੰਡ ਵਿਚ ਕਿਸਾਨੀ ਤੇ ਮਜਦੂਰ ਦੇ ਹਿੱਤਾਂ ਦੀ ਗੂੜ੍ਹੀ ਸਾਂਝ ਵਿਚ ਪੇਤਲਾਪਣ ਆਉਂਦਾ ਹੈ। ਕਹਾਣੀ ਵਿਚ ਮਾਸਟਰ ਮਹਿੰਦਰ ਤੇ ਉਸ ਦਾ ਮੁੰਡਾ ਰਵੇਲ ਪਿੰਡ ਵਿਚ ਸਾਂਝੀ ਤੰਦ ਜੋੜੀ ਰੱਖਣ ਵੱਲ ਅਗਰਸਰ ਵਿਖਾਈ ਦਿੰਦੇ ਹਨ। ਰਵੇਲ ਆਪਣੇ ਬਾਪੂ ਵਾਂਗ ਜੱਟ ਹਉਮੈਂ ਤੋਂ ਪਾਸੇ ਲੋੜਵੰਦ ਬੱਚਿਆਂ ਲਈ ਸਕੂਲ ਵਿਚ ਕਮਰਿਆਂ ਦੀ ਉਸਾਰੀ ਕਰਵਾਉਂਣ ਵੱਲ ਰੁਚਿਤ ਹੈ ਨਾ ਕਿ ਜਾਤੀਵਾਦੀ ਦਰਵਾਜ਼ੇ ਉਸਾਰਣ ਵੱਲ।

ਹੱਥਲੀ ਪੁਸਤਕ ਵਿਚ ਦਰਜ 'ਜਿਉਂਦਾ ਰਹਿ ਵੇ ਬੱਚੜਿਆ' ਕਹਾਣੀ ਵਿਚ ਕਰੋਨਾ ਕਾਲ ਵਿਚ ਦਲਿਤ ਦੀ ਹੋਣੀ, ਪੰਜਾਬ ਵਿਚ ਨਸ਼ਿਆਂ ਦੀ ਮਾਰ ਤੇ ਪੰਜਾਬੀ ਦਲਿਤ ਔਰਤ ਦੀ ਹੋਂਦ ਤੇ ਉਸਦੇ ਜਿਉਂਦੇ ਰਹਿਣ ਦੇ ਸੰਘਰਸ਼ ਨੂੰ ਪੇਸ਼ ਕੀਤਾ ਗਿਆ ਹੈ। 'ਧੂੰਆਂ' ਕਹਾਣੀ ਵਿਚ ਸ਼ਹਿਰੀ ਵਪਾਰੀ ਵਰਗ ਦੀ ਮਾਨਸਿਕਤਾ, ਕਿਸਾਨੀ ਦੀ ਸਥਿਤੀ, ਰਾਜਨੀਤਕ ਭ੍ਰਿਸ਼ਟਾਚਾਰ ਆਦਿ ਨੂੰ ਚਿਤਰਿਆ ਗਿਆ ਹੈ। ਕਹਾਣੀ ਵਿਚ ਪ੍ਰਦੀਪ ਕੋਆਪਰੇਟਿਵ ਕੰਪਨੀਆਂ ਦੇ ਪ੍ਰਤੀਨਿਧ ਵਜੋਂ ਵਿਚਰਦਾ ਵਿਖਾਈ ਦਿੰਦਾ ਹੈ ਜੋ ਤੇਜ਼ ਗਤੀ ਨਾਲ ਤਰੱਕੀ ਕਰ ਰਿਹਾ ਹੈ। ਦੂਜੇ ਪਾਸੇ ਲੱਛੂ ਤੇ ਪਾਲੇ ਵਰਗੇ ਜੋ ਹੱਕ ਹਲਾਲ ਦੀ ਕਮਾਈ ਵਿਚ ਵਿਸ਼ਵਾਸ ਰੱਖਦੇ ਸਾਦਾ ਜੀਵਨ ਬਤੀਤ ਕਰਦੇ ਹਨ। 'ਸਿੱਧਾ ਬੰਦਾ' ਕਹਾਣੀ ਪੱਛਮੀ ਸਭਿਆਚਾਰ ਤੋਂ ਪ੍ਰਭਾਵਤ ਬੰਦੇ ਦੀ ਪਰਿਵਾਰਕ, ਸਮਾਜ-ਸਭਿਆਚਾਰਕ, ਆਰਥਿਕ ਤੇ ਮਨੋਵਿਗਿਆਨਕ ਸਥਿਤੀ ਨੂੰ ਆਪਣੇ ਕਲਾਵੇ ਵਿਚ ਲੈਂਦੀ ਹੈ। 'ਦਰੋਣਾਚਾਰੀਆ' ਕਹਾਣੀ ਪੰਜਾਬੀ ਸਿੱਖਿਆ ਤੰਤਰ ਵਿਚ ਕਾਰਜਸ਼ੀਲ ਜਾਤੀ ਮਾਨਸਿਕਤਾ, ਸਰਕਾਰੀ ਸਨਮਾਨਾਂ ਦੀ ਵਾਸਤਵਿਕਤਾ, ਸਿੱਖਿਆ ਪ੍ਰਤੀ ਜਾਗੀਰੂ ਮਾਨਸਿਕਤਾ ਦਾ ਪ੍ਰਤੀਕ੍ਰਮ ਤੇ ਸਮਾਜ ਦੇ ਪਿੰਡੇ ਨੂੰ ਚਿੰਬੜੇ ਜਾਤੀ ਹਉਮੈ ਦੇ ਕੋਹੜ ਨੂੰ ਪ੍ਰਤੀਪਾਦਿਤ ਕਰਦੀ ਵਿਖਾਈ ਦਿੰਦੀ ਹੈ।

ਪੁਸਤਕ ਵਿਚਲੀਆਂ ਜ਼ਿਆਦਾਤਰ ਕਹਾਣੀਆਂ ਅਨਯਪੁਰਖੀ ਬਿਰਤਾਂਤਕਾਰ ਦੀ ਜੁਗਤ ਤੋਂ ਪੇਸ਼ ਕੀਤੀਆਂ ਗਈਆਂ ਹਨ।ਗੁਰਮੀਤ ਕੜਿਆਲਵੀ ਨੂੰ ਕਹਾਣੀ ਬੁਣਨੀ ਆਉਂਦੀ ਹੈ। ਪਰਿਪੱਕ ਤੇ ਪ੍ਰਬੁੱਧ ਕਹਾਣੀਕਾਰ ਹੋਣ ਸਦਕਾ ਉਹ ਬਿਰਤਾਂਤਕ ਜੁਗਤਾਂ- ਸੁਪਨਿਆਂ, ਪਿਛਲਝਾਤ, ਵਾਰਤਾਲਾਪ, ਪਾਤਰ ਉਸਾਰੀ, ਫੋਕਸੀਕਰਨ ਆਦਿ ਦੀ ਸੁਚੱਜੀ ਤੇ ਸਾਰਥਿਕ ਵਰਤੋਂ ਕਰਦਾ ਹੈ। ਪਰ ਕੁਝ ਥਾਂਵਾਂ 'ਤੇ ਲੇਖਕ ਵਜੋਂ ਉਹ ਪਾਤਰ ਪ੍ਰਤੀ ਹਮਦਰਦੀ ਦਾ ਸ਼ਿਕਾਰ ਹੋਇਆ ਪ੍ਰਤੀਤ ਹੁੰਦਾ ਹੈ ਜਿਵੇਂ 'ਰੱਬ ਜੀ' ਕਹਾਣੀ ਵਿਚ ਰੱਬ ਪਾਤਰ ਨੂੰ ਏਨਾ ਦਮਿਤ ਬਣਾ ਦਿੱਤਾ ਹੈ ਕਿ ਉਹ ਦਮਿਤ ਦੀ ਥਾਂ ਬੇਗ਼ੈਰਤ ਵਧੇਰੇ ਜਾਪਦਾ ਹੈ। ਕਹਾਣੀਆਂ ਦਾ ਪੀਡੀ ਬਿਰਤਾਂਤਕਾਰੀ ਤੇ ਕਥਾ ਰਸ ਦੀ ਭਰਪੂਰਤਾ ਪਾਠਕ ਨੂੰ ਆਪਣੇ ਨਾਲ ਲੈ ਤੁਰਦੀ ਹੈ। **-ਪਰਗਟ ਸਿੰਘ ਬਰਾੜ**

## ਸਮੁੰਦਰ ਨੂੰ ਪੁੱਛੇ ਨਦੀ (ਕਾਵਿ ਸੰਗ੍ਰਹਿ) ਸੰਦੀਪ ਜਸਵਾਲ

'ਸਮੁੰਦਰ ਨੂੰ ਪੁੱਛੇ ਨਦੀ' ਸੰਦੀਪ ਜਸਵਾਲ ਦਾ ਦੂਜਾ ਕਾਵਿ ਸੰਗ੍ਰਹਿ ਹੈ। ਪਹਿਲਾ ਕਾਵਿ ਸੰਗ੍ਰਹਿ 'ਰੂਹ ਦੀ ਪਰਵਾਜ਼' ਅੱਠ ਸਾਲ ਪਹਿਲਾਂ 2016 ਵਿਚ ਛਪਿਆ ਸੀ। 'ਰੂਹ ਦੀ ਪਰਵਾਜ਼' ਤੋਂ ਪਹਿਲਾਂ ਜਦੋਂ ਉਸ ਦੀਆਂ ਨਜ਼ਮਾਂ ਛਪੀਆਂ ਸਨ ਤਾਂ ਪਾਠਕਾਂ ਨੇ ਉਸ ਦੀ ਸ਼ਾਇਰੀ ਵਿਚਲੀ ਤਾਜ਼ਗੀ ਬਾਰੇ ਚਰਚਾ ਛੇੜਿਆ ਸੀ। ਇਹ ਤਾਜ਼ਗੀ 'ਸਮੁੰਦਰ ਨੂੰ ਪੁੱਛੇ ਨਦੀ' (ਪੰਨੇ 96, ਮੁੱਲ 160 ਰੁਪਏ, ਕੈਲੀਬਰ ਪਬਲੀਕੇਸ਼ਨ ਪਟਿਆਲਾ) ਵਿਚ ਵੀ ਉਵੇਂ ਹੀ ਹਾਜ਼ਰ-ਨਾਜ਼ਰ ਹੈ, ਸਗੋਂ

ਇਸ ਵਿਚ ਹੁਣ ਬਦਲਦੇ ਜ਼ਮਾਨੇ ਦੇ ਰੰਗ ਓਨੀ ਹੀ ਸ਼ਿੱਦਤ ਨਾਲ ਉਘੜਦੇ ਨਜ਼ਰੀਂ ਪੈਂਦੇ ਹਨ। ਜ਼ਮਾਨਾ ਬਦਲ ਰਿਹਾ ਹੈ ਤਾਂ ਉਸ ਮੁਤਾਬਿਕ, ਹੁਣ 'ਰੀਤ ਵੀ ਬਦਲ ਜਾਣੀ ਚਾਹੀਦੀ ਹੈ'; ਉਹ ਸੁਦਾਮੇ ਵਾਲੀ ਕਥਾ ਐਨ ਉਲਟਾ ਕੇ ਚਿਤਵਦੀ ਹੈ। ਸਵਾਲ ਹੈ: ਸੁਦਾਮਾ ਹੀ ਕ੍ਰਿਸ਼ਨ ਕੋਲ ਕਿਉਂ ਜਾਵੇ? ਇੱਥੇ ਇਸੇ ਪ੍ਰਸੰਗ ਦਾ ਇਕ ਹੋਰ ਪ੍ਰਸੰਗ ਵੀ ਉਘੜਦਾ ਹੈ: *'ਤੁਰੀ ਹੋਈ ਤਾਂ/ ਮੈਂ ਹਾਂ ਤੇਰੇ ਵੱਲ/ਤੂੰ ਖੜ੍ਹਾ-ਖਲੋਤਾ ਹੀ ਬੇਚੈਨ ਕਿਉਂ ਰਹਿੰਦੈਂ'*। ਅਸਲ ਵਿਚ, ਇਹ ਚੇਤਨਾ ਦੀ ਉਹ ਲੀਕ ਹੈ ਜਿਹੜੀ ਸੱਚਮੁੱਚ 'ਸੱਤਾ' ਨੂੰ ਬੇਚੈਨ ਕਰ ਰਹੀ ਹੈ। ਇਹ ਚੇਤਨਾ ਜਦੋਂ ਸੋਝੀ ਵਿਚ ਤਬਦੀਲ ਹੁੰਦੀ ਹੈ ਤਾਂ ਇਹ ਸਤਰਾਂ ਜਨਮ ਧਾਰਦੀਆਂ ਹਨ:

*ਮੈਂ ਘਰ ਬਣਾਇਆ*<br>
*ਤੂੰ ਘਰ ਦਾ ਬੂਹਾ ਬਣ ਬੈਠਾ*<br>
*ਬਾਹਰੋਂ ਲੰਘਦਾ ਵਕਤ*<br>
*ਤੇਰੀ ਮਰਜ਼ੀ 'ਚ ਰਲ਼ ਗਿਆ*<br>
*... ਬੱਚੇ ਮੇਰੇ ਤੇਰੇ ਵਾਰਸ ਬਣ ਗਏ*

ਉਂਝ, ਘਰ ਦਾ ਇਹ ਬਿਰਤਾਂਤ ਦੋਹਰਾ ਸੇਕ ਝੱਲ ਰਿਹਾ ਹੈ। ਇਸ ਬੇਵਸੀ ਦੇ ਨਾਲੋ-ਨਾਲ ਸਹਿਮ ਵੀ ਤੁਰਦਾ ਹੈ। 'ਰੇਤ ਦੇ ਘਰ' ਕਵਿਤਾ ਵਿਚ 'ਪੈਰ ਤੇ ਟਿਕੀ ਘਰ ਦੀ ਛੱਤ' ਢਹਿ ਜਾਣ ਦਾ ਸਹਿਮ ਪਿੱਛਾ ਨਹੀਂ ਛੱਡਦਾ:

*ਹੁਣ ਵੀ ਬਿਨਾਂ ਪੈਰ ਬਾਹਰ ਕੱਢਿਆਂ*<br>
*ਥਾਪੜਦੀ ਰਹਿੰਦੀ ਹਾਂ*<br>
*ਪੈਰ 'ਤੇ ਟਿਕੀ ਘਰ ਦੀ ਛੱਤ ਨੂੰ*<br>
*ਬਚਪਨ ਦੇ ਸਹਿਮ ਨੇ*<br>
*ਪਿੱਛਾ ਨਹੀਂ ਛੱਡਿਆ ਅਜੇ*

ਇਸੇ ਕਰ ਕੇ 'ਦਰਾਂ ਦੇ ਬਾਹਰ' ਕਵਿਤਾ ਵਿਚ ਜਿਊਣ ਜੋਗੀਆਂ ਜਿੰਦਾਂ ਦਾ ਅੰਬਰ ਜਿੱਡਾ ਹਉਕਾ ਹੈ: *'ਆਪਣੀ ਮੁਕਤੀ ਲਈ/ ਅਸੀਂ ਕਿਹੜੇ ਦਰ 'ਤੇ ਪੇਸ਼ ਹੋਈਏ/ ਪੈਰਾਂ ਵਿਚੋਂ ਉਤਾਰੀਆਂ ਜੁੱਤੀਆਂ/ ਬਾਹਰ ਪਈਆਂ ਸੋਚ ਰਹੀਆਂ ਨੇ'*। ਇਹੀ ਰੰਗ 'ਗੌਤਮ' ਦਾ ਹੈ। ਸ਼ਾਇਰਾ ਦਾ ਚਿਤਵਨ ਹੈ ਕਿ ਉਹ ਨਿਰਵਾਣ ਖਾਤਿਰ ਆਪਣੀ ਮਿੱਟੀ ਨਾ ਛੱਡੇ। ਇਸੇ ਲਈ ਚਾਹੁੰਦੀ ਹੈ, ਗੌਤਮ ਯਸ਼ੋਧਰਾ ਦੇ ਜਾਗਣ ਤੋਂ ਪਹਿਲਾਂ-ਪਹਿਲਾਂ ਪਰਤ ਆਵੇ ਪਰ ਦਿਲ ਅੰਦਰ ਉਤਰੀ ਇਹ ਸੋਚ, ਸੱਚ ਨਹੀਂ ਬਣਦੀ, ਸਗੋਂ ਇਸ ਤੋਂ ਐਨ ਉਲਟ ਵਾਪਰਦਾ ਹੈ। ਨਾ ਵਾਪਰਨ ਦੀ ਇਹ ਤਕਲੀਫ਼ 'ਪਰਿੰਦੇ' ਕਵਿਤਾ ਵਿਚ ਵਟ ਜਾਂਦੀ ਹੈ। ਇਸ ਦੇ ਨਾਲ ਹੀ ਸੰਵਾਦ ਦੀ ਗੁੰਜਾਇਸ਼ ਵੀ ਜਾਂਦੀ ਲੱਗਦੀ ਹੈ। 'ਪਰਿੰਦੇ' ਪੜ੍ਹਦਿਆਂ ਪਾਠਕ ਖ਼ਾਮੋਸ਼ੀ ਦੀ ਜੂਨੇ ਪੈ ਜਾਂਦਾ ਹੈ। ਬਿੱਠਾਂ ਨਾਲ ਲਿਬੜੇ ਪੱਤਿਆਂ ਦੀ ਤਸ਼ਬੀਹ ਮੁਹੱਬਤੀ ਪਲਾਂ-ਛਿਣਾਂ ਨੂੰ ਤੇਜ਼ਾਬ ਦੇ ਛਿੜਕਾਓ ਵਾਂਗ ਛਾਣ ਸੁੱਟਦੀ ਹੈ। ਇਹ ਖ਼ਾਮੋਸ਼ੀ ਫਿਰ 'ਚਾਈਨਾ ਡੋਰ' ਨਾਲ ਹੀ ਟੁੱਟਦੀ ਹੈ। ਇਹ ਅਸਲ ਵਿਚ ਅਣਦਿਸਦੀ ਹਿੰਸਾ ਹੈ ਜਿਸ ਦੀ ਮਾਰ ਬੇਆਵਾਜ਼ ਹੈ। ਅੰਬਰ ਛੂਹ ਕੇ ਪਰਤ ਰਹੇ ਪੰਛੀ ਲਈ ਡੋਰ ਛੁਰੀ ਵਾਂਗ ਚਲਦੀ ਹੈ। 'ਨਿੱਕੇ-ਨਿੱਕੇ ਬੋਟ' ਵਿਚ ਇਹ ਹਿੰਸਾ ਹੋਰ ਵੀ ਸੂਖ਼ਮ ਹੋ ਜਾਂਦੀ ਹੈ। ਕੋਈ ਚਿਤਵ ਵੀ ਨਹੀਂ ਸਕਦਾ ਕਿ ਕਿਸੇ ਪਰਿੰਦੇ ਦਾ ਜੀਅ ਹੁਣ ਉੱਡਣ ਨੂੰ ਨਹੀਂ ਕਰਦਾ। ਕਿਉਂ ਨਹੀਂ ਕਰਦਾ? ਇਹ ਸਵਾਲ ਇੱਥੇ ਨਿਰਰਥਕ ਹੈ। ਸੰਦੀਪ ਨੇ ਇਸ ਚੱਕਰਵਿਊਹ ਦੀ ਵਿਆਖਿਆ ਹੀ ਇਵੇਂ ਕੀਤੀ ਹੈ ਕਿ ਸਵਾਲ ਸਿਫ਼ਰ ਹੋ ਜਾਂਦਾ ਹੈ। 'ਸ਼ੀਸ਼ੇ ਦੀ ਕੈਦ', 'ਲਿਵ-ਇਨ ਰਿਲੇਸ਼ਨਸ਼ਿਪ', ਹੰਝੂ' ਆਦਿ ਕਵਿਤਾਵਾਂ ਇਸੇ ਹਿੰਸਾ ਦਾ ਪਾਸਾਰ ਹਨ। 'ਸਾਰੰਗੀ ਦਾ ਰੁਦਨ', 'ਗਿਰਦਾ ਹੰਝੂ', 'ਭਾਰੀ ਪੈਰ' ਵਾਲੀਆਂ ਸਭ ਤਸ਼ਬੀਹਾਂ ਇਸ ਪਾਸਾਰ ਦਾ ਅਗਲਾ ਮਰਹਲਾ ਹਨ। 'ਮੈਂ ਤੇ ਮਾਂ' ਕਵਿਤਾ ਵਿਚ ਲਿਖਿਆ ਤਾਂ 'ਸਮਾਂ ਕਿੰਨਾ ਬਦਲ ਗਿਆ' ਹੈ ਪਰ ਇਸ ਦੇ ਅਰਥ 'ਬਦਲਿਆ ਕੁਝ ਵੀ ਨਹੀਂ' ਹੀ ਸਮਝ ਪੈਂਦੇ ਹਨ। ਯਥਾ-ਸਥਿਤੀ ਦੇ ਅਜਿਹੇ ਪਲ 'ਮੁਆਵਜ਼ਾ' ਕਵਿਤਾ ਵਿਚ ਬਹੁਤ ਕਰੂਰ ਹਨ। ਮਜ਼ਦੂਰ

ਦਾ ਹੱਥ ਵੱਢਿਆ ਜਾਂਦਾ ਹੈ ਪਰ ਮਸ਼ੀਨ ਫਿਰ ਚੱਲ ਪੈਂਦੀ ਹੈ। ਸਿਰਹਾਣਿਆਂ 'ਤੇ ਕੱਢੇ ਤਿੱਤਰ ਮੋਰ ਜਹਾਜ਼ ਵਿਚ ਬਹਿ ਕੇ ਉੱਡ ਜਾਂਦੇ ਹਨ। ਔੜ ਵਿਚ ਫੂਕੀ ਗੁੱਡੀ ਨਾਲ ਕਈ ਕੁਝ ਸੜਦਾ ਜਾਪਦਾ ਹੈ ਅਤੇ ਸਹਿਮ ਅਛੋਪਲੇ ਜਿਹੇ ਨਾਲ ਆਣ ਬੈਠਦਾ ਹੈ ਤੇ ਬੈਠਾ ਹੀ ਰਹਿੰਦਾ ਹੈ। ਇਨ੍ਹਾਂ ਪਲਾਂ ਨੂੰ ਫੜਦਿਆਂ ਹੀ ਸੰਦੀਪ ਨੇ *'ਸਿਰ ਤੇ ਵੀ ਬਹੁਤ ਭਾਰ ਸੀ/ ਸਦਾਚਾਰ ਦਾ ਟਿਕਿਆ ਹੋਇਆ ਸੀ ਟੋਕਰਾ'* ਵਰਗੀਆਂ ਸਤਰਾਂ ਲਿਖੀਆਂ। ਇਸ ਵਿਚ ਜਦੋਂ ਵਿਰਸੇ ਦਾ ਭਾਰ ਰਲ਼ਦਾ ਹੈ ਤਾਂ ਬਹੁਤ ਕੁਝ ਭਸਮ ਹੁੰਦਾ ਭਾਸਦਾ ਹੈ।

ਸੰਦੀਪ ਜਸਵਾਲ ਜ਼ਿੰਦਗੀ ਅੰਦਰ ਉਤਰੇ ਇਨ੍ਹਾਂ ਮਰਹਲਿਆਂ ਨੂੰ ਔਰਤ ਦੇ ਜ਼ਾਵੀਏ ਤੋਂ ਦੇਖਦੀ ਹੈ। ਇਨ੍ਹਾਂ ਮਰਹੱਲਿਆਂ ਨੂੰ ਸ਼ਬਦਾਂ ਦੇ ਰੂਪ ਵਿਚ ਪੇਸ਼ ਕਰਨਾ ਉਸ ਦਾ ਦਾਈਆ ਹੈ। ਇਹ ਆਪਣੀ ਕਹਾਣੀ ਆਪ ਕਹਿਣ ਦਾ ਦਾਈਆ ਹੈ; ਨਹੀਂ ਤਾਂ ਕਿੰਨੇ ਉਜਾੜੇ ਬੇ-ਬਿਆਨ ਹੀ ਰਹਿ ਜਾਂਦੇ ਹਨ। ਲਿਖਿਆ ਹੈ:

*ਮੈਂ ਤਖ਼ਤ ਹਜ਼ਾਰੇ ਵੱਸਣਾ ਸੀ*
*ਪਰ ਰੰਗਪੁਰ ਜਾ ਕੇ ਉੱਜੜ ਗਈ*
*... ਜਿਨ੍ਹਾਂ ਹੀਰਾਂ ਦੇ ਭਾਗਾਂ ਵਿਚ*
*ਰਾਂਝੇ ਤੇ ਸੈਦੇ ਹੀ ਹੁੰਦੇ ਨੇ*
*ਵਾਰਿਸ ਨਹੀਂ ਹੁੰਦੇ*
*ਉਨ੍ਹਾਂ ਨੂੰ ਕੋਈ ਨਹੀਂ ਜਾਣਦਾ*

ਇਨ੍ਹਾਂ ਸਤਰਾਂ ਨੇ ਉਹ ਅਫਰੀਕੀ ਕਹਾਵਤ ਯਾਦ ਕਰਵਾ ਦਿੱਤੀ ਜਿਸ ਵਿਚ ਸ਼ਿਕਾਰੀਆਂ ਦੇ ਇਤਿਹਾਸ ਲਿਖਣ ਦਾ ਜ਼ਿਕਰ ਹੈ। ਸ਼ਿਕਾਰੀ ਤਾਂ ਸਿਰਫ਼ ਆਪਣੀ ਦਲੇਰੀ ਦੇ ਕਿੱਸੇ ਬਿਆਨ ਕਰਦਾ ਹੈ, ਜੇ ਕਿਤੇ ਸ਼ੇਰ ਆਪਣਾ ਕਿੱਸਾ ਬਿਆਨ ਕਰੇ, ਫੇਰ! 'ਲੀਲ੍ਹਾ' ਵਿਚੋਂ ਇਸੇ ਨੁਕਤੇ ਦਾ ਵਿਸਥਾਰ ਸਿੰਮਦਾ ਹੈ ਪਰ ਰਤਾ ਕੁ ਵੱਖਰੇ ਲਹਿਜੇ ਵਿਚ। ਇਹ ਲਹਿਜਾ ਸਤਯ ਅਤੇ ਜਿੱਤ ਵਾਲੇ ਵਿਖਿਆਨ ਨਾਲ ਨੂੜਿਆ ਹੋਇਆ ਹੈ; ਉਂਝ, ਸੰਦੀਪ ਦਾ ਬਿਆਨ ਦੇਖੋ:

*ਉਸ ਕੋਲ ਯੁੱਧ ਜਿੱਤਣ ਦੀ ਤਰਕੀਬ ਹੈ*
*ਬੱਸ ਯੁੱਧ ਰੋਕਣ ਦੀ ਜੁਗਤ ਨਹੀਂ*

ਇਹ ਇਨ੍ਹਾਂ ਸਤਰਾਂ ਵਿਚਲੇ 'ਉਸ' ਦਾ ਹੀ ਸਾਰਾ ਜਲੌਅ ਹੈ ਜੋ ਲੀਲ੍ਹਾ ਰਚਾਉਂਦਾ ਹੈ ਪਰ ਸੰਦੀਪ ਜਦੋਂ ਕਵਿਤਾ ਅੰਦਰ ਮਾਂ ਨਾਲ ਜੁੜ ਕੇ ਲੀਲ੍ਹਾ ਰਚਾਉਂਦੀ ਹੈ ਤਾਂ ਇਸ ਜਲੌਅ ਨੂੰ ਤੀਲੀ ਲੱਗ ਜਾਂਦੀ ਹੈ। ਫਿਰ 'ਗੁਲਾਬੀ ਚੁੰਨੀ' ਵਾਲੇ ਗੁਲਾਬੀ ਰੰਗ ਦੀ ਕਦੀ ਵੀ ਨਾ ਖ਼ਤਮ ਹੋਣ ਵਾਲੀ ਮਹਿਕ ਮੱਲੋਜ਼ੋਰੀ ਦੁਆਰ ਖੜਕਾਉਂਦੀ ਹੈ। ਇਹ ਬੰਦ ਦੁਆਰ ਕਦੀ ਖੁੱਲ੍ਹਣਾ ਨਹੀਂ, ਪਤਾ ਹੈ ਪਰ ਮਹਿਕ ਤਾਂ ਮਹਿਕ ਹੈ, ਆ ਹੀ ਜਾਣੀ ਹੈ। 'ਗੁਲਾਬੀ ਚੁੰਨੀ' ਤੋਂ ਬਾਅਦ ਜਦੋਂ 'ਅਟੈਚੀ' ਨਾਂ ਦੀ ਕਵਿਤਾ ਖੁੱਲ੍ਹਦੀ ਹੈ ਤਾਂ ਗੁਲਾਬੀ ਤੋਂ ਕਿਤੇ ਗੂੜ੍ਹਾ ਲਾਲ ਰੰਗ ਵੀ ਤਹਿਆਂ ਅੰਦਰ ਟਿਕ ਜਾਂਦਾ ਹੈ। ਦੋਹੀਂ ਥਾਈਂ ਤਹਿਆਂ ਅੰਦਰ ਹੋਰ ਵੀ ਬੜਾ ਕੁਝ ਟਿਕ ਜਾਂਦਾ ਹੈ ਜਿਸ ਦੀ ਮਹਿਕ ਕਦੀ ਨਹੀਂ ਮਰਦੀ। ਇਸ ਪੀੜ ਕਰ ਕੇ 'ਪਿਆਸ' ਕਵਿਤਾ ਵਰਗੀ ਰੀਝ ਮੌਲਦੀ ਹੈ ਤੇ ਉੱਥੇ ਮੁਹਲੇਧਾਰ ਮੀਂਹ ਰੰਗ ਖੋਰ ਦਿੰਦਾ ਹੈ। ਬੱਸ, ਇਹੀ ਉਹ ਗੇੜ ਹੈ ਜਿਸ ਨੂੰ ਸੰਦੀਪ ਆਪਣੀਆਂ ਕਵਿਤਾਵਾਂ ਵਿਚ ਲਗਾਤਾਰ ਗੇੜਦੀ ਹੈ:

*ਪਿਆਰ ਵੀ*
*ਛਲੇਡਾ ਬਣ ਟੱਕਰਿਆ ਹੈ*
*ਜਦੋਂ ਵੀ ਛੂਹਣ ਦੀ ਕੋਸ਼ਿਸ਼ ਕਰਦੇ ਹਾਂ*
*ਰੂਪ ਵਟਾ ਲੈਂਦੈ*
*ਪ੍ਰੇਮੀ ਪਤੀ ਬਣ ਜਾਂਦੈ/ ਪਤੀ ਪਰਮੇਸ਼ਵਰ*
*ਭਲਾ ਪਰਮੇਸ਼ਰ ਤੋਂ ਵੱਡਾ ਛਲ ਕੀ*

ਇਸ ਗੇੜ ਵਿਚ ਪਏ ਜਿਊੜੇ ਉਡਣਾ ਭੁੱਲ ਜਾਂਦੇ। ਜਿੱਥੇ ਚੋਗਾ ਚੁਗਣ ਜਾਂਦੇ, ਉੱਥੇ ਹੀ ਘਰ ਬਣਾ ਲੈਂਦੇ। ਸੰਦੀਪ ਇਨ੍ਹਾਂ ਸੂਖ਼ਮ ਅਹਿਸਾਸਾਂ ਨੂੰ ਚੋਗ ਚੁਗਣ ਵਾਲੇ ਸਹਿਜ ਵਾਂਗ ਸਮੇਟਦੀ ਹੈ। 'ਇੱਟਾਂ' ਅਤੇ 'ਸਿਆਹੀ' ਵਾਲੇ ਅੰਤਾਂ ਦੇ ਦਰਦ ਨੂੰ ਵੀ ਉਹ ਇਸੇ ਸਹਿਜ ਨਾਲ ਕਹਿ ਸੁਣਾਉਂਦੀ ਹੈ ਜਿਸ ਵਿਚ ਨੀਂਹ ਤੇ ਚੁਬਾਰੇ ਵਾਲਾ ਫ਼ਰਕ ਹੈ। ਇਹ ਸਹਿਜ 'ਪਰਵਾਸੀ' ਵਿਚ ਸਿਖਰ ਬਣ ਜਾਂਦਾ ਹੈ:

*ਬਦਲੇਗਾ ਜਦ ਕਦੇ ਮੌਸਮ*
*ਪਰਿੰਦੇ ਪਰਤ ਆਵਣਗੇ*

ਸੰਦੀਪ ਜਸਵਾਲ ਦੀ ਕਵਿਤਾ ਇਨ੍ਹਾਂ ਪਰਿੰਦਿਆਂ ਦੇ ਉਡਣ ਦੀ ਤਾਂਘ, ਜ਼ਖ਼ਮੀ ਹੋਣ ਤੇ ਪੀੜ ਸਹਿਣ ਅਤੇ ਪਰਤ ਆਉਣ ਦੀ ਚਾਹਤ ਦੀ ਕਵਿਤਾ ਹੈ। **-ਜਸਬੀਰ**

**ਪ੍ਰਾਪਤ ਪੁਸਤਕਾਂ**

**ਸੁਰਖ ਸਾਜ਼** (ਨਾਵਲ) ਜਸਵਿੰਦਰ ਸਿੰਘ
ਪੰਨੇ 252, ਮੁੱਲ: ਸਜਿਲਦ 500 ਰੁਪਏ , ਪੇਪਰਬੈਕ 350 ਰੁਪਏ, ਗਰੇਸ਼ੀਅਸ ਬੁਕਸ, ਪਟਿਆਲਾ
**ਟਰਾਲੀ ਯੁੱਗ** (ਨਾਵਲ) ਬਲਬੀਰ ਪਰਵਾਨਾ
ਪੰਨੇ 144, ਮੁੱਲ 250 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ
**2025 ਬੀਹ ਸੌ ਪੱਚੀ** (ਨਾਵਲ) ਨਦੀਮ ਪਰਮਾਰ
ਪੰਨੇ 128, ਮੁੱਲ 250 ਰੁਪਏ, ਪ੍ਰਕਾਸ਼ਕ: ਨਦੀਮ ਪਰਮਾਰ 1-204-227-2174
**ਡੁੱਬ ਰਿਹਾ ਪਿੰਡ** (ਨਾਵਲ) ਸੁਰਜੀਤ ਬਰਾੜ
ਪੰਨੇ 222, ਮੁੱਲ 300 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ
**ਟਾਕੀਆਂ ਵਾਲ਼ਾ ਪਜਾਮਾ** (ਨਾਵਲ) ਬਲਵਿੰਦਰ ਸਿੰਘ ਗਰੇਵਾਲ
ਪੰਨੇ 296, ਮੁੱਲ 450 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ
**ਕਰਬਲਾ** (ਨਾਵਲ) ਮੁਨਸ਼ੀ ਪ੍ਰੇਮ ਚੰਦ, ਅਨੁਵਾਦ: ਸ਼ਾਹ ਚਮਨ
ਪੰਨੇ 192, ਮੁੱਲ 250 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ
**ਜਿਉਣੇ ਮੌੜ ਦੇ ਬੁੱਤ ਕੋਲ਼** (ਨਾਵਲ) ਸੁਖਦੇਵ ਸਿੰਘ ਮਾਨ
ਪੰਨੇ 103, ਮੁੱਲ 180 ਰੁਪਏ, ਸਾਹਿਬਦੀਪ ਪਬਲੀਕੇਸ਼ਨ, ਪੰਜਾਬ ਫੋਨ: 99889 13155
**ਪਾਣੀ ਦੀ ਕੰਧ** (ਕਹਾਣੀਆਂ) ਜ਼ੁਬੈਰ ਅਹਿਮਦ
ਪੰਨੇ 88, ਮੁੱਲ 200 ਰਪਏ, ਕਨੇਡੀਅਨ $10, ਸੱਚਲ ਪ੍ਰਕਾਸ਼ਨ, ਅੰਮ੍ਰਿਤਸਰ
**ਨਗੰਦੇ** (ਕਹਾਣੀ ਸੰਗ੍ਰਹਿ) ਸਿਮਰਨ ਧਾਲੀਵਾਲ
ਪੰਨੇ 95, ਮੁੱਲ 200 ਰੁਪਏ, ਕੈਲੀਬਰ ਪਬਲੀਕੇਸ਼ਨ, ਪਟਿਆਲਾ
**ਮੈਲਾਨਿਨ** (ਕਹਾਣੀ ਸੰਗ੍ਰਹਿ) ਜਸਵਿੰਦਰ ਧਰਮਕੋਟ
ਪੰਨੇ 112, ਮੁੱਲ 225 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਪਟਿਆਲਾ
**ਜੜ੍ਹ-ਮੂਲ਼** (ਕਹਾਣੀ ਸੰਗ੍ਰਹਿ) ਭੋਲਾ ਸਿੰਘ ਸੰਘੇੜਾ
ਪੰਨੇ 112, ਮੁੱਲ 190 ਰੁਪਏ, ਕੈਲੀਬਰ ਪਬਲੀਕੇਸ਼ਨ, ਪਟਿਆਲਾ
**ਚਿਕਨ ਸ਼ਾਪ** (ਕਹਾਣੀ ਸੰਗ੍ਰਹਿ) ਅਨੇਮਨ ਸਿੰਘ
ਪੰਨੇ 107, ਮੁੱਲ 200 ਰੁਪਏ, ਸਾਹਿਬਦੀਪ ਪਬਲੀਖੇਸ਼ਨ, ਪੰਜਾਬ ਫੋਨ: 99889 13155
**ਇਕ ਸੱਚੇ ਕਾਮਰੇਡ ਦਾ ਇਕਲਾਪਾ** (ਬਲਬੀਰ ਪਰਵਾਨਾ ਦੀਆਂ ਕਹਾਣੀਆਂ) ਸੰਪਾਦਕ: ਜਗਵਿੰਦਰ ਜੋਧਾ
ਪੰਨੇ 136, ਮੁੱਲ 150 ਰੁਪਏ, ਪੰਜ ਆਬ ਪ੍ਰਕਾਸ਼ਨ, ਦੇਸ਼ਭਗਤ ਯਾਦਗਾਰ ਬਿਲਡਿੰਗ, ਜਲੰਧਰ
**ਜ਼ਨਾਨੀ ਪੌਦ** (ਢਾਹਾਂ ਇਨਾਮ ਜੇਤੂ ਕਹਾਣੀ ਸੰਗ੍ਰਹਿ) ਕੇਸਰਾ ਰਾਮ
ਪੰਨੇ 164, ਮੁੱਲ 200 ਰੁਪਏ, ਨਵਯੁਗ ਪਬਲਿਸ਼ਰਜ਼, ਹੌਜ਼ ਖਾਸ, ਨਵੀਂ ਦਿੱਲੀ
**ਥੈਂਕਸ ਏ ਲੌਟ ਪੁੱਤਰਾ** (ਕਹਾਣੀ ਸੰਗ੍ਰਹਿ) ਕੇਸਰਾ ਰਾਮ
ਪੰਨੇ 140, ਮੁੱਲ 250 ਰੁਪਏ, ਨਵਯੁਗ ਪਬਲਿਸ਼ਰਜ਼, ਹੌਜ਼ ਖਾਸ, ਨਵੀਂ ਦਿੱਲੀ
**ਦਰਿਆਵਾਂ ਦੇ ਹਾਣੀ** (ਪਾਕਿਸਤਾਨੀ ਪੰਜਾਬੀ ਕਹਾਣੀਆਂ) ਸ਼ਹਿਜ਼ਾਦ ਅਸਲਮ
ਪੰਨੇ 130, ਮੁੱਲ 250 ਰੁਪਏ, ਨਵਯੁਗ ਪਬਲਿਸ਼ਰਜ਼, ਹੌਜ਼ ਖਾਸ, ਨਵੀਂ ਦਿੱਲੀ
**ਸੇਫਟੀ ਕਿੱਟ** (ਕਹਾਣੀ ਸੰਗ੍ਰਹਿ) ਜਿੰਦਰ
ਪੰਨੇ 148, ਮੁੱਲ 250 ਰੁਪਏ, ਨਵਯੁਗ ਪਬਲਿਸ਼ਰਜ਼, ਹੌਜ਼ ਖਾਸ, ਨਵੀਂ ਦਿੱਲੀ
**ਸੂਰਜ ਹਾਰ ਗਿਆ ਹੈ** (ਕਹਾਣੀ ਸੰਗ੍ਰਹਿ) ਹਰਪ੍ਰੀਤ ਕੌਰ ਧੂਤ
ਪੰਨੇ 287, ਮੁੱਲ 495 ਰੁਪਏ, $20, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ
**ਐਂ ਕਿਵੇਂ?** (ਕਹਾਣੀ ਸੰਗ੍ਰਹਿ) ਜਗਤਾਰ ਸ਼ੇਰਗਿੱਲ
ਪੰਨੇ 128, ਮੁੱਲ 250 ਰੁਪਏ, ਪ੍ਰੀਤ ਪਬਲੀਕੇਸ਼ਨ, ਨਾਭਾਂ
**ਜਿੱਥੋਂ ਮੈਂ ਤੈਨੂੰ ਲੱਭਣਾ ਸ਼ੁਰੂ ਕੀਤਾ** (ਪਿਆਰ ਕਵਿਤਾਵਾਂ) ਜਸਵੰਤ ਦੀਦ
ਪੰਨੇ 100, ਮੁੱਲ 175 ਰੁਪਏ, ਸਪਤਮ ਸਟੱਡੀਜ਼, 50 Forsythi Road, Brampton, Canada

**ਬੇਸਮੈਂਟ ਕਵਿਤਾਵਾਂ** ਜਸਵੰਤ ਦੀਦ
ਪੰਨੇ 104, ਮੁੱਲ 175 ਰੁਪਏ, ਸਪਤਮ ਸਟੱਡੀਜ਼, 50 Forsythi Road, Brampton, Canada
**ਪੁਲ਼ ਤੇ ਪਾਣੀ** (ਕਵਿਤਾਵਾਂ) ਸੁਰਿੰਦਰ ਗਿੱਲ
ਪੰਨੇ 115, ਮੁੱਲ 175 ਰੁਪਏ, ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ
**ਜੁੜਦੇ ਸੂਰਜ** (ਕਾਵਿ ਸੰਗ੍ਰਹਿ) ਗੁਰਨਾਮ ਢਿੱਲੋਂ
ਪੰਨੇ 95, ਮੁੱਲ 150 ਰੁਪਏ, ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ
**ਸਮੁੰਦਰ ਨੂੰ ਪੁੱਛੇ ਨਦੀ** (ਕਵਿਤਾਵਾਂ) ਸੰਦੀਪ ਜਸਵਾਲ
ਪੰਨੇ 96, ਮੁੱਲ 160 ਰੁਪਏ, ਕੈਲੀਬਰ ਪਬਲੀਕੇਸ਼ਨ, ਪਟਿਆਲਾ
**ਗਰਲਜ਼ ਹੋਸਟਲ** (ਕਵਿਤਾਵਾਂ) ਮਨਦੀਪ ਔਲਖ
ਪੰਨੇ 130, ਮੁੱਲ 175 ਰੁਪਏ, ਆੱਟਮ ਆਰਟ, ਪਟਿਆਲਾ
**ਸੰਦਲੀ ਬਾਗ਼** (ਗੀਤ ਸੰਗ੍ਰਹਿ) ਪ੍ਰਭਜੋਤ ਸਿੰਘ ਸੋਹੀ
ਪੰਨੇ 120, ਮੁੱਲ 200 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ
**ਕੱਚ ਦਾ ਅੰਬਰ** (ਗ਼ਜ਼ਲ ਸੰਗ੍ਰਹਿ) ਅਨੂ ਬਾਲਾ
ਪੰਨੇ 80, ਮੁੱਲ 175 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ
**ਕਿਉਂ ਸੁਣਾਵਾਂ ਫੈਸਲਾ** (ਕਵਿਤਾਵਾਂ) ਸ਼ਬਦੀਸ਼
ਪੰਨੇ 136, ਮੁੱਲ 150 ਰੁਪਏ, ਪੰਜ ਆਬ ਪ੍ਰਕਾਸ਼ਨ, ਦੇਸ਼ਭਗਤ ਯਾਦਗਾਰ ਬਿਲਡਿੰਗ, ਜਲੰਧਰ
**ਮੂਕ ਸੰਵਾਦ** (ਕਵਿਤਾਵਾਂ) ਇੰਦਰਜੀਤ ਨੰਦਨ
ਪੰਨੇ 80, ਮੁੱਲ 250 ਰੁਪਏ, ਸੱਚਲ ਪ੍ਰਕਾਸ਼ਨ, ਅੰਮ੍ਰਿਤਸਰ
**ਜੇ ਤੂੰ ਨਾ ਹੁੰਦਾ** (ਕਾਵਿ ਸੰਗ੍ਰਹਿ) ਗੁਰਮੀਤ ਕੜਿਆਲਵੀ
ਪੰਨੇ 112, ਮੁੱਲ 190 ਰੁਪਏ, ਕੈਲੀਬਰ ਪਬਲੀਕੇਸ਼ਨ,ਪਟਿਆਲਾ
**ਢੱਡ ਸਾਰੰਗੀ ਵਜਦੀ ਮਾਲਵੇ** (ਕਵੀਸ਼ਰੀ) ਪ੍ਰੋ. ਕਰਮ ਸਿੰਘ
ਪੰਨੇ 357, ਮੁੱਲ 400 ਰੁਪਏ, ਨਵਯੁਗ ਪਬਲਿਸ਼ਰਜ਼, ਹੌਜ਼ ਖਾਸ, ਨਵੀਂ ਦਿੱਲੀ
**ਜਿਸ ਦਿਨ ਕਵਿਤਾ ਗੁਆਚ ਜਾਏਗੀ** (ਕਾਵਿ ਸੰਗ੍ਰਹਿ) ਜੈਪਾਲ, ਹਿੰਦੀ ਤੋਂ ਅਨੁਵਾਦ: ਜਗਤਾਰ ਗਿੱਲ
ਪੰਨੇ 72, ਮੁੱਲ 190 ਰੁਪਏ, ਕੈਫੇ ਵਰਲਰਡ, ਮੰਡੀ ਕਲਾਂ, ਜਲੰਧਰ, ਬਠਿੰਡਾ
**ਪਾ ਚਾਨਣ ਦੀ ਬਾਤ** (ਦੋਹੇ) ਜਗਤਾਰ ਗਿੱਲ
ਪੰਨੇ 112, ਮੁੱਲ 300 ਰੁਪਏ, ਕੈਫੇ ਵਰਲਰਡ, ਮੰਡੀ ਕਲਾਂ, ਜਲੰਧਰ, ਬਠਿੰਡਾ
**ਖੁਆਬਾਂ ਦੀ ਕਾਨਸ** (ਕਵਿਤਾਵਾਂ) ਡਾ. ਮਨਜੀਤ ਸਿੰਘ ਮਝੈਲ’
ਪੰਨੇ 120, ਮੁੱਲ 200 ਰੁਪਏ, ਸੰਜੋਗ ਪਬਲਿਸ਼ਰਜ਼, ਚੰਡੀਗੜ੍ਹ
**ਦਰਦ-ਏ-ਬਲਜੀਤ** (ਕਵਿਤਾਵਾਂ) ਜਸਬੀਰ ਢਿੱਲੋਂ
ਪੰਨੇ 72, ਮੁੱਲ 190 ਰੁਪਏ, ਕੈਫੇ ਵਰਲਰਡ, ਮੰਡੀ ਕਲਾਂ, ਜਲੰਧਰ, ਬਠਿੰਡਾ
**ਪੋਹ਼ਲੀ ਦੇ ਫੁੱਲ** (ਗੀਤ ਸੰਗ੍ਰਹਿ) ਧਰਮ ਕੰਮੇਆਣਾ
ਪੰਨੇ 121, ਮੁੱਲ 175 ਰੁਪਏ, ਆਟਮ ਆਰਟ, ਸਾਹਮਣੇ ਪੰਜਾਬੀ ਯੂਨੀਵਰਸਿਟੀ, ਪਟਿਆਲਾ
**ਮਿੱਟੀ ਦਾ ਮੋਰ** (ਰਿਕਾਰਡ ਹੋਏ ਗੀਤ) ਧਰਮ ਕੰਮੇਆਣਾ
ਪੰਨੇ 182, ਮੁੱਲ 250 ਰੁਪਏ, ਆਟਮ ਆਰਟ, ਪਟਿਆਲਾ
**ਮੈਨੂੰ ਹੱਸਣਾ ਭੁੱਲ ਗਿਆ ਮਾਂ** (ਕਵਿਤਾਵਾਂ) ਧਰਮ ਸਿੰਘ ਕੰਮੇਆਣਾ
ਪੰਨੇ 160, ਮੁੱਲ 250 ਰੁਪਏ, ਸਹਿਜ ਪਬਲੀਕੇਸ਼ਨ, ਸਮਾਣਾ
**ਸਾਹਿਬਾਂ** (ਕਾਵਿ-ਨਾਟ) ਧਰਮ ਸਿੰਘ ਕੰਮੇਆਣਾ
ਪੰਨੇ 103, ਮੁੱਲ 150 ਰੁਪਏ, ਕੈਲੀਬਰ ਪਬਲੀਕੇਸ਼ਨ, ਪਟਿਆਲਾ
**ਕੁਦਰਤ ਨਾਦ** (ਕਵਿਤਾ+ਚਿੱਤਰ) ਪਰਮਿੰਦਰ ਸੋਢੀ-ਮਨਦੀਪ ਸਿੰਘ ਮਨੂ
ਪੰਨੇ 108, ਮੁੱਲ 595 ਰੁਪਏ, ਸੱਚਲ ਪਬਲੀਕੇਸ਼ਨ,ਅੰਮ੍ਰਿਤਸਰ, ਸਾਊਥ ਏਸ਼ੀਅਨ ਰਿਵਿਊ, ਕਨੇਡਾ
**ਸੋਹਮ** (ਕਵਿਤਾ+ਚਿੱਤਰ) ਸਿਧਾਰਥ
ਪੰਨੇ 144, ਮੁੱਲ 575 ਰੁਪਏ, ਸੱਚਲ ਪਬਲੀਕੇਸ਼ਨ, ਅੰਮ੍ਰਿਤਸਰ
**ਸੁਪਨੇ ਤੇ ਪਰਛਾਵੇਂ** (ਯਾਦਾਂ) ਹਰਜੀਤ ਸਿੰਘ
ਪੰਨੇ 248, ਮੁੱਲ 375 ਰੁਪਏ, ਸੱਚਲ ਪਬਲੀਕੇਸ਼ਨ, ਅੰਮ੍ਰਿਤਸਰ
**ਹੱਡੀਂ ਹੰਢਾਏ ਸੱਚ** (ਚਿੰਤਨ) ਬਲਬੀਰ ਪਰਵਾਨਾ
ਪੰਨੇ 128, ਮੁੱਲ 200 ਰੁਪਏ, ਤਰਕ ਭਾਰਤੀ ਪ੍ਰਕਾਸ਼ਨ, ਬਰਨਾਲਾ
**ਨੀਲਾ ਘੁਮਿਆਰ** (ਸ਼ਬਦ-ਚਿੱਤਰ) ਅਜੀਤ ਕੌਰ
ਪੰਨੇ 409, ਮੁੱਲ 500 ਰੁਪਏ, ਨਵਯੁਗ ਪਬਲਿਸ਼ਰਜ਼, ਹੌਜ਼ ਖਾਸ, ਨਵੀਂ ਦਿੱਲੀ
**ਨਾਲ ਫਕੀਰਾਂ ਯਾਰੀ** (ਸ਼ਬਦ ਚਿੱਤਰ) ਰਾਜਿੰਦਰ ਸਿੰਘ ਬਰਾੜ
ਪੰਨੇ 140, ਮੁੱਲ 250 ਰੁਪਏ, ਪੀਪਲਜ਼ ਫੋਰਮ, ਬਰਗਾੜੀ, ਪੰਜਾਬ
**ਹਾਜ਼ਰ ਗ਼ੈਰਹਾਜ਼ਰ** (ਸ਼ਬਦ ਚਿੱਤਰ) ਲਖਵਿੰਦਰ ਸਿੰਘ ਜੌਹਲ
ਪੰਨੇ 112, ਮੁੱਲ 150 ਰੁਪਏ, RHYBERS PRESS , New Delhi
**ਪਿੱਛੇ ਮੁੜ ਕੇ ਦੇਖਿਆ** (ਸਵੈ-ਜੀਵਨੀ) ਯਾਦਵਿੰਦਰ ਸਿੰਘ ਤਪਾ
ਪੰਨੇ 168, ਮੁੱਲ 200 ਰੁਪਏ, ਸੁਜਿਲਦ 250 ਰੁਪਏ, ਲੋਕ ਰੰਗ ਪ੍ਰਕਾਸ਼ਨ, ਬਰਨਾਲਾ
**ਵਿਰਾਸਤ ਅਤੇ ਸਮਕਾਲ** (ਵਾਰਤਕ) ਸੁਖਦੇਵ ਸਿੰਘ ਸਿਰਸਾ
ਪੰਨੇ 184, ਮੁੱਲ 275 ਰੁਪਏ, ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ
**ਸੁਣ ਸਖੀਏ** (ਵਾਰਤਕ) ਨਾਇਜੀਰੀਅਨ ਲੇਖਕ ਚਿਮਾਮਾਂਡਾ ਙੋਜ਼ੀ ਅਡੀਚੇ, ਅਨੁਵਾਦ: ਜਸ਼ਨਪ੍ਰੀਤ ਕੌਰ
ਪੰਨੇ 127, ਮੁੱਲ 250 ਰੁਪਏ, ਕਿਰਤ ਫਾਊਂਡੇਸ਼ਨ, ਪ੍ਰੋਫੈਸਰ ਇਨਕਲੇਵ, ਪਟਿਆਲਾ

**ਰੋਸ਼ਨਾਈ** (ਤਰੱਕੀਪਸੰਦ ਲਹਿਰ ਬਾਰੇ) ਸੱਜਾਦ ਜ਼ਹੀਰ, ਅਨੁਵਾਦ: ਡਾ. ਨਰੇਸ਼
ਪੰਨੇ 386, ਮੁੱਲ 500 ਰੁਪਏ, ਨਵਯੁਗ ਪਬਲਿਸ਼ਰਜ਼, ਹੌਜ਼ ਖਾਸ, ਨਵੀਂ ਦਿੱਲੀ
**ਇਕ ਸੁਪਨਾ** (ਵਾਰਤਕ) ਧਿਆਨ ਸਿੰਘ ਸ਼ਾਹ ਸਿਕੰਦਰ
ਪੰਨੇ 109, ਮੁੱਲ 180 ਰੁਪਏ, ਸਹਿਜ ਪਬਲੀਕੇਸ਼ਨ, ਸਮਾਣਾ
**ਸ਼ਹੀਦ ਭਗਤ ਸਿੰਘ** (ਵਾਰਤਕ) ਡਾ. ਸਰਬਜੀਤ ਸਿੰਘ ਛੀਨਾ
ਪੰਨੇ 102, ਮੁੱਲ 100 ਰੁਪਏ, ਨਵਯੁਗ ਪਬਲਿਸ਼ਰਜ਼, ਹੌਜ਼ ਖਾਸ, ਨਵੀਂ ਦਿੱਲੀ
**ਗ਼ਦਰੀ ਕਿਰਪਾ ਸਿੰਘ ਲੰਗ ਮਜਾਰੀ** (ਜੀਵਨੀ) ਰਾਕੇਸ਼ ਕੁਮਾਰ
ਪੰਨੇ 136, ਮੁੱਲ 250 ਰੁਪਏ, ਚਿੰਤਨ ਪ੍ਰਕਾਸ਼ਨ, ਲੁਧਿਆਣਾ
**ਦ ਸਟੋਰੀ ਆਫ ਮੈਂਗਲ ਸਿੰਘ** (ਇਕ ਵਾਲੀਬਾਲ ਕੋਚ ਦੀ ਜੀਵਨ ਕਥਾ) ਜਸਵੀਰ ਸਿੰਘ ਰਾਣਾ
ਪੰਨੇ 143+33, ਮੁੱਲ 150 ਰੁਪਏ, ਕੈਲੀਬਰ ਪਬਲੀਕੇਸ਼ਨ, ਪਟਿਆਲਾ
**ਨਾਰੀਵਾਦ ਸਿਧਾਂਤ ਚਿੰਤਨ** ਡਾ. ਧਨਵੰਤ ਕੌਰ
ਪੰਨੇ 184, ਮੁੱਲ 250 ਰੁਪਏ, ਗਰੇਸ਼ੀਅਸ ਬੁਕਸ, ਅਰਬਨ ਐਸਟੇਟ, ਪਟਿਆਲਾ
**ਦੇਵ: ਸ਼ਬਦ ਅਕਾਰ** (ਆਲੋਚਨਾ) ਸੰਪਾਦਕ: ਡਾ. ਰਘਬੀਰ ਸਿੰਘ
ਪੰਨੇ 208, ਮੁੱਲ 500 ਰੁਪਏ, ਨਵਯੁਗ ਪਬਲਿਸ਼ਰਜ਼, ਹੌਜ਼ ਖਾਸ, ਨਵੀਂ ਦਿੱਲੀ
**ਪੇਰੀਆਰ ਰਚਨਾਵਲੀ** ਨਵੇਂ ਯੁੱਗ ਦਾ ਸੁਕਰਾਤ ਅਨੁਵਾਦਕ: ਡਾ. ਜਸਵੰਤ ਰਾਏ
ਪੰਨੇ 506, ਮੁੱਲ 650 ਰੁਪਏ, ਆਟਮ ਆਰਟ, ਪਟਿਆਲਾ
**ਕਹਾਣੀਕਾਰ ਲਾਲ ਸਿੰਘ: ਵਿਚਾਰਧਾਰਾ ਤੇ ਬਿਰਤਾਂਤ** ਸੰਪਾਦਕ: ਡਾ. ਕਰਮਜੀਤ ਸਿੰਘ
ਪੰਨੇ 320, ਮੁੱਲ 400 ਰੁਪਏ, ਪੰਜ ਆਬ ਪ੍ਰਕਾਸ਼ਨ, ਦੇਸ ਭਗਤ ਯਾਦਗਾਰ ਬਿਲਡਿੰਗ. ਜਲੰਧਰ
**ਰਵਿੰਦਰ ਰਵੀ ਦੇ ਕਾਵਿ-ਨਾਟਕ: ਸਮਾਜਵਾਦੀ ਦ੍ਰਿਸ਼ਟੀ ਤੋਂ** (ਆਲੋਚਨਾ) ਡਾ. ਇੰਦਰਜੀਤ ਕੌਰ:
ਪੰਨੇ 303, ਮੁੱਲ 600 ਰੁਪਏ, ਨੈਸ਼ਨਲ ਬੁੱਕ ਸ਼ਾਪ, ਚਾਂਦਨੀ ਚੌਕ. ਦਿੱਲੀ
**ਅਮਰਜੀਤ ਕੌਂਕੇ ਦੀ ਕਵਿਤਾ ਦੇ ਸਮਕਾਲੀ ਸਰੋਕਾਰ ਅਤੇ ਕਾਵਿ-ਜੁਗਤਾਂ** (ਆਲੋਚਨਾ) ਜਸਵੀਰ ਸਿੰਘ
ਪੰਨੇ 96, ਮੁੱਲ 200 ਰੁਪਏ,ਪ੍ਰਤੀਕ ਪਬਲੀਕਾਸ਼ਨਜ਼, ਪਟਿਆਲਾ
**ਤਲਵੰਡੀ ਸਲੇਮ ਨੂੰ ਜਾਂਦੀ ਸੜਕ** (ਪਾਸ਼ ਦੀ ਵਾਰਤਕ) ਸੰਕਲਨ ਤੇ ਸੰਪਾਦਨ: ਸੋਹਣ ਸਿੰਘ ਸੰਧੂ
ਪੰਨੇ 476+16, ਮੁੱਲ 495 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ
**ਮਹਿੰਦਰ ਸਾਥੀ ਦੀ ਕਾਵਿ ਸੰਵੇਦਨਾ** (ਆਲੋਚਨਾ) ਸੰਪਾਦਕ: ਜਸਵੀਰ ਸਿੰਘ
ਪੰਨੇ 176, ਮੁੱਲ 240 ਰੁਪਏ, ਰਹਾਉ ਪਬਲੀਕੇਸ਼ਨ, ਨਿਹਾਲ ਸਿੰਘ ਵਾਲਾ, ਮੋਗਾ
**ਸਮਾਜ ਤੇ ਸਭਿਆਚਾਰ ਦੀ ਗਾਥਾ** (ਲੇਖ ਸੰਗ੍ਰਹਿ) ਗੁਰਚਰਨ ਕੌਰ ਥਿੰਦ
ਪੰਨੇ 184, ਮੁੱਲ 300 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ

---


## 'ਸਿਰਜਣਾ' ਬਾਰੇ ਜਾਣਕਾਰੀ

| | |
|---|---|
| 1. ਪ੍ਰਕਾਸ਼ਨ ਸਥਾਨ | 225-ਬੀ, ਮਖਦੂਮਪੁਰਾ, ਜਲੰਧਰ |
| 2. ਪ੍ਰਕਾਸ਼ਨ ਕਾਲ | ਤ੍ਰੈਮਾਸਕ |
| 3. ਛਾਪਕ, ਪ੍ਰਕਾਸ਼ਕ ਤੇ ਮਾਲਕ | ਸੁਰਿੰਦਰ ਮੋਹਨ ਸਿੰਘ |
| 4. ਕੌਮੀਅਤ | ਭਾਰਤੀ |
| 5. ਪਤਾ | 225-ਬੀ, ਮਖਦੂਮਪੁਰਾ, ਜਲੰਧਰ |
| 6. ਸੰਪਾਦਕ | ਰਘਬੀਰ ਸਿੰਘ |
| 7. ਕੌਮੀਅਤ | ਭਾਰਤੀ (OCI) |
| 8. ਪਤਾ | 1728, ਸੈਕਟਰ 43-ਬੀ, ਚੰਡੀਗੜ੍ਹ |

ਮੈਂ ਸੁਰਿੰਦਰ ਮੋਹਨ ਸਿੰਘ, ਐਲਾਨ ਕਰਦਾ ਹਾਂ ਕਿ ਉਪਰੋਕਤ ਵੇਰਵਾ ਮੇਰੇ ਗਿਆਨ ਤੇ ਵਿਸ਼ਵਾਸ ਅਨੁਸਾਰ ਸਹੀ ਹੈ।

ਮਿਤੀ: 29 ਫਰਵਰੀ, 2024 ਦਸਤਖਤ: ਸੁਰਿੰਦਰ ਮੋਹਨ ਸਿੰਘ, ਪ੍ਰਕਾਸ਼ਕ

---

ਪ੍ਰਿੰਟਰ, ਪਬਲਿਸ਼ਰ ਤੇ ਮਾਲਕ ਸੁਰਿੰਦਰ ਮੋਹਨ ਸਿੰਘ ਨੇ ਸਿਰਜਣਾ ਪ੍ਰਿੰਟਰਜ਼ ਐਂਡ ਸਟੇਸ਼ਨਰਜ਼, ਸ਼ੋਅਰੂਮ ਨੰਬਰ 443, ਮਟੌਰ, ਸੈਕਟਰ 70, ਮੁਹਾਲੀ ਤੋਂ ਛਪਵਾ ਕੇ 225-ਬੀ, ਮਖਦੂਮਪੁਰਾ, ਜਲੰਧਰ ਤੋਂ ਪ੍ਰਕਾਸ਼ਤ ਕੀਤਾ।

ਸੰਪਾਦਕ: **ਰਘਬੀਰ ਸਿੰਘ** ਪ੍ਰਕਾਸ਼ਨ ਮਿਤੀ: 1 ਅਪਰੈਲ, 2024


---

ਇੰਗਲੈਂਡ ਵੱਸਦੇ ਸ਼ਾਇਰ ਗੁਰਨਾਮ ਢਿੱਲੋਂ
ਦਾ ਨਵਾਂ ਕਾਵਿ ਸੰਗ੍ਰਹਿ 'ਜੂਝਦੇ ਰਹੋ'




ਪ੍ਰਗਤੀਵਾਦੀ ਸੁਰ ਦਾ ਪ੍ਰਤਿਬੱਧ ਕਵੀ ਗੁਰਨਾਮ ਢਿੱਲੋਂ ਸਾਡੇ ਸਮਿਆਂ ਦਾ ਮਾਣਯੋਗ ਹਸਤਾਖਰ ਹੈ। ਉਸ ਦੀ ਸ਼ਾਇਰੀ ਵਿਚ ਜ਼ਿੰਦਗੀ ਨੂੰ ਰੁਸ਼ਨਾਉਣ ਦੀ ਚਾਹਤ ਝਲਕਦੀ ਹੈ। ਕਲਾ ਅਤੇ ਸਾਹਿਤ ਦੀ ਭੂਮਿਕਾ ਦੇ ਪ੍ਰਸੰਗ ਵਿਚ ਉਹ ਕਵਿਤਾ ਨੂੰ ਨਿੱਜੀ ਸੁਹਜ ਸੁਆਦ ਦੀ ਵਿਧਾ ਨਹੀਂ ਸਮਝਦਾ। ਉਸ ਦਾ ਜ਼ਿੰਦਗੀ ਪ੍ਰਤੀ ਨਜ਼ਰੀਆ ਬਹੁਤ ਸਪਸ਼ਟ ਅਤੇ ਇਨਕਲਾਬੀ ਸੁਰ ਵਾਲਾ ਹੈ।

ਪੰਨ 96 ਸੁੰਦਰ ਦਿੱਖ ਮੁੱਲ 150 ਰੁਪਏ

**ਸਪਤਰਿਸ਼ੀ ਪਬਲੀਕੇਸ਼ਨ,** ਚੰਡੀਗੜ੍ਹ

**SIRJANA** Literary Punjabi Quarterly Chandigarh

No. 212 ISSN 2455-1058 April-June 2024

Registered with the Registrar of Newspapers for India vide R.N. 10215/65


## ਨਵੀਂ ਪੀੜ੍ਹੀ ਦੇ ਸਮਰੱਥ ਕਹਾਣੀਕਾਰ ਹਰਪ੍ਰੀਤ ਸੇਖਾ ਦਾ ਨਵਾਂ ਕਹਾਣੀ ਸੰਗ੍ਰਹਿ 'ਲੂਣਦਾਨੀ'




ਹਰਪ੍ਰੀਤ ਸੇਖਾ ਕੈਨੇਡਾ ਵੱਸਦਾ ਨਵੀਂ ਪੋਚ ਦਾ ਗਲਪਕਾਰ ਹੈ। ਉਸਦੀਆਂ ਕਹਾਣੀਆਂ ਵਿਚ ਪਰਵਾਸੀ ਜੀਵਨ ਦੇ ਸਮਕਾਲੀ ਸਰੋਕਾਰਾਂ ਦਾ ਚਿਤਰਣ ਹੈ। ਉਹ ਪਾਠਕਾਂ ਨੂੰ ਨਵੀਂ ਪੀੜ੍ਹੀ ਦੀਆਂ ਮਾਨਸਿਕ ਗੁੰਝਲਾਂ, ਨਾਰੀ ਵੇਦਨਾ, ਬਰਾਬਰੀ ਦੇ ਸਰੋਕਾਰਾਂ ਦੇ ਸਨਮੁੱਖ ਕਰਦਾ ਹੈ। ਉਸ ਦੀਆਂ ਕਹਾਣੀਆਂ ਦੇ ਪ੍ਰਤੀਕਮਈ ਸਿਰਲੇਖ ਵਿਸ਼ੇ ਨੂੰ ਹੋਰ ਗਹਿਰਾਈ ਬਖ਼ਸ਼ਦੇ ਹਨ। ਕਹਾਣੀਆਂ ਦੀ ਬੁਣਤਰ ਬਹੁਤ ਸੰਘਣੀ ਅਤੇ ਕਸਵੀਂ ਹੈ। ਜਿਸ ਤਰ੍ਹਾਂ ਲੂਣਦਾਨੀ ਵਿਚ ਨਮਕ, ਮਿਰਚ, ਮਸਾਲਾ ਤੇ ਹਲਦੀ ਦੇ ਵੱਖ-ਵੱਖ ਖਾਨੇ ਹੁੰਦੇ ਹਨ, ਉਸੇ ਤਰ੍ਹਾਂ ਆਪਣੇ ਵਿਸ਼ਿਆਂ ਪੱਖੋਂ ਇਹ ਸੰਗ੍ਰਹਿ ਕਹਾਣੀਆਂ ਦੀ ਲੂਣਦਾਨੀ ਹੈ।

ਪੰਨੇ 128 ਸੁੰਦਰ ਦਿੱਖ ਮੁੱਲ 250 ਰੁਪਏ

ਨਵਯੁਗ ਪਬਲਿਸ਼ਰਜ਼, ਹੌਜ਼ ਖਾਸ, ਨਵੀਂ ਦਿੱਲੀ